# ਮਾਇਆ ਦਾ ਪ੍ਰਭਾਵ

## ਗਿ: ਮਾਨ ਸਿੰਘ ਝੌਰ ਦੇ ਚੋਣਵੇਂ ਲੇਖ



24

# ਮਾਇਆ ਦਾ ਪ੍ਰਭਾਵ

SIKHBOOKCLUB.COM

SIKHBOOKCLUB.COM

# ਮਾਇਆ ਦਾ ਪ੍ਰਭਾਵ

ਗਿ: ਮਾਨ ਸਿੰਘ ਝੌਰ ਦੇ

ਚੌਣਵੇਂ ਲੇਖ

SIKHBOOKCLUB.COM

ਪ੍ਰਕਾਸ਼ਕ-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

© ਪ੍ਰਕਾਸ਼ਕ

**Maaiya Da Prabaav**

*Selected Lectures of Giani Maan Singh Jhaur*

ISBN 81-7601-424-9

ਪਹਿਲੀ ਐਡੀਸ਼ਨ – ਅਪ੍ਰੈਲ 2002

ਮੁੱਲ : 60-00

ਸੰਪਾਦਕ :

ਗਿ. ਹਰਦੀਪ ਸਿੰਘ ਜੋ. ਨੰਦੇੜ

SIKHBOOKCLUB.COM

ਪ੍ਰਕਾਸ਼ਕ:-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਫੋਨ : (0183) 542346, 547974, 557973

ਫੈਕਸ : 91-183-557973

E.mail: csjs@jla.vsnl.net.in

Web site : www.csjs.com

Printing in India

*ਛਾਪਕ : ਜੀਵਨ ਪ੍ਰਿੰਟਰਜ਼, ਬਜ਼ਾਰ ਧੋਬੀਆਂ, ਅੰਮ੍ਰਿਤਸਰ। ਫੋਨ : 705003, 395774*

# ਦੋ ਸ਼ਬਦ

ਗੁਰੂ-ਪਾਤਿਸ਼ਾਹਾਂ ਨੇ ਗੁਰਬਾਣੀ ਦਾ ਅਮੋਲਕ ਖਜ਼ਾਨਾ ਮਨੁੱਖ-ਮਾਤਰ ਵਾਸਤੇ ਬਖਸ਼ਿਸ਼ ਕੀਤਾ, ਉਹ ਉਦੋਂ ਤੋਂ ਹੀ ਵਰਤਦਾ ਆ ਰਿਹਾ ਹੈ। ਲੋਕ-ਪ੍ਰਲੋਕ ਵਿਚ ਸਹਾਈ ਗੁਰਬਾਣੀ ਵਿਚ ਵਿਦਮਾਨ ਗੁਰਮਤਿ ਫਲਸਫੇ ਤੇ ਅਨੁਭਵ ਨੂੰ ਗੁਰੂ ਘਰ ਦੇ ਗ੍ਰੰਥੀ-ਪਾਠੀ-ਜਨ, ਗੁਰਮਤਿ, ਕੀਰਤਨੀਏਂ, ਲੈਕਚਰ ਕਰਨ ਵਾਲੇ ਗੁਰੂ ਪਿਆਰੇ, ਲਿਖਾਰੀ ਲੇਖਕ ਤੇ ਕਵੀ ਜਨ, ਸਟੀਕ- ਕਰਤਾ ਭਾਵ ਟੀਕਾਕਾਰ, ਕਥਾਕਾਰ ਤੇ ਵਖਿਆਨ ਦੇਣ ਵਾਲੇ ਗੁਰਮੁਖ ਪਿਆਰੇ ਆਪਣੇ-ਆਪਣੇ ਢੰਗ ਅਥਵਾ ਜੁਗਤ ਦਾ ਸਦਕਾ ਗੁਰੂ-ਪਿਆਰੀਆਂ ਸਿੱਖ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ। ਗੁਰੂ-ਘਰ ਦੇ ਪ੍ਰਵਾਨਿਤ ਵਖਿਆਨ ਦੇਣ ਵਾਲੇ ਕਥਾਕਾਰ ਗਿਆਨੀ ਮਾਨ ਸਿੰਘ ਜੀ ਝੌਰ ਗੁਰੂ-ਘਰ ਦੇ ਅਕਾਸ਼ ਦੇ ਐਸੇ ਹੀ ਇਕ ਟਿਮਟਿਮਾਉਂਦੇ ਤਾਰੇ ਕਹੇ ਜਾ ਸਕਦੇ ਹਨ। ਗਿਆਨੀ ਜੀ ਦੀ ਕਥਾ ਤੇ ਵਖਿਆਨ ਦਾ ਗੁਰੂ-ਕਿਰਪਾ ਸਦਕਾ ਮੌਲਿਕ ਢੰਗ ਰਿਹਾ ਹੈ। ਪਰਮ ਪਾਵਨ ਗੁਰਬਾਣੀ ਦੀ ਟੇਕ ਲੈਂਦਿਆਂ ਗੁਰੂ-ਘਰ ਦੇ ਚੋਟੀ ਦੇ ਸਰਵ ਪ੍ਰਵਾਨਿਤ ਵਿਦਵਾਨਾਂ, ਜੈਸੇ ਕਿ ਭਾਈ ਗੁਰਦਾਸ ਜੀ ਦਵਾਰਾ ਰਚੀਆਂ ਵਾਰਾਂ ਤੇ ਕਬਿੱਤ ਸਵੱਈਆਂ ਆਦਿ ਦੇ ਗੁਰਮਤੀ ਅੰਤਰੀਵ ਭਾਵ ਨੂੰ ਵੀ ਸਿੱਖ ਸੰਗਤਾਂ ਤਕ ਪਹੁੰਚਾਉਣਾ ਤੇ ਦ੍ਰਿੜ੍ਹਾਉਣਾ ਆਪ ਜੀ ਦੀ ਕਥਾ ਤੇ ਵਖਿਆਨ ਦਾ ਮੂਲ ਖਾਸਾ ਰਿਹਾ ਹੈ। ਉਨ੍ਹਾਂ ਦਾ ਵਿਆਪਕ ਜੀਵਨ-ਤਜਰਬਾ ਤੇ ਡੂੰਘਾ ਅਨੁਭਵ, ਉਰਦੂ ਦੀ ਚੋਣਵੀਂ ਸ਼ਾਇਰੀ ਦੀ ਵਾਕਫੀਅਤ ਤੇ ਵਿਭਿੰਨ ਸ੍ਰੋਤਾਂ ਤੋਂ ਹਾਸਲ ਕੀਤੀ ਕਥਾ-ਸਾਹਿਤ ਦੀ ਜਾਣਕਾਰੀ ਉਨ੍ਹਾਂ ਦੀ ਕਥਾ ਤੇ ਵਖਿਆਨ ਦਾ ਇਕ ਅਨਿੱਖੜ ਤੇ ਸਹਿਜ ਅੰਗ ਹੈ। ਗੁਰੂ ਸਾਹਿਬਾਨ ਤੇ ਗੁਰੂ-ਘਰ ਦੇ ਮਹਾਂ ਪ੍ਰੀਤਵਾਨ ਭੌਰਿਆਂ ਦੀ ਗੱਲ ਕਰਦਿਆਂ ਗਿਆਨੀ ਜੀ ਖਾਸ ਵਜਦ ਤੇ ਆਵੇਸ਼ ਵਿਚ ਵਿਚਰਨ ਲਗਦੇ ਹਨ ਤੇ ਉਨ੍ਹਾਂ ਦੀ ਮਾਖਿਓਂ ਵਰਗੀ ਮਿੱਠੀ ਜ਼ਬਾਨ ਵਿਚ ਹੋਰ ਮਿਠਾਸ ਆ ਜਾਂਦੀ ਹੈ। ਉਨ੍ਹਾਂ ਦਾ ਪਰਮ ਮਨੋਰਥ ਸਿੱਖ ਸੰਗਤ ਨੂੰ ਸਿੱਖੀ ਵਿਚ ਤ੍ਰਿਪਤ ਰਹਿਣ ਹਿੱਤ ਪ੍ਰੇਰਿਤ ਕਰਨਾ ਹੈ।

ਹੱਥਲੀ ਪੁਸਤਕ 'ਮਾਇਆ ਦਾ ਪ੍ਰਭਾਵ' ਵਿਚ ਉਨ੍ਹਾਂ ਦੇ ਬੋਲੇ ਕੁਝ ਪ੍ਰਮੁੱਖ ਲੈਕਚਰਾਂ ਦੀਆਂ ਕੈਸਟਾਂ ਦਾ ਉਤਾਰਾ ਹੈ ਜੋ ਮੈਂ ਹੂ-ਬ-ਹੂ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਉਨ੍ਹਾਂ ਦੇ ਸੱਤ ਲੈਕਚਰ ਮਾਇਆ ਦਾ ਪ੍ਰਭਾਵ, ਕਥਾ ਕੀਰਤਨ ਤੋਂ ਵੀ ਮਹਾਨ ਹੈ, ਨਿਗੁਰੇ ਨੂੰ ਪਾਪੀ ਕਿਉਂ ਆਖਿਆ?, ਤੇਗ਼ ਬਹਾਦਰ ਜੀ ਦੇ ਸੀਸ-ਧੜ ਦੀ ਗਾਥਾ, ਗੁਰੂ ਗੋਬਿੰਦ ਸਿੰਘ ਜੀ ਦੇ ਗੁਣ, ਮਨ ਨੂੰ ਸਮਝਾਉਣ ਦੇ ਉਪਾਅ, ਸਤਿਨਾਮ-ਵਾਹਿਗੁਰੂ ਦੀ ਪ੍ਰਾਪਤੀ ਕਿਵੇਂ ਹੋਵੇ? ਦਰਜ ਹਨ, ਤਾਂ ਜੋ ਪ੍ਰੇਮੀ-ਜਨ ਇਨ੍ਹਾਂ ਨੂੰ ਪੜ੍ਹ ਕੇ ਆਪਣਾ ਜੀਵਨ ਸਫਲਾ ਕਰ ਸਕਣ।

*-ਗਿਆਨੀ ਹਰਦੀਪ ਸਿੰਘ*

*ਨੰਦੇੜ*

# ਤਤਕਰਾ


ਮਾਇਆ ਦਾ ਪ੍ਰਭਾਵ ---------------------------------------- 5

ਕਥਾ ਕੀਰਤਨ ਤੋਂ ਵੀ ਮਹਾਨ ਹੈ ------------------------------16

ਨਿਗੁਰੇ ਨੂੰ ਪਾਪੀ ਕਿਉਂ ਆਖਿਆ? -------------------------- 27

ਤੇਗ ਬਹਾਦਰ ਜੀ ਦੇ ਸੀਸ-ਧੜ ਦੀ ਗਾਥਾ" -------------------41

ਗੁਰੂ ਗੋਬਿੰਦ ਸਿੰਘ ਜੀ ਦੇ ਗੁਣ ---------------------------- 54

ਮਨ ਨੂੰ ਸਮਝਾਉਣ ਦੇ ਉਪਾਅ ---------------------------- 65

ਸਤਿਨਾਮ-ਵਾਹਿਗੁਰੂ ਦੀ ਪ੍ਰਾਪਤੀ ਕਿਵੇਂ ਹੋਵੇ? ---------------- 79


SIKHBOOKCLUB.COM

# ਮਾਇਆ ਦਾ ਪ੍ਰਭਾਵ

ਗੁਰੂ ਕੀ ਪਰਮ ਸਤਿਕਾਰਯੋਗ ਸਾਧ-ਸੰਗਤਿ! ਗੁਰੂ ਕੇ ਖਾਸ ਰੂਪ ਖਾਲਸਾ ਸਾਹਿਬ, ਗੁਰਮੁਖ ਮਾਈ-ਭਾਈ, ਜੋ-ਜੋ ਸਾਹਿਬਾਂ ਦੇ ਪਵਿੱਤਰ ਦਰਬਾਰ ਵਿਚ ਹਾਜ਼ਿਰ ਹੋਏ ਹੋ, ਸਭ ਆਪਾਂ ਰਲ-ਮਿਲ ਕੇ ਆਪਣੇ ਭਾਗ ਸਵੱਲੇ ਸਮਝੀਏ!

'ਮਾਨ ਸਿੰਘ ਜੀ ਝੋਰ ਕਹਿੰਦੇ ਨੇ, ਕਿ ਬੜਾ ਖਤਰਨਾਕ ਸਮਾਂ ਜਾ ਰਿਹਾ ਹੈ। ਅਸੀਂ ਇਸ ਨੂੰ ਮਹਿਸੂਸ ਕਰੀਏ ਤੇ ਭਾਵੇਂ ਨਾ ਕਰੀਏ! ਕਹਿੰਦੇ ਮੇਰੇ ਵਰਗੇ ਆਦਮੀ ਜਿਹੜੇ ਬੁੱਢੇ ਸਨ, ਉਹ ਕਹਿੰਦੇ ਹੁੰਦੇ ਸਨ ਕਿ ੧੫ ਹਾੜ ਨੂੰ ਮੀਂਹ ਪੈਣਾ ਹੀ ਹੈ। ਉਹਨਾ ਦਾ ਇੰਨ੍ਹਾ ਦ੍ਰਿੜ ਵਿਸ਼ਵਾਸ ਹੁੰਦਾ ਸੀ ਕਿ ਮੀਂਹ ਪੈ ਹੀ ਜਾਂਦਾ ਸੀ। ਜਿੰਨਾ ਚਿਰ ਹਾੜ ਦੇ ਦਿਨ ਨਾ ਵੇਖ ਲੈਣ ਓਨਾ ਚਿਰ ਪੁਰਾਣੇ ਬਜ਼ੁਰਗ ਕਣਕ ਨਹੀਂ ਸੀ ਘਰ ਲਿਆਂਦੇ। ਔਰ ਹੁਣ 'ਪੰਜਾਬ' ਦਾ ਵਾਯੂਮੰਡਲ ਇੰਨਾ ਬਦਲ ਗਿਆ ਹੋਇਆ ਹੈ ਕਿ ਇਸ ਦੇ ਨਾਲ-ਨਾਲ ਖਿਆਲਾਤ ਬਦਲ ਗਏ ਹੋਏ ਨੇ, ਰਹਿਣ-ਸਹਿਣ ਬਦਲ ਗਿਆ ਹੋਇਆ ਹੈ, ਲਿਬਾਸ ਬਦਲ ਗਏ ਹੋਏ ਨੇ। ਇਥੋਂ ਤੱਕ ਵੀ ਕਿ ਸਾਡਾ ਫਿਰਨਾ-ਤੁਰਨਾ ਬਦਲ ਗਿਆ ਹੋਇਆ ਹੈ। ਇਹ ਸਭ ਮਾਇਆ ਦੇ ਦਾਉ-ਭਾਉ ਨੇ! ਇਹ ਸਭ ਮਾਇਆ ਦੀਆਂ ਹੇਰਾ-ਫੇਰੀਆਂ ਨੇ। ਉਹਨੇ ਐਸਾ ਪ੍ਰਭਾਵ ਪਾਇਆ ਹੋਇਆ ਹੈ ਕਿ ਉਸਨੇ ਮਨੁੱਖਾਂ ਦੀਆਂ ਧਾਰਮਿਕ ਰੁਚੀਆਂ ਕਮਜ਼ੋਰ ਕਰ ਦਿੱਤੀਆਂ ਹੋਈਆਂ ਨੇ। ਇਹੋ ਜਿਹੇ ਔਖੇ, ਖਤਰਨਾਕ ਜ਼ਮਾਨੇ ਵਿੱਚ ਤੁਹਾਡੇ ਵਰਗੇ ਕੁੱਝ ਸ਼ਰਧਾਲੂ ਸੱਜਣਾਂ ਦਾ ਗੁਰੂ ਕਾ ਬਚਨ ਸੁਣਨ ਵਾਸਤੇ ਇਕ ਧਾਰਮਿਕ ਸਥਾਨ ਤੇ ਇੱਕਠੇ ਹੋ ਜਾਣਾ, ਇਹ ਇਕ ਮੌਜੂਦਾ ਹੈ। ਮੈਂ ਤੁਹਾਡੇ ਇਨ੍ਹਾਂ ਪ੍ਰਭਾਵਾਂ ਦੇ ਸਦਕਾ ਇਕ ਪ੍ਰਕਰਣ ਸ਼ੁਰੂ ਕੀਤਾ ਹੈ ਜਿਸ ਦਾ ਇਸ਼ਾਰਾ 'ਗੁਰੂ ਗੋਬਿੰਦ ਸਿੰਘ' ਵਲ ਹੈ, ਕਿ ਜਿਸ ਨੇ ਸਾਨੂੰ ਭੁੱਲਿਆ ਹੋਇਆਂ ਨੂੰ ਰਸਤਾ ਦੱਸਿਆ, ਇਹੋ ਜਿਹਾ ਗੁਰੂ ਬੜੇ ਵੱਡੇ ਭਾਗਾਂ ਨਾਲ ਮਿਲਦਾ ਹੈ।

*"ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥"* *(ਪੰਨਾ ੮੦੪)*

ਸਾਡਾ ਮਨ ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ, ਮੋਹ ਵਿਚ ਲੀਨ ਹੋਇਆ ਪਿਆ ਹੈ। ਜਿਹੜੀਆਂ ਚੀਜ਼ਾਂ ਨਹੀਂ ਰਹਿਣੀਆਂ ਮਨੁੱਖ ਉਹਨਾਂ ਵਿਚ ਹੀ ਫਸਿਆ ਹੋਇਆ ਹੈ। ਇਕ-ਮਿੱਕ ਹੋਇਆ ਹੈ। ਨਾ ਪਰਮਾਰਥ ਦਾ ਖਿਆਲ ਹੈ ਤੇ ਨਾ ਹੀ ਸੱਚੇ-ਸੁੱਚੇ ਕਾਰ-ਵਿਹਾਰ ਦਾ ਖਿਆਲ ਹੈ। ਕੇਵਲ ਇਕ ਨੁਕਤਾ ਸਾਹਮਣੇ ਰਹਿ ਗਿਆ ਹੈ ਕਿ ਦੁਨੀਆਂ ਦੀ ਦੌਲਤ,

ਦੁਨੀਆਂ ਦਾ ਧਨ ਦੁਨੀਆਂ ਦਾ ਪਦਾਰਥ ਇਕੱਠੇ ਕਰੋ। ਕਿਉਂਕਿ ਜੋ ਕੁੱਝ ਹੈ ਸਭ ਕੁੱਝ ਇਹੋ ਹੀ ਹੈ। ਗੁਰਮੁਖ ਪਿਆਰਿਓ! ਇਹੋ ਜਿਹੇ ਸਾਡੇ ਭੁੱਲੇ ਹੋਇਆਂ ਨੂੰ, ਜਿਸ ਨੇ ਸਾਡੇ ਬੰਧਨ ਕੱਟ ਦਿੱਤੇ:

*"ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ॥"*

*(ਪੰਨਾ ੮੦੪)*

ਅਰਥਾਤ ਸਾਡੇ ਬੰਧਨ ਕੱਟ ਦਿੱਤੇ। ਇਹਨਾਂ ਚੋਂ ਸਾਡੀ ਖਲਾਸੀ ਕਰਾ ਦਿੱਤੀ। ਔਰ ਖਲਾਸੀ ਦਾ ਸੌਖਾ ਤਰੀਕਾ ਦੱਸਿਆ ਹੈ 'ਸਾਧ-ਸੰਗਤਿ'! 'ਮਾਨ ਸਿੰਘ ਜੀ ਝੋਰ' ਕਹਿੰਦੇ ਨੇ, ਮੈਂ ਅੱਗੇ ਵੀ ਕਿਹਾ ਸੀ ਲੇਕਿਨ ਫਿਰ ਇਕ ਵੇਰਾਂ ਕਹਿਣ ਲੱਗਾ ਹਾਂ ਕਿ ਮੈਂ ਕਥਾ ਨੂੰ, ਕੀਰਤਨ ਨੂੰ, 'ਗੁਰੂ ਗ੍ਰੰਥ ਸਾਹਿਬ' ਦੇ ਪਾਠ ਨੂੰ ਜਾਂ ਅਖੰਡ ਪਾਠ ਕਰਨ ਨੂੰ ਕਦੇ ਆਰਟ ਨਹੀਂ ਆਖਿਆ। ਬਲਕਿ ਇਹ ਸ਼ਬਦ ਮੈਨੂੰ ਚੁਭਦਾ ਹੈ ਤੇ ਬੜਾ ਸਾੜ ਦੇਣ ਵਾਲਾ ਲੱਗਦਾ ਹੈ ਕਿ ਗੁਰੂ ਦਾ ਪਾਠ ਕਰਨਾ ਆਰਟ ਹੈ, ਇਹ ਇਕ ਕਲਾ ਹੈ! ਐਕਟਰ ਲੋਕਾਂ ਦਾ ਤੇ ਕੁਝ ਕਹਿਣਾ ਕਲਾ ਹੋਵੇਗਾ, ਪਰ ਗੁਰਮਤਿ ਦੇ ਅਨੁਸਾਰ 'ਗੁਰੂ ਗ੍ਰੰਥ ਸਾਹਿਬ' ਜੀ ਦਾ ਸਾਧਾਰਣ ਪਾਠ, ਕੀਰਤਨ ਜਾਂ ਕਥਾ, ਇਹ ਸਿਮਰਨ ਹੈ, ਇਹ ਅਭਿਆਸ ਹੈ। ਕਥਾ ਔਰ ਕੀਰਤਨ ਦਾ, ਦਸਵੇਂ ਪਾਤਸ਼ਾਹ ਦਾ ਇਕ ਬਚਨ ਹੈ, ਜੋ ਮੈਂ ਤੁਹਾਨੂੰ ਸੁਣਾ ਸਕਦਾ ਹਾਂ। ਸਾਹਿਬਾਂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਜਾਲ ਵਿਚੋਂ ਬਚਣ ਦਾ ਤਰੀਕਾ ਸਾਧ-ਸੰਗਤਿ ਦੱਸਿਆ ਹੈ। ਔਰ ਸਾਧ-ਸੰਗਤਿ ਵਿਚੋਂ ਉਪਾਅ ਇਹ ਦੱਸਿਆ ਹੈ :

*"ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥"*

ਸ਼੍ਰੋਮਣੀ ਕਰਮ ਹੈ ਸੰਗਤ ਵਿਚ ਬੈਠ ਕੇ ਕੀਰਤਨ ਕਰਨਾ ਜਾਂ ਕੀਰਤਨ ਸੁਣਨਾ-

*"ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥੮॥*

*(ਪੰਨਾ ੬੪੨)*

ਕਥਾ ਸੁਣਨੀ, ਕੀਰਤਨ ਸੁਣਨਾ, ਔਰ ਕਰਨਾ ਇਹ ਉਹਨੂੰ ਹਾਸਿਲ ਹੈ ਜਿਸ ਦੇ ਪਹਿਲੇ ਕਰਮ ਚੰਗੇ ਨੇ! ਜਿਸ ਦੇ ਪਹਿਲੇ ਸੰਸਕਾਰ ਕਿਤੇ ਚੰਗੇ ਨੇ!

*ਤੇਰੋ ਸੇਵਕੁ ਇਹ ਰੰਗਿ ਮਾਤਾ॥*

*ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥*

*(ਪੰਨਾ ੬੪੨)*

ਵਾਹਿਗੁਰੂ ਦਾ ਸੇਵਕ ਕਥਾ ਔਰ ਕੀਰਤਨ ਵਿਚ ਮਸਤ ਰਹਿੰਦਾ ਹੈ, ਰਚਿਆ ਰਹਿੰਦਾ ਹੈ। ਹਰਿ ਵਾਹਿਗੁਰੂ ਦੇ ਕੀਰਤਨ ਵਿਚ ਉਹਦਾ ਮਨ ਭਿੱਜ ਜਾਂਦਾ ਹੈ। ਉਹਦਾ ਮਨ

ਰੰਗਿਆ ਜਾਂਦਾ ਹੈ। ਔਰ ਐਸਾ ਰੰਗ ਚੜ੍ਹਦਾ ਹੈ, ਫਿਰ ਉਮਰ ਭਰ ਉਤਰਦਾ ਨਹੀਂ। ਉਹਦੀ ਮਸਤੀ ਉਸ ਰੰਗ ਵਿਚ ਰੰਗੀ ਹੋਈ ਔਖੇ ਤੋਂ ਔਖੇ ਕਾਰਜ ਸੌਖੀ ਬਣਾ ਦਿੰਦੀ ਹੈ। ਜਿਸ 'ਗੁਰੂ ਤੇਗ ਬਹਾਦੁਰ' ਮਹਾਰਾਜ ਦਾ ਜ਼ਿਕਰ ਏਸ ਕਰਕੇ ਨਹੀਂ ਸੀ ਕੀਤਾ ਕਿ ਮੈਂ ਉਹਨਾਂ ਦੀ ਜੀਵਨੀ ਕਹਿ ਰਿਹਾ ਹਾਂ। ਬਲਕਿ ਜ਼ਿਕਰ ਦਾ ਅਸਲ ਸੰਬੰਧ 'ਗੁਰੂ ਗੋਬਿੰਦ ਸਿੰਘ' ਨਾਲ ਸੀ, ਕਿ ਜਿਸ ਗੁਰੂ ਗੋਬਿੰਦ ਸਿੰਘ ਸਾਹਿਬ' ਨੇ ਨੌਂ ਬਰਸ ਦੀ ਉਮਰ ਵਿਚ ਆਪਣੇ ਪਿਤਾ ਦਾ ਦਾਨ ਕਰ ਦਿੱਤਾ। ਆਪਣੇ ਇਤਿਹਾਸ ਨੂੰ ਜ਼ਰਾ ਕੁ ਫੋਲੋ। ਜਿਸ ਦਿਨ 'ਗੁਰੂ ਤੇਗ ਬਹਾਦਰ ਸਾਹਿਬ' ਸੱਚੇ ਪਾਤਸ਼ਾਹ ਦਾ ਅਵਤਾਰ ਹੋਇਆ, ਉਸ ਦਿਨ 'ਹਰਿਗੋਬਿੰਦ ਸਾਹਿਬ' 'ਮੀਰੀ-ਪੀਰੀ' ਦੇ ਮਾਲਿਕ ਸ੍ਰੀ ਹਰਿਮੰਦਰ ਸਾਹਿਬ ਬੈਠੇ ਹੋਏ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਤਾਂ ਪੰਜਵੇਂ ਬਾਲਕ ਦੇ ਉਤਪੰਨ ਹੋਣ ਦੀ ਖਬਰ ਪਹੁੰਚੀ। ਜਦੋਂ ਉਹਨਾਂ ਇਹ ਖਬਰ ਸੁਣੀ ਤਾਂ ਉਹਨਾਂ ਆਪਣੀ ਸਮਾਧੀ ਤੋੜੀ ਨਹੀਂ। ਔਰ ਜੇ ਅਸੀਂ ਹੁੰਦੇ ਤਾਂ ਅਸੀਂ ਸਭ ਕੰਮ ਛੱਡ ਕੇ, ਸੰਗਤ ਛੱਡ ਕੇ, ਹਰਿਮੰਦਰ ਭੁੱਲ ਕੇ, ਛਾਲਾਂ ਮਾਰਦੇ ਘਰ ਨੂੰ ਆਉਂਦੇ! ਪਰ ਗੁਰੂ ਜੀ ਨੇ ਪੂਰੀ ਕਥਾ ਸੁਣੀ, ਪੂਰਾ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਤੇ ਪ੍ਰਸ਼ਾਦਿ ਲੈ ਕੇ ਤੇ ਫਿਰ ਸਿੱਖਾਂ ਸਮੇਤ ਗੁਰੂ ਕੇ ਮਹਿਲੀਂ ਆਏ। ਦਸਾਂ ਗੁਰੂ ਸਾਹਿਬਾਂ ਵਿਚੋਂ ਕੇਵਲ 'ਗੁਰੂ ਤੇਗ ਬਹਾਦਰ' ਸਨ ਜਿਨ੍ਹਾਂ ਦਾ ਅਵਤਾਰ ਅੰਮ੍ਰਿਤਸਰ ਵਿਚ ਹੋਇਆ ਸੀ। ਔਰ ਨੌਂ ਸਾਢੇ ਨੌਂ ਬਰਸ ਦੀ ਉਮਰ ਆਪ ਨੇ ਅੰਮ੍ਰਿਤਸਰ ਵੀ ਗੁਜ਼ਾਰੀ। 'ਹਰਿਗੋਬਿੰਦ ਸਾਹਿਬ' ਆਏ, ਬਾਲਕ ਦਾ ਦਰਸ਼ਨ ਕੀਤਾ। ਆਪ ਪਿਤਾ ਹੈ ਔਰ ਇਹ ਪੰਜਵਾਂ ਬਾਲਕ ਹੈ ਤੇ ਸਾਹਿਬ 'ਸ੍ਰੀ ਗੁਰੂ ਹਰਿਗੋਬਿੰਦ ਸਾਹਿਬ' ਨੇ ਨਵੇਂ ਬਾਲਿਕ ਨੂੰ ਮੱਥਾ ਟੇਕਿਆ। ਸਿਰ ਝੁਕਾਅ ਕੇ ਮੱਥਾ ਟੇਕਿਆ।

'ਮਾਨ ਸਿੰਘ ਜੀ ਝੌਰ' ਕਹਿੰਦੇ ਨੇ, ਮੈਂ ਹੁਣ ਵੀ ਵੇਖਣਾ ਹਾਂ ਜਿਸ ਵੇਲੇ ਸਾਡੇ ਗ੍ਰੰਥੀ ਸਾਹਿਬ ਮਹਾਰਾਜ ਇਹ ਕਹਿੰਦੇ ਨੇ ਨਾ:

*"ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭੱਲਾ॥"*

ਤੇ ਮੈਂ ਬਹੁਤੇ ਸੱਜਣ ਖਾਸ ਤੌਰ ਤੇ ਨੌਜਵਾਨ ਮੁੰਡੇ ਮੱਥਾ ਟੇਕਦੇ ਵੇਖਦਾ ਹਾਂ, ਕਹਿੰਦੇ ਨੇ: "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥"

ਇਉਂ ਲਾ ਕੇ ਮੱਥਾ ਸੁੱਟਿਆ, ਸਿਰ ਤੋਂ ਵਗਾਹ ਕੇ ਜਿਵੇਂ ਚੌਦਾਂ ਮਨ ਭਾਰ ਹੁੰਦਾ ਹੈ। ਸਕਿੰਟ ਕੁ ਨਹੀਂ ਟਿਕਿਆ ਮਸਤਕ ਜ਼ਮੀਨ ਨਾਲ। ਇਹ ਮਾਂ-ਬਾਪ ਦੀ ਕਮਜ਼ੋਰੀ ਹੈ, ਜਿਨ੍ਹਾਂ ਨੇ ਬੱਚੇ ਨੂੰ ਨਮਸ਼ਕਾਰ ਕਰਨ ਦੀ ਜਾਚ ਹੀ ਨਹੀਂ ਸਿਖਾਈ। ਖ਼ੈਰ! ਭਾਈ 'ਬਿੱਧੀ ਚੰਦ' ਨਾਲ ਸਨ। ਹਰਿਗੋਬਿੰਦ ਸਾਹਿਬ ਦਾ ਅਲੌਕਿਕ ਕੌਤਕ ਵੇਖ ਕੇ ਕਿ ਪਿਤਾ ਹੋ ਕੇ ਪੁੱਤਰ ਨੂੰ ਮੱਥਾ ਟੇਕਿਆ। ਬਿੱਧੀ ਚੰਦ ਨੇ ਉਸੇ ਵਕਤ ਸਵਾਲ ਕੀਤਾ, ਕਿ ਇਹ ਪੁਰਾਣੀ ਸਾਡੀ ਮਰਿਯਾਦਾ

ਹੈ ਕਿ ਕੋਈ ਗੱਲ ਅੰਦਰ ਰੱਖ ਕੇ ਸਾਝਾ ਨਹੀਂ ਸੀ ਬਣਾਉਂਦੇ ਸਿੱਖ, ਉਹ ਗੱਲ ਕਹਿ ਦਿੰਦੇ ਸਨ।

*"ਤਬ ਗੁਰ ਸਿਸ ਕੋ ਬੰਧਨਾ,*

ਸਿੱਸ ਦਾ ਅਰਥ ਹੈ ਬੱਚਾ! ਹਰਿਗੋਬਿੰਦ ਸਾਹਿਬ ਨੇ ਆਪਣੇ ਬੱਚੇ ਨੂੰ ਨਮਸ਼ਕਾਰ ਕੀਤੀ।

*"ਤਬ ਗੁਰ ਸਿੱਸ ਕੋ ਬੰਧਨਾ ਕਰੀ ਸੋ ਅੱਤ ਹਿੱਤ ਲਾਇ,*

*ਬਿਧਿਆ ਕਹੈ ਕੱਸ ਬਿਨਤ ਕੀ।"*

ਬਿੱਧੀਆ ਨੇ ਉਸੇ ਵੇਲੇ ਸਵਾਲ ਕਰ ਦਿੱਤਾ, ਹਰਿਗੋਬਿੰਦ ਜੀ! ਪਿਤਾ ਹੋ ਕੇ ਤੁਸੀਂ ਪੁੱਤਰ ਨੂੰ ਮੱਥਾ ਟੇਕਿਆ ਜੇ! ਇਹ ਮਰਿਯਾਦਾ ਦੇ ਉਲਟ ਹੈ। ਬਲਕਿ ਮੈਨੂੰ ਚੰਗੀ ਤਰ੍ਹਾਂ ਸਮਝਾਉ ਕਿ ਪਿਤਾ ਹੁੰਦਿਆਂ ਹੋਇਆਂ ਇਸ ਪੰਜਵੇਂ ਕਾਕੇ ਨੂੰ ਨਮਸ਼ਕਾਰ ਕਿਉਂ ਕੀਤੀ? ਇਕ ਬਚਨ ਹੋਰ ਵੀ ਸਾਰੇ ਯਾਦ ਰੱਖਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਸੱਚਾ ਪਾਤਸ਼ਾਹ ਬਾਬੇ ਗੁਰਦਿੱਤੇ ਨੂੰ ਪੁੱਤ ਗੁਰਦਿੱਤਾ ਨਹੀਂ ਸੀ ਕਹਿੰਦੇ, ਬਾਬਾ ਗੁਰਦਿੱਤਾ ਹੀ ਕਹਿੰਦੇ ਸਨ। ਬਾਪ ਹੁੰਦਿਆਂ ਹੋਇਆਂ ਬੇਟੇ ਨੂੰ ਬਾਬਾ ਕਹਿੰਦੇ ਨੇ। ਫਿਰ ਹਰਿਗੋਬਿੰਦ ਸਾਹਿਬ ਨੇ ਬਿੱਧੀ ਦੇ ਸਵਾਲ ਪੁੱਛਣ ਤੇ ਜਵਾਬ ਦਿੱਤਾ ਸੀ ਕਿ ਇਨ੍ਹਾਂ ਨੇ ਇਕ ਗੁਰੂ ਦੇ ਪਿਤਾ ਸਦਵਾਉਣਾ ਹੈ, ਗੁਰੂ ਦੇ ਪਿਤਾ। ਹਰਿ-ਰਾਇ ਸਾਹਿਬ ਦਾ ਅਵਤਾਰ ਬਾਬੇ ਗੁਰਦਿੱਤੇ ਦੇ ਘਰ ਹੋਣਾ। ਇਹਨੇ ਇਕ ਗੁਰੂ ਦੇ ਪਿਤਾ ਬਣਨਾ ਹੈ। ਇਸ ਕਰਕੇ ਮੈਂ ਇਨ੍ਹਾਂ ਦਾ ਆਦਰ ਕਰਕੇ ਇਨ੍ਹਾਂ ਨੂੰ ਬਾਬਾ ਜੀ ਕਹਿੰਦਾ ਹਾਂ। ਔਰ ਜਿਸ ਵੇਲੇ ਬਿੱਧੀਏ ਨੇ ਫਿਰ ਬੇਨਤੀ ਕੀਤੀ ਕਿ ਮੈਨੂੰ ਚੰਗੀ ਤਰ੍ਹਾਂ ਪਿਆਰ ਨਾਲ ਸਮਝਾਉ ਕਿ ਤੁਸਾਂ ਆਪਣੇ ਪੰਜਵੇਂ ਕਾਕੇ ਨੂੰ ਕਿਉਂ ਮੱਥਾ ਟੇਕਿਆ! ਪਿਤਾ ਹੁੰਦਿਆਂ ਹੋਇਆਂ। ਔਰ ਸਾਹਿਬ ਸੱਚੇ ਪਾਤਸ਼ਾਹ ਨੇ ਤਿੰਨ ਸ਼ਬਦ ਬੋਲੇ ਸਨ:

*"ਤ੍ਰਿਰੰਡ, ਆਖੰਡ, ਮਹਾਂ ਪ੍ਰਚੰਡ।"*

ਐ ਭਾਈ ਬਿੱਧੀ ਚੰਦ ਜੀ! ਇਹ ਕੁਕਰਮੀਏ ਨੂੰ, ਦੁਰਾਚਾਰੀਆਂ ਨੂੰ ਦੰਡ ਦੇਣਗੇ! ਆਖੰਡ ਅਰਥਾਤ ਕਿੰਨੀ ਮੁਸੀਬਤ ਆ ਜਾਵੇ ਅਡੋਲ ਰਹਿਣਗੇ। ਪ੍ਰਚੰਡ ਅਰਥਾਤ ਇਹ ਸੱਤਵੇਂ ਤਾਲੇ ਦੇ ਅੰਦਰ ਬੰਦ ਹੋਏ ਵੀ ਲੁਕ ਨਹੀਂ ਸਕਦੇ, ਇਹ ਮਸ਼ਹੂਰ ਰਹਿਣਗੇ, ਇਹ ਪਰਗਟ ਰਹਿਣਗੇ। ਇਨ੍ਹਾਂ ਵਿਚ ਬੜੇ ਗੁਣ ਨੇ, ਇਸ ਕਰਕੇ ਮੈਂ ਸਿਰ ਝੁਕਾਇਆ। ਔਰ ਸਾਹਿਬ 'ਗੁਰੂ ਹਰਿਗੋਬਿੰਦ ਸਾਹਿਬ' ਨੇ ਗੁਰੂ ਤੇਗ ਬਹਾਦਰ ਵਾਸਤੇ ਅਰਦਾਸ ਕੀਤੀ ਸੀ, ਹੇ ਨਾਨਕ ਜੀ! ਏਸ ਬਾਲਿਕ ਨੂੰ ਬਦੀ ਦੇ ਸਾਹਮਣੇ ਅੱੜ ਖਲੋਣ ਦੀ ਸ਼ਕਤੀ, ਬਦੀ ਨਾਲ ਟਕਰਾਉਣ ਦਾ ਬਲ ਤੇ ਆਖਰੀ ਸਵਾਸਾਂ ਤੱਕ ਜੂਝਣ ਦੀ ਤਾਕਤ ਬਖਸ਼ੋ। ਤੇ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਦੀ ਕੀਤੀ ਹੋਈ ਅਰਦਾਸ ਅਠਾਰ੍ਹਾਂ ਆਨੇ ਪੂਰੀ ਉਤਰੀ। ਉਹਨਾਂ

ਦੀ ਅਰਦਾਸ ਇੰਨੀ ਪਰਵਾਨ ਹੋਈ ਕਿ 'ਤੇਗ ਬਹਾਦਰ ਸਾਹਿਬ' ਆਖਰੀ ਸਵਾਸਾਂ ਤੱਕ ਵੀ ਜੂਝੇ। ਬਦੀ ਸਾਹਮਣੇ ਡੱਟੇ। ਧੰਨ 'ਗੁਰੂ ਗੋਬਿੰਦ ਸਿੰਘ ਸਾਹਿਬ' ਉਹਨਾਂ ਨੇ ਬਚਿੱਤਰ ਨਾਟਕ ਵਿਚ ਜ਼ਿਕਰ ਕੀਤਾ ਹੈ ਕਿ ਇਕ-ਇਕ ਗੁਰੂ ਦਾ ਨਾਮ ਇਕ-ਇਕ ਤੁੱਕ ਵਿਚ ਗਿਣੀ ਗਏ ਨੇ! ਸਗੋਂ ਕਈ ਤੁੱਕਾਂ ਵਿਚ ਦੋ ਗੁਰੂ ਦਾ ਨਾਮ ਵੀ ਆ ਗਿਆ ਹੈ। ਪਰ ਜਦੋਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਜ਼ਿਕਰ ਆਇਆ ਨਾ ਤਾਂ ਉਦੋਂ ਸਰਕਾਰ ਨੇ ਬਾਰ੍ਹਾਂ ਤੁਕਾਂ ਲਿਖੀਆਂ ਨੇ। ਸਾਹਿਬ ਕਹਿੰਦੇ ਨੇ:

*"ਹਰਿਗੋਬਿੰਦ ਹਰਿ ਸਿਉ ਮਿਲ ਗਏ, ਹਰਿਗੋਬਿੰਦ ਪ੍ਰਭ ਲੋਕ।*

ਉਹਨਾਂ ਦੀ ਥਾਂ 'ਸ੍ਰੀ ਹਰਿ-ਰਾਇ ਸਾਹਿਬ ਸੱਚਾ ਪਾਤਸ਼ਾਹ' ਬਿਰਾਜੇ।

ਇਹ ਸਿਲਸਿਲਾ ਸਾਰਾ ਗਿਣਦੇ-ਗਿਣਦੇ;

ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ॥
ਤਿਨ ਤੇ ਤੇਗ ਬਹਾਦੁਰ ਭਏ॥ ੧੨॥
ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸ ਦੀਆ ਪਰ ਸੀ ਨਾ ਉਚਰੀ॥ ੧੩॥
ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥ ੧੪॥
ਦੋਹਰਾ॥ ਠੀਕਰਿ ਫੋਰਿ ਦਿਲੀਸਿ ਸਿਰਿ
ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ,
ਕਰੀ ਨਾ ਕਿਨਹੂੰ ਆਨ॥ ੧੫॥
ਤੇਗ ਬਹਾਦਰ ਕੇ ਚਲਤ,
ਭਯੋ ਜਗਤ ਕੋ ਸੋਕ॥

ਹੈ ਹੈ ਹੈ ਸਭ ਜਗ ਭਯੋ,

ਜੈ ਜੈ ਜੈ ਸੁਰ ਲੋਕ॥ ੧੬॥

(ਬਚਿੱਤ੍ਰ ਨਾਟਕ)

ਬਾਰ੍ਹਾਂ ਤੁਕਾਂ ਲਿਖੀਆਂ ਨੇ 'ਸ੍ਰੀ ਗੁਰੂ ਤੇਗ ਬਹਾਦਰ' ਵਾਸਤੇ। ਜਿਨ੍ਹਾਂ ਨੇ ਲਾਸਾਨੀ ਕੁਰਬਾਨੀ ਕੀਤੀ। ਕਹਿੰਦੇ ਨੇ ਔਰੰਗਜ਼ੇਬ ਸੀ ਤੇ ਇਕ ਸੈਫ ਅਲੀ ਖਾਂ ਸੀ। ਔਰੰਗਜ਼ੇਬ ਨੇ ਤਖਤ ਉਤੇ ਆਉਂਦਿਆਂ ਹੀ ਉਸ ਨੂੰ ਸੁੱਲਾ ਭੁੱਲ ਜਿਹਾ ਜਾਣ ਕੇ ਉਹਦੇ ਔਹਦੇ ਤੋਂ ਹਟਾ ਕੇ ਬਾਰ੍ਹਾਂ ਪਿੰਡਾਂ ਦੀ ਜਾਗੀਰ ਦੇ ਕੇ ਬੜੇ ਉਜੜੇ ਜਿਹੇ ਇਲਾਕੇ ਵਿੱਚ ਉਥੋਂ ਦਾ ਉਹਨੂੰ ਮਾਲਿਕ ਬਣਾ ਦਿੱਤਾ। ਲੇਕਿਨ ਉਹ ਖੁਦਾ-ਪ੍ਰਸਤ ਆਦਮੀ ਸੀ, ਰੱਬ ਦੀ ਹੋਂਦ ਨੂੰ ਮੰਨਣ ਵਾਲਾ ਸੀ, ਫਕੀਰਾਂ-ਦਰਵੇਸ਼ਾਂ ਦਾ ਸਤਿਸੰਗੀ ਸੀ ਤੇ ਬੜਾ ਮਿਹਨਤ ਕਰਨ ਵਾਲਾ ਆਦਮੀ ਸੀ। ਉਹਦੀ ਮਿਹਨਤ ਦੇ ਸਦਕਾ ਹੀ ਉਹ ਇਲਾਕਾ ਐਂ----ਹਰਿਆ-ਭਰਿਆ ਹੋ ਗਿਆ। ਸੈਫ ਅਲੀ ਖਾਂ ਨੇ ਉਥੇ ਬੜਾ ਸੁੰਦਰ ਇਕ ਬਾਗ ਵੀ ਲਾਇਆ। ਇਕ ਉਥੇ ਫਕੀਰਾਂ ਦੀ ਮਹਿਫਲ ਜਿਹੀ ਬਣ ਗਈ। ਰਾਤ ਨੂੰ ਰੱਬ ਦੇ ਪਿਆਰੇ ਇਕੱਠੇ ਹੁੰਦੇ ਸਨ ਪਿਛੱਲੇ ਪਹਿਰ ਤੇ ਆਪਣੇ ਮਾਲਿਕ ਦੀਆਂ ਕਈ-ਕਈ ਘੰਟੇ ਗੱਲਾਂ ਕਰਦੇ ਰਹਿੰਦੇ ਸਨ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ' ਮਹਾਰਾਜ ਜਦੋਂ ਦਿੱਲੀ ਵੱਲ ਨੂੰ ਆਏ ਨੇ ਤਾਂ ਸੈਫ ਅਲੀ ਖਾਂ ਨੂੰ ਪਤਾ ਲੱਗਾ ਤੇ ਉਹ ਹਜ਼ੂਰ ਨੂੰ ਅਗੋਂ ਲੈਣ ਗਿਆ। ਬੜੀ ਸ਼ਰਧਾ, ਬੜੀ ਭਗਤੀ, ਬੜੇ ਪਿਆਰ ਨਾਲ ਉਹ ਲੈਣ ਗਿਆ। ਸਿਜਦਾ ਕੀਤਾ ਸਰਕਾਰ ਨੂੰ, ਆਦਰ ਕੀਤਾ ਸਰਕਾਰ ਦਾ ਤੇ ਜਿਸ ਵੇਲੇ ਗੁਰੂ ਘੋੜੇ ਤੋਂ ਉਤਰਨ ਲੱਗੇ ਉਹਦੇ ਮਕਾਨ ਤੇ ਜਾਣ ਲਈ ਤਾਂ ਉਸ ਨੇ ਬੜੇ ਪਿਆਰ ਨਾਲ ਅਰਦਾਸ ਕੀਤੀ ਨਾ ਗਰੀਬ-ਨਿਵਾਜ! ਘੋੜੇ ਤੋਂ ਨਹੀਂ ਉਤਰਨਾ, ਮੈਂ ਮਕਾਨ ਦਾ ਦਰਵਾਜ਼ਾ ਇੰਨਾ ਉੱਚਾ ਰਖਿਆ ਹੈ ਕਿ ਤੁਸੀਂ ਘੋੜੇ ਸਮੇਤ ਅੰਦਰ ਲੰਘ ਸਕੋ। ਉਹਨਾਂ ਦੀ ਰਕਾਬ ਨੂੰ ਆਪ ਆਸਰਾ ਦਿੱਤਾ ਤੇ ਬੇਗਮਾਂ ਨੂੰ ਹੁਕਮ ਦਿੱਤਾ ਕਿ ਦਰਵਾਜ਼ੇ ਵਿਚ ਆ ਕੇ ਖਲੋਵੋ, ਕਿਉਂਕਿ ਸੱਚਾ 'ਗੁਰੂ ਤੇਗ ਬਹਾਦਰ' ਆ ਰਿਹਾ ਹੈ। ਦੀਦਾਰ ਕਰੋ, ਸਿਜਦਾ ਕਰੋ, ਤਾਂਕਿ ਤੁਹਾਡੇ ਗੁਨਾਹ ਮਾਫ ਹੋਣਗੇ। ਬੇਗਮਾਂ ਆ ਕੇ ਵੱਡੇ ਦਰਵਾਜ਼ੇ ਤੇ ਖਲੋ ਗਈਆਂ ਔਰ ਸਾਹਿਬ ਅੰਦਰ ਪ੍ਰਵੇਸ਼ ਹੋਏ ਤਾਂ ਮਾਤਾ ਨਾਨਕੀ ਜੀ ਵੀ ਨਾਲ ਸਨ, ਮਾਤਾ ਗੁਜਰੀ ਜੀ ਵੀ ਨਾਲ ਸਨ। ਸੈਫ ਅਲੀ ਖਾਂ ਦੀਆਂ ਬੇਗਮਾਂ ਨੇ ਮਾਤਾ ਨਾਨਕੀ ਨੂੰ ਮੱਥਾ ਟੇਕਿਆ, ਮਾਤਾ ਗੁਜਰੀ ਦਾ ਵੀ ਸਤਿਕਾਰ ਕੀਤਾ। ਅੰਦਰ ਪਲੰਘ ਵਿਛਿਆ ਸੀ, ਉਹਦੇ ਤੇ ਸਰਕਾਰ ਨੂੰ ਬੈਠਾਇਆ। ਕੁਝ ਚਿਰ ਚਰਚਾ ਹੁੰਦੀ ਰਹੀ ਤੇ ਫਿਰ ਸਰਕਾਰ ਨੂੰ ਬਾਗ ਵਿਚ ਲੈ ਗਿਆ। ਹਜ਼ੂਰ ਨੇ ਆਉਂਦਿਆਂ-ਜਾਂਦਿਆਂ ਵੇਖਿਆ ਕਿ ਬੜੀ ਸੋਹਣੀ ਮਸਜਿਦ ਬਣੀ ਹੋਈ ਘਰ ਵਿਚ। ਬਾਗ ਵਿਚ ਜਾ ਕੇ ਪੁਛਿਆ ਸਰਕਾਰ ਨੇ, "ਸੈਫ ਅਲੀ ਖਾਂ!

ਮਸਜਿਦ ਬੜੀ ਸੋਹਣੀ ਬਣਾਈ ਆ। ਵੇਖਣ ਨੂੰ ਜੀਅ ਕਰਦਾ ਹੈ ਤੇਰੀ ਬਣੀ ਹੋਈ ਮਸੀਤ ਨੂੰ ਤੇ ਮਕਾਨ ਨੂੰ ਤੂੰ ਕਿਲ੍ਹੇ ਵਰਗਾ ਬਣਾਇਆ ਹੋਇਆ ਹੈ। ਕਹਿਣ ਲੱਗਾ ਜੀ, ਮਸਜਿਦ ਤਾਂ ਇਸ ਕਰਕੇ ਚੰਗੀ ਬਣਾਈ ਹੈ ਕਿਉਂਕਿ ਇਹ ਅੱਲਾ ਦਾ ਘਰ ਹੈ, ਇਥੇ ਬੰਦਗੀ ਕਰੀਦੀ ਹੈ। ਇਥੇ ਆ ਕੇ ਇਨਸਾਨ ਦੇ ਵਿਗੜੇ ਹੋਏ ਖਿਆਲਾਤ ਵੀ ਬਦਲ ਜਾਂਦੇ ਨੇ! ਇਸ ਕਰਕੇ ਮੈਂ ਰੀਝ ਨਾਲ ਬਣਾਈ ਹੈ। ਔਰ ਮਕਾਨ ਮੈਂ ਇਸ ਕਰਕੇ ਕਿਲ੍ਹੇ ਵਰਗਾ ਬਣਾਇਆ ਹੈ ਕਿਉਂਕਿ ਜਦੋਂ ਮੈਂ ਮਕਾਨ ਬਣਾਉਣ ਲੱਗਾ ਸਾਂ ਉਦੋਂ ਇਥੇ ਇਕ ਭੇਡ ਸੂਈ ਹੋਈ ਸੀ, ਦੋ ਉਹਦੇ ਬੱਚੇ ਸਨ। ਔਰ ਉਹਨੂੰ ਰਾਤ ਨੂੰ ਸ਼ੇਰ ਖਾਣ ਵਾਸਤੇ ਆਇਆ ਉਹਦੇ ਬੱਚਿਆਂ ਨੂੰ, ਤੇ ਮੈਂ ਅੱਖਾਂ ਨਾਲ ਵੇਖਿਆ ਕਿ ਉਹ ਭੇਡ ਉਹਨਾਂ ਬੱਚਿਆਂ ਦੇ ਬਚਾਅ ਵਾਸਤੇ ਸ਼ੇਰਾਂ ਦੇ ਸਾਹਮਣੇ ਡੱਟ ਕੇ ਖਲੋਤੀ ਹੋਈ, ਔਰ ਚੋਗਾ ਚੋਖਾ ਚਿਰ ਸ਼ੇਰ ਨਾਲ ਭੇਡ ਮੁਕਾਬਲਾ ਕਰਦੀ ਰਹੀ ਮਹਾਰਾਜ! ਆਖਿਰ ਜਦੋਂ-ਜਿੱਦ ਕਰਦਿਆਂ ਬੱਚਿਆਂ ਦਾ [illegible] ਉਹ ਪ੍ਰੇਸ਼ਾਨ ਤੇ ਜ਼ਰੂਰ ਹੋਈ ਪਰ ਉਹਨੇ ਸ਼ੇਰ ਭਜਾ ਦਿੱਤਾ। ਬੱਚੇ ਆਪਣੇ ਉਸ ਨੇ ਬਚਾਅ ਲਏ ਤੇ ਮੇਰੇ ਦਿਲ ਵਿਚੋਂ ਉਸੇ ਵੇਲੇ ਆਵਾਜ਼ ਆਈ ਕਿ ਇਹ ਥਾਂ ਬਰਕਤ ਵਾਲਾ ਹੈ [illegible] ਵਰਗਾ ਮਕਾਨ ਥਾਂ ਬਖਸ਼ਿਆ ਹੋਇਆ ਹੈ। ਇਸ ਲਈ ਮੈਂ ਇਥੇ [illegible] ਰਹੇ ਨੇ ਨੌਂ ਦਿਨ। ਉਦੋਂ ਔਰੰਗਜ਼ੇਬ ਬਣਾਇਆ। ਨੌਂ .ਨਿਆਬਦਾਲ ਗਿਆ ਹੋਇਆ ਸੀ। ਔਰ ਜਿਸ ਵੇਲੇ ਸਰਕਾਰ ਤੁਰਨ ਲੱਗੇ ਨਾ ਤੇ ਸੈਫ ਅਲੀ ਖਾਂ ਨੇ ਹਜ਼ੂਰ ਦੀ ਸਵਾਰੀ ਵਾਸਤੇ ਇਕ ਬੜਾ ਵਧੀਆ ਘੋੜਾ ਪੇਸ਼ ਕੀਤਾ। ਹਾਲਾਂਕਿ ਹਜ਼ੂਰ ਦੇ ਕੋਲ ਇਕ ਬੜਾ ਚੰਗਾ ਘੋੜਾ ਸੀ, ਤੇ ਇਕ ਹੋਰ ਦਾਨ ਕੀਤਾ। ਤੰਬੂ, ਚਾਨਣੀਆਂ, ਕਨਾਤਾਂ ਅਤੇ ਲੰਗਰ ਵਾਸਤੇ ਬੜੇ-ਬੜੇ ਵੱਡੇ ਕੀਮਤੀ ਬਰਤਨ ਦਿੱਤੇ। ਮਾਤਾ ਨਾਨਕੀ ਵਾਸਤੇ ਕੱਪੜੇ ਤੇ ਨਾਲ ਕੁਝ ਗਹਿਣੇ ਵੀ ਦਿੱਤੇ। ਔਰ ਮਾਤਾ ਗੁਜਰੀ ਵਾਸਤੇ ਬੜਾ ਕੀਮਤੀ ਸੂਟ ਤੇ ਬੜੇ ਕੀਮਤੀ ਕੱਪੜੇ ਦੇ ਕੇ ਨਾਲ ਕੁਝ ਗਹਿਣੇ ਵੀ ਦਿੱਤੇ। 'ਮਾਨ ਸਿੰਘ ਜੀ ਝੌਰ' ਕਹਿੰਦੇ ਨੇ ਕਿ ਇਤਿਹਾਸ ਦੇ ਮੈਂ ਅੱਖਰ ਪੜ੍ਹੇ ਨੇ ਕਿ ਸੈਫ ਅਲੀ ਖਾਂ ਦੀ ਬੇਗਮ ਰੋ ਪਈ। ਮਾਤਾ ਗੁਜਰੀ ਦਾ ਦਰਸ਼ਨ ਦੀਦਾਰ ਕਰਕੇ ਰੋ ਪਈ, ਤੇ ਮਾਂ ਗੁਜਰੀ ਨੇ ਪੁੱਛਿਆ, ਬੜੇ ਚੰਗੇ ਖਾਨ ਨਾਲ ਤੇਰਾ ਵਿਆਹ ਹੋਇਆ ਹੈ, ਬੜਾ ਵੱਡਾ ਮਕਾਨ ਹੈ ਤੁਹਾਡਾ, ਬੜਾ ਸੋਹਣਾ ਸੁੰਦਰ ਬਾਗ ਹੈ ਜੰਨਤ ਵਰਗਾ। ਹਰ ਚੀਜ਼ ਦਾ ਤੁਹਾਨੂੰ ਸੁਖ ਹੈ, ਰੱਬ ਦੀਆਂ ਗੱਲਾਂ ਵੀ ਤੁਸੀਂ ਕਰਦੇ ਹੋ! ਨੀ ਲੜਕੀਏ! ਤੂੰ ਫਿਰ ਕਿਉਂ ਰੋਈ? ਤੇ ਸੈਫ ਅਲੀ ਖਾਂ ਦੀ ਬੇਗਮ ਨੇ ਹਟਕੋਰਾ ਭਰਦਿਆਂ ਆਖਿਆ, ਅੰਮਾਂ! ਔਰੰਗਜ਼ੇਬ ਦੇ ਖਿਆਲ ਨਹੀਂ ਚੰਗੇ, ਔਰੰਗਜ਼ੇਬ ਦੀ ਨੀਯਤ ਨਹੀਂ ਚੰਗੀ। ਔਰੰਗਜ਼ੇਬ ਤੰਗ ਦਾਇਰੇ ਵਿਚ ਘਿਰਿਆ ਹੋਇਆ ਹੈ। ਮਾਂ ਮੇਰੀਆਂ ਅੱਖਾਂ ਇਸ ਕਰਕੇ ਭਰ ਆਈਆਂ ਨੇ ਕਿ ਕਿਸੇ ਨਾ ਕਿਸੇ ਦਿਨ ਤੇਰੇ ਪਤੀ 'ਤੇਗ ਬਹਾਦਰ' ਵਾਸਤੇ ਕੋਈ ਅਲੌਕਿਕ ਜਿਹੀ ਖ਼ਬਰ, ਕੋਈ ਹਿਰਦੇ ਵੇਦਕ

ਖ਼ਬਰ, ਕਲੇਜੇ ਨੂੰ ਪਾਟ ਦੇਣ ਵਾਲੀ ਖ਼ਬਰ ਕੋਈ ਨਾ ਕੋਈ ਤੇਰਿਆਂ-ਮੇਰਿਆਂ ਕੰਨਾਂ ਵਿਚ ਮਾਂ ਪੈ ਜਾਣੀ ਆਂ। ਮੈਂ ਏਸ ਕਰਕੇ ਅੱਖਾਂ ਭਰੀਆਂ ਨੇ, ਕਿ ਤੇਰੇ ਵਰਗੀ ਮਾਂ ਤੇ ਉਹਦੇ ਵਾਸਤੇ ਪਤੀ ਦੀ ਇਸ ਤਰ੍ਹਾਂ ਖ਼ਬਰ ਆ ਜਾਵੇ ਤਾਂ ਮਾਂ ਦਿਨ ਦੇ ਵੇਲੇ ਰਾਤ ਪੈ ਜਾਣ ਵਾਲੀ ਗੱਲ ਹੈ ਮਾਂ! ਇਉਂ ਸ਼ਰਧਾ ਭਗਤੀ ਨਾਲ 'ਤੇਗ ਬਹਾਦਰ' ਮਹਾਰਾਜ ਨੂੰ ਵਿਦਾ ਕੀਤਾ। ਔਰ ਕੁਝ ਦਿਨਾਂ ਦੇ ਬਾਅਦ ਸੈਫ਼ ਅਲੀ ਦੇ ਕੰਨਾਂ ਵਿਚ ਸੱਚੀ-ਮੁੱਚੀਂ ਉਹ ਖ਼ਬਰ ਪਹੁੰਚ ਗਈ ਕਿ ਔਰੰਗਜ਼ੇਬ ਨੇ ਤੇਗ ਬਹਾਦਰ ਸ਼ਹੀਦ ਕਰ ਦਿਤੇ ਨੇ। ਅਸੀਂ ਸਿੱਖ ਹਾਂ ਔਰ ਸਿੱਖ ਦਿੱਲੀ ਵਿਚ ਵੀ ਉਸ ਵੇਲੇ ਹੈਗੇ ਸਨ। ਲੇਕਿਨ ਸੈਫ਼ ਅਲੀ ਖਾਂ ਨੇ, ੪੦ ਦਿਨ ਰੋਜ਼ਾ ਰਖਿਆ ੪੦ ਦਿਨ! ਤੇ ੪੦ ਦਿਨ ਕਾਲੇ ਕੱਪੜੇ ਪਾਏ ਕਿ ਮੇਰਾ ਮੁਰਸ਼ਦ, ਔਰੰਗਜ਼ੇਬ ਮੇਰੇ ਮਾਸਟਰ ਨੇ ਸ਼ਹੀਦ ਕਰ ਦਿੱਤਾ। ਇਹ ਕੀ ਕੀਤਾ ਔਰੰਗਜ਼ੇਬ ਨੇ, ਕੀ ਕਹਿਰ ਕਮਾਇਆ ਔਰੰਗਜ਼ੇਬ ਨੇ ੪੦ ਦਿਨ ਰੋਜ਼ਾ ਰਿਹਾ ਸੈਫ਼ ਅਲੀ ਖਾਂ ੪੦ ਦਿਨ। ਤੁਸੀਂ ਜ਼ਰਾ ਗੌਰ ਫੁਰਮਾਓ ਕਿ ਹਿੰਦੂਆਂ ਨੇ ਤਾਂ ਹੌਕਾ ਭਰਨਾ ਹੀ ਸੀ, ਸਿੱਖਾਂ ਨੇ ਤਾਂ ਹੌਕਾ ਭਰਨਾ ਹੀ ਸੀ, ਪਰ ਹਜ਼ੂਰ ਦੀ ਤੁੱਲ ਆਏ ਸਨ। ਕਿ ਮੁਸਲਮਾਨ ਵੀ ਤਲਬਲਾ ਉਠੇ। ਮੁਸਲਮਾਨ ਵੀ ਬਗਾਵਤ ਉੱਤੇ ਕਰਦਿਆਂ ਆਪ ਧਮਧਾਨ ਵੀ ਗਏ ਨੇ ਧੌਮੰਧਾਨਿਸ਼ਾਹ ਦੀ ਕੁਰਬਾਨੀ। ਦੌਰਾ ਕਰਦਿਆਂ-ਸਡੌਲ, ਸ਼ਰਧਾਲੂ, ਸੇਵਕ ਵੀ ਸੀ। ਉਹਦਾ ਨਾਂ ਰਾਮਦੇਵ ਸੀ। ਔਰ ਰਾਮਦੇਵ ਦਾ ਕਮ ਇਹ ਸੀ ਕਿ ਉਸ ਨੇ ਪਾਣੀ ਦੀ ਸੇਵਾ ਕਰਨੀ। ਸੂਰਜ ਪ੍ਰਕਾਸ਼ ਨੇ ਵੀ ਇਹ ਲਿਖਿਆ ਹੈ, ਵਹੀ ਖਾਤਿਆਂ ਨੇ ਵੀ ਇਹ ਗੱਲ ਲਿਖੀ ਹੈ ਕਿ ਕਦੇ ਰਾਮਦੇਵ ਦੇ ਸਿਰ ਤੋਂ ਕਦੇ ਕਿਸੇ ਨੇ ਇਸਨੂੰ ਉਤਰਿਆ ਹੋਇਆ ਨਹੀਂ ਸੀ ਵੇਖਿਆ, ਬਲਕਿ ਦਿਨੇ-ਰਾਤ ਪਾਣੀ ਦੀ ਸੇਵਾ ਕਰਦਾ ਰਹਿੰਦਾ ਸੀ। ਇਥੋਂ ਤਕ ਕੇ ਉਸ ਦੇ ਸਿਰ ਵਿਚ ਜ਼ਖਮ ਵੀ ਹੋ ਗਏ ਸਨ, ਬਰਤਨ ਚੁੱਕ-ਚੁੱਕ ਕੇ! ਕਈ ਵੇਰਾਂ ਉਹਨਾਂ ਜ਼ਖਮਾਂ ਵਿਚੋਂ ਲਹੂ ਵੀ ਵੱਗ ਪੈਂਦਾ ਸੀ, ਪਰ 'ਰਾਮਦੇਵ' ਸੇਵਾ ਵਲੋਂ ਮੁੱਖ ਨਹੀਂ ਸੀ ਮੋੜਦਾ। ਜਿਸ ਵੇਲੇ ਆਪ ਧਮਧਾਨ ਆਏ ਨੇ ਤੇ ਬੜਾ ਖੁੱਲ੍ਹਾ ਪਾਣੀ ਤਰੌਂਕ ਦਿੱਤਾ ਰਾਮਦੇਵ ਨੇ, ਇਹ ਵੇਖ ਕੇ ਸਾਹਿਬ ਬੜੇ ਖ਼ੁਸ਼ ਹੋਏ 'ਤੇਗ ਬਹਾਦਰ ਸਾਹਿਬ' ਤੇ ਕਹਿਣ ਲੱਗੇ, "ਰਾਮਦੇਵ! ਬੜੀ ਸੇਵਾ ਤੂੰ ਕਰਦਾ ਹੈਂ ਪਾਣੀ ਦੀ ਬੜੀ ਲਗਨ ਹੈ ਤੇਰੇ ਅੰਦਰ, ਬੜਾ ਚਾਅ ਹੈ ਤੇਰੇ ਅੰਦਰ ਸੰਗਤਾਂ ਦੀ ਸੇਵਾ ਦਾ। ਤਰੌਂਕਾ ਕਰਨ ਲੱਗਦਾ ਹੈਂ ਤੇ ਤੂੰ ਮੀਂਹ ਵਰ੍ਹਾ ਦਿੰਦਾ ਹੈਂ "ਮੀਂਹ" ਤੇ ਜੇ ਨਾਲ ਹੀ ਸਾਹਿਬਾਂ ਨੇ ਇਕ ਹੋਰ ਸ਼ਬਦ ਬੋਲ ਦਿੱਤਾ ਕਿ ਅੱਜ ਤੋਂ ਤੂੰ ਸਾਡਾ ਮੀਂਹ ਸਾਹਿਬ ਹੋਵੇਂਗਾ, ਮੀਂਹ ਸਾਹਿਬ।" ਉਸ ਦਿਨ ਤੋਂ ਰਾਮਦੇਵ ਦਾ ਅਸਲੀ ਨਾਮ ਭੁੱਲ ਗਿਆ ਤੇ ਲੋਕੀ ਉਸ ਨੂੰ 'ਮੀਂਹ ਸਾਹਿਬ' ਹੀ ਕਹਿਣ ਲੱਗੇ। ਇਕ ਦਿਨ ਸਾਹਿਬ ਸੱਚੇ ਪਾਤਸ਼ਾਹ ਤੇਗ ਬਹਾਦੁਰ, ਕਰਣ-ਕਾਰਨ ਨੇ ਵੇਖਿਆ ਕਿ ਰਾਮਦੇਵ ਦੇ ਸਿਰ ਤੋਂ ਲਹੂ ਵੱਗ ਰਿਹਾ ਹੈ ਤੇ ਸਰਕਾਰ ਨੇ ਆਪ ਆਵਾਜ਼ ਮਾਰੀ, ਸਿਰ ਤੋਂ

SIKHBOOKCLUB.COM

ਪਾਣੀ ਵਾਲਾ ਬਰਤਨ ਲਾਹਿਆ। ਉਹਦਾ ਇੰਨੂ ਚੁੱਕਿਆਂ ਸਿਰ ਤੇ ਜ਼ਖਮ ਹੋਏ ਸਨ ਸਿਰ ਤੇ। ਗਰੀਬ ਨਿਵਾਜ਼ 'ਤੇਗ ਬਹਾਦਰ ਸਾਹਿਬ' ਨੇ ਆਪ ਜ਼ਖਮ ਸਾਫ ਕੀਤੇ ਆਪ! ਆਪ ਉਹਨਾਂ ਤੇ ਮਲ੍ਹਮ ਪੱਟੀ ਕੀਤੀ, ਔਰ ਜਿਸ ਵੇਲੇ ਜ਼ਖਮ ਤੰਦਰੁਸਤ ਹੋ ਗਏ, ਰਾਜ਼ੀ ਹੋ ਗਏ ਤੇ ਕਹਿਣ ਲੱਗੇ, ਰਾਮਦੇਵ, 'ਮੀਂਹ ਸਾਹਿਬ', ਤੈਨੂੰ ਅਸੀਂ ਦੇਣੇ ਹਾਂ ਇਕ ਦੱਖਣੀ ਬੈਲ, ਇਕ ਨਗਾਰਾ, ਇਕ ਖੰਡਾ, ਇਕ ਸੇਲੀ। ਇਹ ਚਾਰੇ ਚੀਜ਼ਾ ਲੈ ਕੇ ਹੁਣ ਤੂੰ ਸਿੱਖੀ ਦਾ ਪ੍ਰਚਾਰ ਕਰ, ਹੁਣ ਤੂੰ ਪ-ੀ ਨਾ ਢੋਇਆ ਕਰ। ਬਲਕਿ ਹੁਣ ਤੂੰ ਨਾਮ ਦਾ ਜਲ ਵੰਡ, ਨਾਮ ਦੀ ਵਰਖਾ ਕਰ। ਉਸ ਭਾਈ ਮ... ਸਾਹਿਬ ਨੇ ਮੁਰਾਦਾਬਾਦ ਵਿਚ, ਜਿਥੋਂ ਦੇ ਬਰਤਨ ਬੜੇ ਮਸ਼ਹੂਰ ਨੇ, ਉਥੇ ਇਹਨਾਂ ਸਿੱਖੀ ਦਾ ਬ... ...ਾਰ ਕੀਤਾ। ਦਸਵੇਂ ਪਾਤਸ਼ਾਹ ਤੱਕ ਉਹ ਜੀਊਂਦਾ ਰਿਹਾ, ਔਰ ਇਕ ਦਿਨ ਐਸਾ ਮਸਤੀ ਵਿਚ ਆ... ...ਸਾ ਮਸਤੀ ਵਿਚ ਆਇਆ ਕਿ ਦਸਵੇਂ ਪਾਤਸ਼ਾਹ ਦੇ ਸੱਜੇ ਸਜਾਏ ਦਰਬਾਰ ਵਿਚ, ਉਸ ਬੈਲ ਤੇ ਚ... ...ਨਗਾਰਾ ਵਜਾਉਂਦਾ ਆ ਗਿਆ। ਦੀਵਾਨ ਵਿਚ ਖਲਬਲੀ ਜਿਹੀ ਮੱਚ ਗਈ ਤੇ 'ਗੁਰੂ ਗੋਬਿੰਦ ਸਿੰਘ' ਜੀ ਨੇ ਹੁਕਮ ਦਿੱਤਾ ਕਿ ਬੈਲ ਉਸ ਦਾ ਖੋਹ ਲਵੋ, ਨਗਾਰਾ ਉਸ ਦਾ ਖੋਹ ਲਵੋ। ਜਿਸ ਵੇਲੇ ਸਿੱਖ ਆਏ ਬੈਲ ਲੈਣ, ਨਗਾਰਾ ਲੈਣ, ਝੰਡੀ-ਟੋਪੀ ਲੈਣ ਤੇ ਹੱਸ ਪਿਆ, ਖਿੜ-ਖਿੜਾ ਕੇ ਹੱਸ ਪਿਆ ਤੇ ਕਹਿਣ ਲੱਗਾ, ਇਹ ਮਾਲਿਕ ਲੈਣ ਲਈ ਆ ਗਏ। ਇਹ ਆਪਣੀ ਵਸਤੂ ਜਿਨ੍ਹਾਂ ਦੀ ਸੀ, ਇਹ ਮਾਲਿਕ ਪਹੁੰਚ ਗਏ। ਬੈਲ ਦੇ ਦਿੱਤਾ, ਨਗਾਰਾ ਦੇ ਦਿੱਤਾ, ਸੇਲੀ-ਟੋਪੀ ਦੇ ਦਿੱਤੀ। ਸਭ ਕੁਝ ਵਾਪਿਸ ਕਰਕੇ ਹੱਥ ਜੋੜ ਕੇ ਆਖੇ, ਐ ਅੰਤਰਯਾਮੀ ਬਾਪੂ! ਤੂੰ ਧੰਨ ਹੈਂ, ਤੈਨੂੰ ਆਪਣੀ ਦਿੱਤੀ ਹੋਈ ਦਾਤ ਅੱਜ ਤੱਕ ਯਾਦ ਹੈ। ਕੁਝ ਦਿਨਾਂ ਕੁ ਬਾਅਦ ਸਾਹਿਬਾਂ ਨੇ ਪੁੱਛਿਆ, " ਓਹ ਮੀਂਹ! ਕਿਥੇ ਪਿਆ ਹੈ ਬੈਲ? ਕਿਥੇ ਤੇਰਾ ਨਗਾਰਾ, ਕਿਥੇ ਹੈ ਤੇਰੀ ਸੇਲੀ? ਕਿਥੇ ਹੈ ਉਹ 'ਗੁਰੂ ਹਰਿਗੋਬਿੰਦ ਸਾਹਿਬ' ਸੱਚੇ ਪਾਤਸ਼ਾਹ ਦਾ ਦਿੱਤਾ ਹੋਇਆ ਖੰਡਾ?" ਤੇ ਸਾਹਿਬ ਦੇ ਨੇਤਰਾਂ ਵਿਚ ਨੇਤਰ ਪਾ ਕੇ ਕਹਿਣ ਲੱਗਾ, ਮਹਾਰਾਜ! ਜਿਹੜੇ ਮਾਲਿਕ ਨੇ ਦਿਤੀ ਸੀ, ਰੂਪ ਵਟਾ ਕੇ ਉਸੇ ਮਾਲਕ ਨੇ ਲੈ ਲਈ। ਇਹਦੇ ਵਿਚ ਮੇਰਾ ਕੀ ਸੀ? ਮੈਨੂੰ ਤੇ ਤੁਸਾਂ ਬਖਸ਼ੀ ਤੇ ਤੁਸਾਂ ਹੀ ਲੈ ਲਈ। ਰੂਪ ਦਾ ਹੀ ਫਰਕ ਹੈ ਨਾ----। ਉਦੋਂ ਤੁਹਾਡਾ ਕੋਈ ਹੋਰ ਰੂਪ ਸੀ, ਇਸ ਵਕਤ ਕੋਈ ਹੋਰ ਰੂਪ ਹੈ। ਪਰ ਚੀਜ਼ ਤਾਂ ਤੁਸੀਂ ਹੀ ਬਖਸ਼ੀ ਤੇ ਤੁਸਾਂ ਹੀ ਲੈ ਲਈ ਨਾ, ਤੇ ਗੁਰੂ ਗਰੀਬ ਨਿਵਾਜ਼! ਦਸਵਾਂ ਬਾਪੂ ਉਹਦੀ ਨਿਸ਼ਕਾਮਤਾ ਵੇਖ ਕੇ ਪ੍ਰਸੰਨ ਹੋ ਗਏ। ਇਸ ਲਈ ਦੁਬਾਰਾ ਵਾਪਿਸ ਬੈਲ ਵੀ ਦੇ ਦਿੱਤਾ, ਨਗਾਰਾ ਵੀ ਦੇ ਦਿੱਤਾ, ਖੰਡਾ ਵੀ ਦੇ ਦਿੱਤਾ ਤੇ 'ਗੁਰੂ ਗ੍ਰੰਥ ਸਾਹਿਬ' ਦੀ ਇਕ ਬੀੜ ਦੇ ਕੇ ਆਖਿਆ, ਭਾਈ----! ਮੀਂਹ ਸਾਹਿਬ ਜੀ! ਜਿਥੇ ਵੀ ਜਾਓ ਤੁਸੀਂ ਉਥੇ ਬਾਣੀ ਦਾ ਮੀਂਹ ਵਰ੍ਹਾ ਦਿਆ ਕਰੋ ਤੁਸੀਂ, ਬਾਣੀ ਦੀ ਰੱਜ ਕੇ ਵਰਖਾ ਕਰੋ, ਤੁਸੀਂ, ਤਾਂਕਿ ਕਲਯੁਗੀ ਜੀਵ ਪਿਆਸੇ ਨਾ ਰਹਿਣ! ਕਲਯੁਗੀ ਜੀਵ ਦੁਖੀ ਨਾ ਰਹਿਣ! ਇਹ ਹੈ ਸਾਹਿਬ

'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ' ਇਹ ਹਨ ਉਹਨਾਂ ਦੇ ਸਤਿਕਾਰ ਯੋਗ ਪਿਤਾ ਜਿਨ੍ਹਾਂ ਦੀ ਬਾਣੀ ਤੁਸੀਂ ਸਾਹਿਬ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚੋਂ ਪੜ੍ਹਦੇ ਹੋ! ਮੈਂ ਨਿੱਕਾ ਜਿਹਾ ਸ਼ਬਦ ਪੜ੍ਹਨਾ ਚਾਹੁੰਦਾ ਹਾਂ!

*"ਦੁਖ ਮੈ ਦੁਖੁ ਨਹੀਂ ਮਾਨੈ॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*

'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਦਾ ਸਿਧਾਂਤ ਇਹ ਹੈ ਕਿ ਹਰੀ ਪ੍ਰਮਾਤਮਾ ਥਾਂ-ਥਾਂ ਵਿਚ ਵਿਆਪਕ ਹੈ। ਅਣੂ-ਪ੍ਰਮਾਣੂ ਵਿਚ ਉਸ ਦਾ ਨੂਰ ਹੈ। ਤਲੀ ਔਰ ਖਲਾਅ ਵਿਚ ਉਹ ਜਲਵਾ-ਨੁਮਾ ਹੈ। ਲੇਕਿਨ ਵਿਸ਼ੇਸ਼ ਰੂਪ ਵਿਚ ਕਿਸੇ ਵਿਚ ਤਾਂ [illegible] ਨਾ। ਜਿਸ ਤਰ੍ਹਾਂ ਅੱਗ ਤੇ ਸਾਰੀ ਬਨਸਪਤੀ ਵਿਚ ਹੈ, ਪਰ ਜਿੰਨਾ ਚਿਰ [illegible] ਅਗ ਵਿਸ਼ੇਸ਼ ਰੂਪ ਵਿਚ ਲੱਕੜੀਆਂ ਵਿਚੋਂ ਪਰਗਟ ਨਾ ਕਰੀਏ, [illegible] ਰੂਪ ਲੰਗਰ ਤੇ ਨਹੀਂ ਨਾ ਬਣਾ ਸਕਦੀ। ਧੁੱਪੇ ਰੱਖੀ ਹੋਈ [illegible] ਪਈ ਸ਼ਤੀਰੀ ਜੋ ਪੰਜਾਬ ਦੀ ਧਰਤੀ ਤੇ ਪਈ-ਪਈ ਉਹ ਭਾਵੇਂ ਪੱਕ ਜਾਏ, ਜੇ ਉਸ ਉੱਪਰ ਰੋਟੀ ਬਣਾ ਕੇ ਰੱਖ ਦੇਈਏ ਉਹ ਤਾਂ ਨਹੀਂ ਨਾ ਸੇਕੀ ਜਾਣੀ। ਧਰਤੀ ਭਾਵੇਂ ਤੱਪ ਜਾਏ, ਪੈਰ ਰੱਖੀਏ ਤਾਂ ਭਾਵੇਂ ਛਾਲੇ ਪੈ ਜਾਣ। ਪਰ ਜੇ ਇਸ ਤਰ੍ਹਾਂ ਆਖੀਏ ਕਿ ਇਸ ਗਰਮੀ ਵਿਚ ਦੋ ਇੱਟਾਂ ਖੜੀਆਂ ਕਰਕੇ, ਪਤੀਲਾ ਉੱਪਰ ਰੱਖ ਕੇ ਦਾਲ ਰਿੰਨ੍ਹ ਲਈਏ ਤਾਂ ਉਹ ਗਰਮੀ ਦਾਲ ਤਾਂ ਨਹੀਂ ਰਿੰਨ੍ਹ ਸਕਦੀ। ਉਹਦੇ ਵਾਸਤੇ ਤਾਂ ਵਿਸ਼ੇਸ਼ ਅੱਗ ਦੀ ਹੀ ਲੋੜ ਪਵੇਗੀ ਨਾ। ਰੋਟੀ ਵਾਸਤੇ ਵੀ ਵਿਸ਼ੇਸ਼ ਅੱਗ ਦੀ ਲੋੜ ਪਵੇਗੀ। ਉਹ ਕਿਸੇ ਨਾ ਕਿਸੇ ਤਰ੍ਹਾਂ ਲੱਕੜ ਵਿਚੋਂ ਪ੍ਰਗਟਾਈ ਹੀ ਜਾਏਗੀ! ਇਸੇ ਤਰ੍ਹਾਂ ਹੀ ਵਾਹਿਗੁਰੂ ਸਮਾਨ ਤੌਰ ਤੇ ਸਾਰੀ ਜਗ੍ਹਾ ਰਵਿਆ ਹੋਇਆ ਹੈ, ਪਰ ਉਹ ਕਿਤੇ ਵਿਸ਼ੇਸ਼ ਤੌਰ ਤੇ ਵੀ ਵੱਸਦਾ ਹੈ ਨਾ, ਜਿਥੇ ਉਹ ਵਿਸ਼ੇਸ਼ ਤੌਰ ਤੇ ਵੱਸਦਾ ਹੈ ਉਹ ਜਗ੍ਹਾ ਕਿਹੜੀ ਹੈ? ਉਹ 'ਤੇਗ ਬਹਾਦਰ ਮਹਾਰਾਜਾ' ਨੇ ਮੂਰਤੀ ਬਣਾਈ ਹੈ, ਉਸ ਜਗ੍ਹਾ ਦਾ ਜ਼ਿਕਰ ਕੀਤਾ ਹੈ:

*"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥"*

ਪਹਿਲੀ ਸਿਫਤ ਜਿਸ ਬੰਦੇ ਵਿਚ ਹੈ ਉਹ ਇਹ ਹੈ ਕਿ ਉਹ ਦੁੱਖ ਵਿਚ ਦੁੱਖ ਮਹਿਸੂਸ ਨਹੀਂ ਕਰਦਾ। ਦੁੱਖ ਨੂੰ ਦੁੱਖ ਸਮਝਦਾ ਹੀ ਨਹੀਂ! ***"ਦੂਖ ਨਹੀ ਸਭ ਸੁੱਖ ਹੀ ਹੈ ਰੇ।"***

ਔਰ ਜਿਸ ਦੇ ਮਨ ਦੀ ਅਵਸਥਾ ਬਣ ਗਈ ਹੈ; ***"ਹਾਰ ਨਹੀਂ ਸਭ ਜਿੱਤ ਹੀ ਜਿੱਤ ਹੈ।"***

ਜਿਸ ਆਦਮੀ ਨੂੰ ਸੁਖ ਨਾਲ ਪ੍ਰੀਤ ਹੀ ਨਾ ਹੋਵੇ, ਸੁਖ ਨਾਲ ਕੋਈ ਸਨੇਹ ਹੀ ਨਾ ਹੋਵੇ, ਸੁਖ ਨਾਲ ਕੋਈ ਮੁਹੱਬਤ ਹੀ ਨਾ ਹੋਵੈ :-

*"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥" ਸੁਖ ਸਨੇਹੁ ਅਰੁ ਭੈ ਨਹੀ ਜਾ ਕੈ॥*

ਜਿਸ ਮਨੁੱਖ ਦੇ ਅੰਦਰ ਚੋਰ, ਨਿਰਦਈ, ਜਲਾਦ, ਬੁੱਚੜ, ਕੱਪਟੀ ਬਾਦਸ਼ਾਹ, ਜਮ, ਧਰਮਰਾਜਾ, ਨਰਕ! ਜਿਸ ਮਨੁੱਖ ਦੇ ਅੰਦਰ ਕਿਸੇ ਚੀਜ਼ ਦਾ ਡਰ ਨਾ ਹੋਵੇ। ਕਿਸੇ ਚੀਜ਼

ਦਾ ਭੈਅ ਨਾ ਹੋਵੈ।

*"ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*

ਜਿਹੜਾ ਮਨੁੱਖ ਸੋਨੇ ਨੂੰ ਤੇ ਮਿੱਟੀ ਨੂੰ ਸਮਾਨ ਹੀ ਸਮਝਦਾ ਹੋਵੇ, ਸੋਨੇ ਤੇ ਮਿੱਟੀ ਨੂੰ ਜਿਹੜਾ ਮਨੁੱਖ ਇਕੋ ਜਿਹਾ ਹੀ ਸਮਝਦਾ ਹੋਵੇ। ਇਹ ਵਾਹਿਗੁਰੂ ਨੇ ਲੱਛਣ ਦੱਸੇ ਨੇ, ਉਸ ਮਨੁੱਖ ਦੇ ਜਿਸ ਵਿਚ ਵਾਹਿਗੁਰੂ ਨਜ਼ਰ ਆ ਸਕਦਾ ਹੈ। ਅਰਥਾਤ ਉਸ ਮਨੁੱਖ ਨੂੰ ਕੇਵਲ, ਵਾਹਿਗੁਰੂ, ਵਾਹਿਗੁਰੂ ਦਾ ਨਾਮ ਹੀ ਯਾਦ ਰਹਿੰਦਾ ਹੈ। ਉਸ ਨੂੰ ਦਿਨ-ਰਾਤ ਵਿਚ ਕੋਈ ਫਰਕ ਨਹੀਂ ਲੱਗਦਾ, ਉਸ ਨੂੰ ਜ਼ਮੀਨ-ਅਸਮਾਨ ਵਿਚ ਵੀ ਫਰਕ ਨਹੀਂ ਲੱਗਦਾ। ਬੱਸ, ਇਹੋ ਜਿਹੇ ਮਨੁੱਖ ਅੰਦਰ ਹੀ ਅਸੀਂ ਰੱਬ ਦੇ ਦਰਸ਼ਨ ਕਰ ਸਕਦੇ ਹਾਂ। ਭਾਵੇਂ ਉਹ ਇਨਸਾਨ ਦੀ ਦਿਨੇ-ਰਾਤ ਕੋਈ ਨਿੰਦਿਆ ਕਰਦਾ ਰਹੇ, ਭਾਵੇਂ ਬਕਵਾਸ ਬਕਦਾ ਰਹੇ, ਤੇ ਉਹਦੀ ਨਿੰਦਿਆ ਵੀ ਸੁਣਦਾ ਰਹੇ ਇਨਸਾਨ, ਪਰ ਉਸ ਦੀ ਨਿੰਦਿਆ ਕਰਨ ਤੇ ਰਤਾ ਕੁ ਵੀ ਗੁੱਸਾ ਨਾ ਕਰੇ। ਔਰ ਜੇ ਕੋਈ ਉਸਤਤ ਕਰਨ ਵਾਲਾ ਆ ਜਾਵੇ, ਜੇ ਕੋਈ ਤਾਰੀਫ ਕਰਨ ਵਾਲਾ ਆ ਜਾਵੇ ਤਾਂ ਉਸ ਨੂੰ ਸੁਣ ਕੇ ਕਿਤੇ ਕੁੱਪਾ ਨਾ ਹੋਵੇ। ਅਰਥਾਤ ਨਿੰਦਿਆ ਤੇ ਉਸਤਤ ਨੂੰ ਉਹ ਇਕੋ ਜਿਹਾ ਹੀ ਜਾਣੇ। ਜੇ ਕਿਤੇ ਮਾਨ ਹੋਇਆ, ਸਤਿਕਾਰ ਹੋਇਆ, ਜਲੂਸ ਨਿਕਲਿਆ ਤੇ ਆਕੜੇ ਨਾ। ਆਪਣੇ ਆਪ ਨੂੰ ਕੁਝ ਸਮਝੇ ਹੀ ਨਾ, ਬਲਕਿ ਸਭ ਕੁਝ ਕਰਤਾਰ ਨੂੰ ਹੀ ਜਾਣਦਾ ਹੋਵੇ। ਕੋਈ ਆਸਾ ਨਾ ਰੱਖੇ ਕਿ ਮੈਨੂੰ ਸਵਰਗ ਮਿਲ ਜਾਵੇ, ਮੈਨੂੰ ਮੁਕਤੀ ਮਿਲ ਜਾਵੇ, ਮੈਨੂੰ ਚਾਰ ਪਦਾਰਥ ਮਿਲ ਜਾਣ। ਇਹੋ ਜਿਹੇ ਇਨਸਾਨ ਵਿਚ ਹੀ ਅਸੀਂ ਵਾਹਿਗੁਰੂ ਨੂੰ ਲੱਭ ਸਕਦੇ ਹਾਂ।

ਸੋ ਸਾਨੂੰ ਵੀ ਦੁਨੀਆਂ ਵਿਚੋਂ ਇਹੋ ਜਿਹੇ ਇਨਸਾਨਾਂ ਦੀ ਖੋਜ ਕਰਨੀ ਚਾਹੀਦੀ ਹੈ ਜਿਨ੍ਹਾਂ ਵਿਚ ਇਹੋ ਜਿਹੇ ਪੂਰੇ ਤਾਂ ਨਹੀਂ, ਬਲਕਿ ਅੱਧੇ ਗੁਣ ਵੀ ਲੱਭ ਜਾਣ ਤਾਂ ਸਾਨੂੰ ਵਾਹਿਗੁਰੂ ਦੇ ਦਰਸ਼ਨ ਹੋ ਸਕਦੇ ਹਨ। ਜਿਵੇਂ ਕੋਈ ਨਾ ਕੋਈ ਚੀਜ਼ ਦੀ ਵਿਸ਼ੇਸ਼ਤਾ ਇਕ ਜਗ੍ਹਾ ਮਿਲਦੀ ਹੈ, ਉਸੇ ਤਰ੍ਹਾਂ ਰਬ ਵੀ ਹਰ ਜਗ੍ਹਾ ਹੈ, ਪਰ ਉਹ ਕਿਸੇ ਵਿਸ਼ੇਸ਼ ਥਾਂ ਵਿਚ ਵੱਸਦਾ ਹੈ।

# ਕਥਾ ਕੀਰਤਨ ਤੋਂ ਵੀ ਮਹਾਨ ਹੈ

'ਭਲੇ ਅਮਰਦਾਸ ਗੁਣ ਤੇਰੇ,
ਤੇਰੀ ਬਨਿ ਆਵੈ ਤੇਰੀ ਉਪਮਾ ਜੀ----,
ਤੋਹਿ ਬਨਿ ਆਵੈ ਤੇਰੀ ਉਪਮਾ!'

ਗਰੀਬ-ਨਿਵਾਜ਼ ਗੁਰੂ ਕੀ ਸੰਗਤਿ ਜੀ! ਸਭ ਤੋਂ ਪਹਿਲਾਂ ਸਾਹਿਬ 'ਸ੍ਰੀ ਗੁਰੂ ਅਮਰਦੇਵ' ਭੱਲੇ ਸਾਹਿਬਜ਼ਾਦੇ ਤੀਸਰੇ ਬਾਪੂ ਨਾਨਕ! ਉਹਨਾਂ ਦੇ ਦਿਹਾੜੇ ਲਈ ਆਪ ਸਭ ਨੂੰ ਵਧਾਈ!

'ਮਾਨ ਸਿੰਘ ਜੀ ਝੌਰ' ਦੱਸਦੇ ਹਨ ਕਿ ਸਿੱਖ ਪੜ੍ਹਦਾ ਸੀ ਸਵੇਰੇ ਬਾਣੀ। ਇਹ ਦਸਵੇਂ ਪਾਤਿਸ਼ਾਹ ਦੇ ਵੇਲੇ ਦਾ ਵਾਕਿਆ ਹੈ। ਉਸ ਦਾ ਕਿਤੇ ਮਨ ਜੁੜ ਗਿਆ ਸਿੱਖ ਦਾ, ਉਹਨੂੰ ਸੁਆਦ ਆ ਗਿਆ ਬਾਣੀ ਦਾ ਤੇ ਉਸੇ ਵਕਤ ਰਾਗੀਆਂ ਸਿੰਘਾਂ ਨੇ ਆ ਸਾਜ ਖੋਲ੍ਹੇ ਕਿ 'ਆਸਾ ਦੀ ਵਾਰ' ਦੇ ਕੀਰਤਨ ਦਾ ਵੇਲਾ ਹੋ ਗਿਆ ਹੈ। ਸਿੱਖ ਨੇ ਹੱਥ ਜੋੜੇ ਭਈ ਸੱਜਣਾ! ਮੇਰਾ ਮਨ ਗਿਆ ਹੈ ਟਿੱਕ, ਮੈਨੂੰ ਆ ਰਿਹਾ ਹੈ ਬਾਣੀ ਦਾ ਸੁਆਦ! ਤੇ ਅੱਜ 'ਆਸਾ ਦੀ ਵਾਰ' ਨਾ ਲਾਉ ਤੇ ਤਾਂ ਕੀ ਹੈ? ਮੇਰੇ ਰੱਸ ਵਿਚ ਬੇਰੱਸੀ ਨਾ ਕਰੋ। ਮੈਨੂੰ ਆਨੰਦ ਲੁੱਟ ਲੈਣ ਦਿਉ। ਰਾਗੀਆਂ ਸਿੰਘਾਂ ਨੇ ਜਵਾਬ ਦਿੱਤਾ ਕਿ ਪਿਆਰਿਆ, 'ਗੁਰੂ ਗੋਬਿੰਦ ਸਿੰਘ ਸਾਹਿਬ' ਦਾ ਹੁਕਮ ਹੈ ਕਿ ਕੀਰਤਨ ਜ਼ਰੂਰ ਹੋਵੇਗਾ। ਤੇਰਾ ਰੱਸ ਰਹੇ ਜਾਂ ਨਾ ਰਹੇ! ਕੀਰਤਨ ਹੋਇਆ, ਅਰਦਾਸ ਹੋਈ, ਕਥਾ ਹੋਈ, ਸਭ ਕੁਝ ਹੋਇਆ ਤੇ ਉਹ ਨਿਤਨੇਮ ਕਰਨ ਵਾਲੇ ਸਿੱਖ ਨੇ 'ਗੁਰੂ ਗੋਬਿੰਦ ਸਿੰਘ ਸਾਹਿਬ' ਕੋਲ ਇਹ ਸ਼ਿਕਾਇਤ ਕੀਤੀ ਕਿ ਮਹਾਰਾਜ! ਮੇਰਾ ਜੁੜਿਆ ਹੋਇਆ ਸੀ ਮਨ, ਬਾਣੀ ਦਾ ਪਾਠ ਕਰਦਿਆਂ ਮੈਨੂੰ ਆ ਰਿਹਾ ਸੀ ਸੁਆਦ ਤੇ ਮੈਂ ਅਰਜ਼ ਵੀ ਕੀਤੀ, ਪਰ ਇਹ ਰਾਗੀ ਸਿੰਘ ਨਹੀਂ ਮੰਨੇ! ਇਹਨਾਂ ਆਪਣੇ ਸਾਜ-ਵਾਜ ਬਜਾਏ ਤੇ ਮੇਰਾ ਰੱਸ-ਕੁਰੱਸ ਹੋ ਗਿਆ। ਕੀ ਇਹਨਾਂ ਰਾਗੀਆਂ ਸਿੰਘਾਂ ਨੇ ਮਨਮਤ ਨਹੀਂ ਕੀਤੀ? ਔਰ ਜਿਹੜਾ ਬਚਨ 'ਗੁਰੂ ਗੋਬਿੰਦ ਸਿੰਘ ਜੀ' ਨੇ ਕਿਹਾ ਸੀ ਉਹ 'ਭਾਈ ਸੰਤੋਖ ਸਿੰਘ' ਜੀ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:-

*"ਜਥਾ ਕੂਪ ਕੀ ਖੇਤੀ ਹੋਈ।"*

ਜਿਸ ਤਰ੍ਹਾਂ ਕੋਈ ਆਦਮੀ ਆਪਣੇ ਦੋ ਕਿੱਲੇ ਆਪਣੇ ਕਣਕ ਦੇ ਖੂਹ ਤੇ ਬੀਜ ਲਵੇ,

ਮੀਂਹ ਨਾ ਪਏ ਤੇ ਆਪਣੇ ਬਲਦ ਜੋੜ ਕੇ ਆਪਣੇ ਦੋਵੇਂ ਕਿੱਲੇ ਪਾਣੀ ਨਾਲ ਭਰ ਲਵੇ!

*"ਯਥਾ ਕੂਪ ਕੀ ਖੇਤੀ ਹੋਈ, ਸੀਂਚਤ ਨੀਰ ਹਰੀ ਕਰ ਸੋਇ।"*

ਉਸ ਨੇ ਆਪਣੇ ਦੋ ਕਿੱਲੇ ਹਰੇ-ਭਰੇ ਕਰ ਲਏ ਅਰਥਾਤ ਸੀਂਚ ਲਏ। ਪਰ ਆਪਣੇ ਕੀਤੇ ਹੈ ਨਾ, ਲਾਗਲੇ ਤੇ ਸੁੱਕਦੇ ਜਾਂਦੇ ਹੈ ਨਾ। ਲਾਗਲਿਆਂ ਦਾ ਤੇ ਬੇੜਾ ਵਿਚਾਰਾ ਡੋਲ ਰਿਹਾ ਹੈ ਨਾ! ਉਹ ਤੇ ਸੋਚ ਰਹੇ ਨੇ ਕਿ ਕਿਸ ਤਰ੍ਹਾਂ ਸਾਲ ਲੰਘਣਾ ਹੈ? ਇਹ ਜਿਹੜੀ ਤੂੰ ਬਾਣੀ ਪੜ੍ਹਦਾ ਸੀ ਨਾ, ਇਹ ਸੀ ਖੂਹ ਦੀ ਖੇਤੀ। ਸੁਆਦ ਜ਼ਰੂਰ ਆਉਂਦਾ ਸੀ ਪਰ ਤੇਰੇ ਮਨ ਨੂੰ, ਕਣਕ ਜ਼ਰੂਰ ਪੁੰਗਰਦੀ ਸੀ, ਪਰ ਤੇਰੀ ਆਪਣੀ!

*"ਕੀਰਤਨ ਆਹਿ ਮੇਘਿ ਕੀ ਬਰਖਾ"*

ਜਿਹੜਾ ਕੀਰਤਨ ਹੈ ਨਾ, ਇਹ ਹੈ ਅਸਮਾਨ ਦੇ ਮੀਂਹ ਦਾ ਵਰ੍ਹ ਜਾਣਾ, ਇਹ ਹੈ ਅਸਮਾਨ ਦੇ ਮੀਂਹ ਦੀ ਵਰਖਾ। ਜੇ ਕਿਤੇ ਪੰਦਰਾਂ ਕੁ ਮਿੰਟ ਤੱਕ ਮੀਂਹ ਵਰ੍ਹ ਗਿਆ ਲਗਾਤਾਰ ਤੇ ਫਿਰ ਚਾਰ ਕੁ ਇੱਧਰ ਧਰਤੀ ਨਿਹਾਲ, ਚਾਰ ਕੁ ਉਧਰ ਧਰਤੀ ਨਿਹਾਲ! ਜਿਹੜਾ ਕੀਰਤਨ ਹੈ 'ਆਸਾ ਦੀ ਵਾਰ' ਦਾ ਇਹ ਅਸਮਾਨ ਦਾ ਮੀਂਹ ਹੈ। ਦੋ ਬੰਦੇ ਬੈਠੇ ਨੇ ਸੁਣ ਗਏ, ਦੋ ਸੌ ਬੰਦਾ ਬੈਠਾ ਹੈ ਤੇ ਸੁਣ ਗਿਆ, ਦੋ ਹਜ਼ਾਰ ਬੰਦਾ ਬੈਠਾ ਹੈ ਤਾਂ ਸੁਣ ਗਿਆ। ਇਸ ਤਰ੍ਹਾਂ ਸਭ ਦੀਆਂ ਖੇਤੀਆਂ ਹਰੀਆਂ-ਭਰੀਆਂ ਹੋ ਗਈਆਂ, ਤੇ ਤੂੰ ਜਿਹੜਾ ਨਿਤਨੇਮ ਕਰਦਾ ਸੀ, ਇਸ ਨਾਲ ਤੇਰੀ ਆਪਣੀ ਖੇਤੀ ਹਰੀ ਹੁੰਦੀ ਸੀ, ਪਰ ਬਾਕੀਆਂ ਦੀ ਸੁੱਕਦੀ ਜਾਂਦੀ ਸੀ। ਇੰਨਿਆਂ ਦੀ ਖੇਤੀ ਹਰੀ ਕਰਨ ਵਾਸਤੇ ਤੇਰੀ ਖੇਤੀ ਬਦਲੇ, ਕੀਰਤਨ ਕਿਵੇਂ ਬੰਦ ਹੋਣ?

*"ਕੀਰਤਨ ਆਹਿ ਮੇਘਿ ਕੀ ਬਰਖਾ, ਤੇ ਬਰਖਤ ਹੋਇ ਸਭ ਜੀਵਨ ਹਰਖਾ।"*

ਇਸ ਤੋਂ ਭਾਵ ਹੈ ਕਿ ਜਦੋਂ ਅਸਮਾਨੀ ਮੀਂਹ ਵਰ੍ਹਦਾ ਹੈ ਤਾਂ ਉਦੋਂ ਸਿਰਫ ਜੱਟ ਨੂੰ ਹੀ ਚਾਅ ਨਹੀਂ ਚੜ੍ਹਦਾ, ਬਲਕਿ ਆੜ੍ਹਤੀਆਂ ਨੂੰ ਵੀ ਬੜੇ ਚਾਅ ਚੜ੍ਹਦੇ ਨੇ ਕਿ ਬੋਰੀਆਂ ਦੀਆਂ ਧਾਂਗਾਂ ਲੱਗ ਜਾਣ। ਔਰ ਜਿਨ੍ਹਾਂ ਵਿਚਾਰਿਆਂ ਲਾਈਨ ਵਿਚ ਲੱਗ ਕੇ ਵੀ ਲੈਣੇ ਹੁੰਦੇ ਨੇ ਉਹਨਾਂ ਨੂੰ ਵੀ ਚਾਅ ਚੜ੍ਹ ਜਾਂਦੇ ਨੇ ਕਿ ਅੱਧਾ ਕੁ ਡੰਗ ਸਾਡਾ ਵੀ ਨਿਕਲ ਜਾਏਗਾ! ਇਸ ਵਰ੍ਹਾਂ ਮੀਂਹ ਵਰ੍ਹ ਗਿਆ, ਸਾਡਾ ਵੀ ਟਾਈਮ ਜ਼ਾਇਆ ਨਹੀਂ ਹੋਏਗਾ! ਮੀਂਹ ਵਰ੍ਹਨ ਦੇ ਨਾਲ ਤਮਾਮ ਜੀਵਾਂ ਨੂੰ ਖੁਸ਼ੀ ਹੁੰਦੀ ਹੈ। ਹਜ਼ੂਰ ਕਹਿੰਦੇ ਨੇ :-

*ਮੀਹੁ ਪਇਆ ਪਰਮੇਸਰਿ ਪਾਇਆ॥*
*ਜੀਅ ਜੰਤ ਸਭਿ ਸੁਖੀ ਵਸਾਇਆ॥* (ਪੰਨਾ ੧੦੫)

ਅਸਮਾਨੀ ਜੀਵ ਨਾਲ ਤਮਾਮ ਜੀਵ-ਜੰਤੂ ਸੁਖੀ ਹੋ ਜਾਂਦੇ ਨੇ!

*"ਇਹ ਕੀਰਤਨ ਆਹਿ ਮੇਘਿ ਕੀ ਬਰਖਾ,*

*ਤੇ ਬਰਖਤ ਹੋਇ ਸਭ ਜੀਵਨ ਹਰਖਾ।*
*ਸੁਣੋ ਮਹਾਨ ਕਥਾ ਕੋ ਫਲ ਹੈ।"*

ਔਰ ਜਿਹੜਾ ਕਥਾ ਦਾ ਫਲ ਹੈ, ਉਹ ਕੀਰਤਨ ਨਾਲੋਂ ਵੀ ਮਹਾਨ ਹੈ। ਇਹ ਕੀਰਤਨ ਨਾਲੋਂ ਵੀ ਉੱਚਾ ਹੈ। ਸਿੱਖਾਂ ਪੁਛਿਆ, "ਉਹ ਕਿਵੇਂ?" ਤਾਂ ਹਜ਼ੂਰ ਕਹਿਣ ਲੱਗੇ :-

*"ਸੁਣੋ ਮਹਾਨ ਕਥਾ ਕੋ ਫਲ ਹੈ, ਝੜੀ ਲਾਇ ਜਿਨ ਬਰਖਤਿ ਜਲ ਹੈ।"*

ਜਿਹੜਾ ਛਰਾਟੇ ਦਾ ਮੀਂਹ ਆਉਂਦਾ ਹੈ ਨਾ, ਤਾਂ ਜੇ ਕਿਸੇ ਨੇ ਆਪਣੀਆਂ ਇੱਟਾਂ ਪੱਕੀਆਂ ਕਰ ਲਈਆਂ ਤੇ ਕਰ ਲਈਆਂ, ਆਪਣੇ ਬੰਨੇ ਪੱਕੇ ਕਰ ਲਏ ਤੇ ਕਰ ਲਏ, ਔਰ ਜਿਨ੍ਹਾਂ ਨਹੀਂ ਪੱਕੀਆਂ ਕੀਤੀਆਂ ਤੇ ਪਾਣੀ ਰੁੜ੍ਹ ਗਿਆ। ਔਰ ਇਸੇ ਤਰ੍ਹਾਂ ਜਿਹੜੀ ਕਥਾ ਹੈ, ਉਹ ਝੜੀ ਦਾ ਮੀਂਹ ਹੈ।

*"ਸੁਣੋ ਮਹਾਨ ਕਥਾ ਕੋ ਫਲ ਹੈ,*
*ਝੜੀ ਲਾਇ ਜਿਨ ਬਰਖਤਿ ਜਲ ਹੈ।*
*ਥਿਮੱਕ ਥਿਮੱਕ ਬੂੰਦੀ ਜੋ ਪਰਹਿ,*
*ਤੇ ਅਵਨੀ ਅਪਨੇ ਮੇ ਧਰਹਿ।"*

ਇਸ ਪੰਕਤੀ ਦਾ ਅਰਥ ਹੈ ਕਿ ਥਿੱਮਕ-ਥਿੱਮਕ ਅਰਥਾਤ system matical ਜਿਹੜੀਆਂ ਬੂੰਦਾਂ ਵਰ੍ਹਦੀਆਂ ਹੈ ਨਾ, ਨਿੱਕੀਆਂ-ਨਿੱਕੀਆਂ, ਉਹ ਧਰਤੀ ਵਿਚ ਸੰਚਰਦੀਆਂ ਜਾਂਦੀਆਂ ਨੇ, ਧਰਤੀ ਵਿਚ ਲੀਨ ਹੁੰਦੀਆਂ ਜਾਂਦੀਆਂ ਨੇ, ਧਰਤੀ ਵਿਚ ਸਮਾਈਆਂ ਜਾਂਦੀਆਂ ਨੇ, ਉਹ ਰੁੜ੍ਹਦੀਆਂ ਨਹੀਂ। ਇਸੇ ਤਰ੍ਹਾਂ ਕਥਾ ਜਿਹੜੀ ਹੈ, ਉਹ ਝੜੀ ਦਾ ਮੀਂਹ ਹੈ। ਕੀਰਤਨ ਸੁਣਦਿਆਂ ਜਿਹੜੇ ਸ਼ਬਦ ਦੀ ਸਮਝ ਨਹੀਂ ਸੀ ਆਈ, ਉਹਦੀ ਕਥਾ ਵਿਚੋਂ ਕੁੰਡੀ ਖੁੱਲ੍ਹ ਗਈ ਨਾ!

*"ਘਣਹਰ ਬੂੰਦ!"*

ਘਣਹਰ ਦਾ ਅਰਥ ਹੈ ਅਸਮਾਨ !

*"ਬਸੁਅ ਰੋਮਾਵਲਿ"*

ਬਸੁਅ ਦਾ ਅਰਥ ਹੈ ਬਸੁੰਧਾ ਅਰਥਾਤ 'ਧਰਤੀ' ਤੇ ਰੁਮਾਵਲਿ ਦਾ ਮਤਲਬ ਰੋਮ। ਧਰਤੀ ਦੇ ਰੋਮ ਨੇ ਦਰੱਖਤ! ਮੀਂਹ ਵਰ੍ਹਨ ਵੇਲੇ ਅਸਮਾਨ ਦੀਆਂ ਬੂੰਦਾਂ ਤੇ ਧਰਤੀ ਦੇ ਦਰੱਖਤ, ਧਰਤੀ ਦੇ ਰੋਮ ਗਿਣੇ ਨਹੀਂ ਜਾਂਦੇ।

***"ਘਣਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ॥***

ਬਸੰਤ ਰੁੱਤ ਦੇ ਜਿਹੜੇ ਫੁੱਲ ਹੈ ਨਾ, ਉਹ ਗਿਣੇ ਨਹੀਂ ਜਾਂਦੇ।

***"ਕੁਸਮ ਬਸੰਤ ਗਨੰਤ ਨ ਆਵੈ ਰਵਿ ਸਸਿ ਕਿਰਣਿ"*** *(ਪੰਨਾ ੧੩੯੬)*

ਰਵਿ ਦਾ ਮਤਲਬ ਹੈ 'ਸੂਰਜ' ਤੇ ਸਸਿ ਦਾ ਮਤਲਬ ਹੈ 'ਚੰਦਰਮਾ'। ਚੰਦਰਮਾ ਤੇ ਸੂਰਜ ਦੀਆਂ ਕਿਰਣਾਂ ਕਿੰਨੇ ਕੁ ਲੱਖ ਹੈ, ਕਿੰਨੇ ਕੁ ਕਰੋੜਾਂ ਨੇ ਜਿਹੜੀਆਂ ਗਿਣੀਆਂ ਨਹੀਂ ਜਾਂਦੀਆਂ। ਇਸੇ ਤਰ੍ਹਾਂ ਸਮੁੰਦਰ ਦਾ ਪੇਟ ਵੀ ਨਾਪਿਆ ਨਹੀਂ ਜਾਂਦਾ। ਅੱਜ ਤੱਕ ਕਿਸੇ ਨੇ ਵੀ ਮਿਣਿਆ ਹੈ ਕਿ ਸਮੁੰਦਰ ਕਿੰਨਾ ਕੁ ਡੂੰਘਾ ਹੈ, ਕਿੰਨੇ ਅਰਬ ਟੱਨ ਹੈ। ਅਥਾਹ ਪਾਣੀ ਹੈ, ਅਣਗਿਣਤ ਪਾਣੀ ਹੈ, ਅਤੋਲਵਾਂ ਪਾਣੀ ਹੈ।

*"ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥"* (ਪੰਨਾ ੧੩੯੬)

ਗੰਗਾ ਦੇ ਜਿਹੜੇ ਤਰੰਗ ਨੇ, ਗੰਗਾ ਦੀਆਂ ਜਿਹੜੀਆਂ ਲਹਿਰਾਂ ਨੇ, ਜਿਥੋਂ ਗੰਗਾ ਤੁਰਦੀ ਹੈ ਹਜ਼ਾਰਾਂ ਮੀਲ ਸਫਰ ਹੈ। ਕਿੰਨੀ ਕੁ ਲਹਿਰ ਉਤਪੰਨ ਹੋਈ ਰਸਤੇ ਵਿਚ, ਕੋਈ ਗਿਣ ਨਹੀਂ ਸਕਦਾ। ਚੰਦਰਮਾਂ, ਸੂਰਜ ਦੀਆਂ ਕਿਰਣਾਂ ਨਹੀਂ ਗਿਣੀਆਂ ਜਾਂਦੀਆਂ। ਇਸੇ ਤਰ੍ਹਾਂ ਸਮੁੰਦਰ ਦਾ ਪਾਣੀ ਨਹੀਂ ਮਾਪਿਆ ਜਾ ਸਕਦਾ। ਔਰ ਗੰਗਾ ਦੀਆਂ ਲਹਿਰਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।

"ਮਾਨ ਸਿੰਘ ਜੀ ਝੌਰ" ਦੱਸਦੇ ਹਨ ਕਿ ਗਿਆਰਾਂ ਸਮਾਧੀਆਂ ਲਾਈਆਂ ਨੇ ਸ਼ਿਵਜੀ ਨੇ ਆਪਣੀ ਜ਼ਿੰਦਗੀ ਵਿਚ ਤੇ ਹਰ ਇਕ ਸਮਾਧੀ ਬਾਰ੍ਹਾਂ ਵਰ੍ਹੇ ਦੀ ਹੁੰਦੀ ਸੀ। ਕਹਿੰਦੇ ਨੇ ਜਿਸ ਤਰ੍ਹਾਂ ਗੰਗਾ ਦੀਆਂ ਲਹਿਰਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਤਰ੍ਹਾਂ ਸ਼ਿਵਜੀ ਦੀਆਂ ਸਮਾਧੀਆ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ। ਲੇਕਿਨ ਤੀਸਰੀ ਤੁੱਕ ਦੇ ਅੱਧੇ ਹਿੱਸੇ ਵਿਚ ਬਚਨ ਆਇਆ ਹੈ :-

*"ਗਿਆਨ ਸਤਿਗੁਰ ਕੇ"*

ਸਤਿਗੁਰ ਦੇ ਦਿਤੇ ਹੋਏ ਗਿਆਨ ਨਾਲ ਪਤਾ ਚਲਦਾ ਹੈ ਕਿ ਗੰਗਾ ਦੀਆਂ ਲਹਿਰਾਂ ਵੀ ਭਾਵੇਂ ਕੋਈ ਗਿਣ ਲਏ, ਸੂਰਜ ਤੇ ਚੰਦਰਮਾਂ ਦੀਆਂ ਕਿਰਣਾਂ ਤੇ ਭਾਵੇਂ ਕੋਈ ਗਿਣ ਲਏ, ਭਾਵੇਂ ਗਿਣੀਆਂ ਨਹੀਂ ਜਾਂਦੀਆਂ। ਬਸੰਤ ਰੁੱਤ ਦੇ ਫੁੱਲ ਭਾਵੇਂ ਕੋਈ ਗਿਣ ਲਏ, ਅਸਮਾਨ ਦੀਆਂ ਬੂੰਦਾਂ ਤੇ ਭਾਵੇਂ ਕੋਈ ਗਿਣ ਲਏ। ਇਹ ਗੁਰੂ ਦੇ ਗਿਆਨ ਨਾਲ ਹੋ ਸਕਦਾ ਹੈ, ਗੁਰੂ ਦੀ ਦਿੱਤੀ ਹੋਈ ਸ਼ਕਤੀ ਨਾਲ ਤੇ ਹੋ ਸਕਦਾ ਹੈ ਭਈ ਇਹ ਚੀਜ਼ਾਂ ਗਿਣੀਆਂ ਜਾਣ, ਪਰ ਗਿਣੀਆਂ ਨਹੀਂ ਜਾਂਦੀਆਂ। ਇਸੇ ਤਰ੍ਹਾਂ ਚੌਥੀ ਤੁੱਕ ਵਿਚ 'ਸਾਹਿਬ ਸ੍ਰੀ ਗੁਰੂ ਅਮਰ ਦੇਵ' ਦਾ ਜ਼ਿਕਰ ਹੈ :

*"ਘਣਹਰ ਬੂੰਦ ਬਸੁਅ ਰੋਮਾਵਲਿ*
*ਕੁਸਮ ਬਸੰਤ ਗਨੰਤ ਨ ਆਵੈ॥*
*ਰਵਿ ਸਸਿ ਕਿਰਣਿ ਉਦਰੁ ਸਾਗਰ ਕੋ*
*ਗੰਗ ਤਰੰਗ ਅੰਤੁ ਕੋ ਪਾਵੈ॥*

ਜਾਣਗੇ।

*“ਜੀਹ ਤ ਪਰ ਸਕਪਬ”*

ਫਲੇ ਨੇ ਜਿਹੜੇ ਹੱਥ ‘ਸ੍ਰੀ

SIKHBOOKCLUB.COM

*“ਜੀਹ ਤ ਪਰ ਸਕਪਬ”*

ਤੇ ਸਫਲੀ ਹੋਏਗੀ ਜਦੋਂ

ਤੇ ਜਾਂਦੇ ਰਹੇ ਹੈ ਨਾ, ਇੱਕੀ

ਆਤਮਾ ਉਸ ਅਵਸਥਾ ਤੇ ਪ

ਸਾਹਿਬ ਆਪਣੀ ਰਸਨਾ ਨਾ

ਦਾ ਜਪਣਾ। ਨਾਮ ਜਪਣ

SIKHBOOKCLUB.COM

ਜਪਣਾ ਹੀ ਤਰ੍ਹਾਂ-ਤਰ੍ਹਾਂ ਦੇ

ਕਰਨ ਵਾਲੇ 'ਸਾਹਿਬ ਸ੍ਰੀ ਗੁ

*ਰ ਸੇਵਿਓ ਜਿਸੁ ਪਸਾਇ ਗਤਿ*

ਉਹਦਾ ਭਜਨ ਸੀ ਕਿੱਲੀ, ਉਹਦਾ ਨਾ ਹੀ ਸੀ ਕੇਸਰ ਕਿੱਲੀ। ਇਹ ਸਿਆਲਕੋਟ ਦੇ ਜ਼ਿਲ੍ਹੇ ਦਾ ਇਕ ਸਿੱਖ, ਜਿਸ ਨੇ ਸ੍ਰੀ ਮਾਨ ਬ੍ਰਹਮ ਗਿਆਨੀ ਸਤਿਕਾਰ ਯੋਗ 'ਬਾਬਾ ਪ੍ਰਤਾਪ ਸਿੰਘ' ਹੋਰਾਂ ਦੀ ਬੜੀ ਸੇਵਾ ਕੀਤੀ, ਤੇ ਯਾਚਨਾ ਕੀਤੀ, ਭਈ ਕਾਕਾ ਹੈ ਨਹੀਂ। 'ਬਾਬਾ ਪ੍ਰਤਾਪ ਸਿੰਘ' ਨੇ ਕਿਹਾ ਕਿ ਤੂੰ ਵਰਨੀਆਂ ਕਰ। ਉਹ ਵਰਨੀਆਂ ਵੀ ਕਰਾਈਆਂ ਪਰ ਕਾਕਾ ਨਾ ਜੰਮਿਆ। ਫੇਰ ਉਹਨੇ ਅਰਦਾਸ ਕੀਤੀ ਮਹਾਰਾਜ ਕਿ ਜਿਸ ਤਰ੍ਹਾਂ ਤੁਸੀਂ ਕਿਹਾ ਹੈ, ਉਸੇ ਤਰ੍ਹਾਂ ਕੀਤਾ ਹੈ, ਪਰ ਕਾਕਾ ਫੇਰ ਨਹੀਂ ਜੰਮਿਆ। ਤੇ 'ਬਾਬਾ ਪ੍ਰਤਾਪ ਸਿੰਘ' ਸਾਹਿਬ ਬ੍ਰਹਮ ਗਿਆਨੀ, ਉੱਚੀ ਆਤਮਾ ਦੇ ਮਾਲਿਕ ਜ਼ਰਾ ਗੁੱਸੇ ਹੋ ਗਏ। ਔਰ ਇਹ ਵੇਖ ਕੇ 'ਬਾਬਾ ਕੇਸਰ ਕਿੱਲੀ' ਉੱਠ ਕੇ ਖਲੋ ਗਿਆ ਤੇ ਕਹਿਣ ਲੱਗਾ, "ਬੱਸ! ਨਹੀਂ ਬਣਦੀ ਗੱਲ ਫਿਰ ਅਸੀਂ ਦੇ ਦੇਈਏ ਅਸੀਂ" ਤੇ ਮਹਾਰਾਜ ਪ੍ਰਤਾਪ ਸਿੰਘ ਹੱਸ ਪਏ ਤੇ ਕਹਿਣ ਲੱਗੇ, ਫਿਰ ਤੁਸੀਂ ਦੇ ਦਿਉ। ਕਹਿਣ ਲੱਗੇ, ਓਏ ਸਿੱਖਾ, ਡੇਢ ਵੱਰ੍ਹੇ ਦੇ ਅੰਦਰ-ਅੰਦਰ ਤੇਰੇ ਘਰ ਕਾਕਾ ਜੰਮੇਗਾ ਤੇ ਉਹਦੇ ਸਿਰ ਤੇ ਚਿੱਟੇ ਕੇਸ ਹੋਣਗੇ। ਔਰ ਅਗਰ ਉਹਦੇ ਸਿਰ ਤੇ ਚਿੱਟੇ ਕੇਸ ਹੋਣਗੇ ਤਾਂ ਸਮਝੀਂ ਕੇਸਰ ਕਿੱਲੀ ਨੇ ਦਿੱਤਾ ਹੈ। ਔਰ ਅਗਰ ਨਾ ਹੋਏ ਤਾਂ ਆਖੀਂ ਬਾਬਾ ਕਿਥੋਂ ਆ ਗਿਆ? ਉਹ ਸੱਚੀਂ-ਮੁੱਚੀਂ ਕਾਕਾ ਜੰਮ ਪਿਆ ਤੇ ਕੇਸ ਵੀ ਚਿੱਟੇ। ਉਹ ਆਏ 'ਬਾਬਾ ਕੇਸਰ' ਕੋਲੋਂ ਮੱਥਾ ਟਿਕਾਉਣ ਤੇ ਬਾਬਾ ਆਖਦਾ ਮੈਨੂੰ ਨਾ ਮੱਥਾ ਟੇਕਿਓ, ਮੱਥਾ ਟੇਕਣਾ ਹੈ ਤਾਂ 'ਪ੍ਰਤਾਪ ਸਿੰਘ' ਕੋਲ ਚਲਿਆ ਜਾ। ਮੱਥਾ ਟਿਕਾਉਣ ਵਾਲਾ ਤਾਂ ਉਥੇ ਰਹਿੰਦਾ ਹੈ, ਮੈਂ ਨਹੀਂ ਮੱਥਾ ਟਿਕਵਾਉਣਾ! ਇਹ ਸਿੱਧੀ ਹੈ ਕਿ ਬਾਬਾ ਕੇਸਰ ਕਿੱਲੀ ਆਖੇਗਾ ਤੇ ਕਾਕਾ ਜੰਮ ਪਵੇਗਾ। ਪਰ ਮਹਾਰਾਜ ਕਹਿੰਦੇ ਨੇ ਕਿ ਇਹ ਕਾਹਦੀ ਬਖਸ਼ਿਸ਼ ਹੋਈ, ਇਹ ਕਾਹਦਾ ਦਾਨ ਹੋਇਆ, ਇਹ ਕਾਹਦੀ ਰਹਿਮਤ ਹੋਈ। ਜਿਹੜੀ ਆਪਣੀਆਂ ਹੁਜਤਾਂ ਨਾਲ ਆਪਣੀ ਚੰਚਲਤਾ ਨਾਲ, ਆਪਣੀ ਹੇਰਾਫੇਰੀ ਨਾਲ ਕਿਸੇ ਤੋਂ ਪ੍ਰਾਪਤ ਕੀਤੀ ਜਾਏ, ਉਹ ਦਾਤ ਨਹੀਂ, ਉਹ ਬਖਸ਼ਿਸ਼ ਨਹੀਂ, ਉਹ ਰਹਿਮਤ ਨਹੀਂ। ਔਰ ਦਾਤ ਕਦੋਂ ਮਿਲਦੀ ਹੈ, ਬਖਸ਼ਿਸ਼ ਕਦੋਂ ਮਿਲਦੀ ਹੈ ਜਦੋਂ ਗੁਰੂ ਆਪਣੇ ਸਿੱਖ ਤੇ ਤੁੱਠੇ, ਮਿਹਰਬਾਨ ਉਹ ਹੋਵੇ, ਉਦੋਂ ਬਖਸ਼ਿਸ਼ ਹੈ, ਉਦੋਂ ਦਾਤ ਮਿਲਦੀ ਹੈ। ਸੇਵਾ ਕਰਦਾ ਰਹੁ, ਕਰਦਾ ਰਹੁ ਤੇ ਜਿਸ ਦਿਨ ਸਾਹਿਬ ਤੇਰੇ ਤੇ ਤਨੋਂ-ਮਨੋਂ ਰੀਝ ਜਾਵੇ ਤੇ ਰੀਝ ਕੇ ਆਖੇ ਕਿ ਜਾ ਵੇ! ਤੈਨੂੰ ਦੋ ਪੁੱਤ ਦੇ ਦਿੱਤੇ, ਤਾਂ ਉਹ ਬਖਸ਼ਿਸ਼ ਹੈ, ਉਹ ਦਾਤ ਹੈ। ਆਹ ਜਿਹੜਾ ਕਿਹਾ ਕਿ ਰੋਜ਼ ਅਰਦਾਸ ਕਰ, ਰੋਜ਼ ਅਰਦਾਸ ਕਰ ਕਿ ਮੇਰੇ ਕਾਕਾ ਜੰਮੇ। ਇਹ ਤਾਂ ਫਿਰ ਗੁਰੂ ਨੂੰ ਮਜਬੂਰ ਕੀਤਾ ਕਿ ਗਲੋਂ ਲਾਹੁਣ ਲਈ ਫਿਰ ਦੇਵੇ ਸਾਨੂੰ ਕਾਕਾ! ਮਿੱਤਰਾ, ਬਖਸ਼ਿਸ਼ ਉਹ ਹੈ ਭਈ ਸੇਵਾ ਕਰਦਾ ਰਹੁ, ਕਰਦਾ ਰਹੁ, ਕਰਦਾ ਰਹੁ ਤੇ ਜਿਸ ਦਿਨ ਗੁਰੂ ਦਇਆ ਵਿਚ ਆ ਜਾਵੇ ਤਾਂ ਉਸ ਦਿਨ ਗੁਰੂ ਨੇ ਇਕ ਦੀ ਬਜਾਇ ਜੋੜੀ ਬਖਸ਼ ਦਿੱਤੀ।

'ਸਾਹਿਬ ਸ੍ਰੀ ਗੁਰੂ ਅਮਰਦੇਵ' ਜਿਨ੍ਹਾਂ ਦੇ ਸੱਜੇ ਹੱਥ ਤੇ ਕਮਲ ਫੁੱਲ ਹੈ ਤੇ ਸਿੱਧੀ, ਵਾਕ

ਜੋ ਕੁਝ ਆਖਣਾ ਠੀਕ ਹੋ ਜਾਣਾ। ਇਹ 'ਗੁਰੂ ਅਮਰਦਾਸ' ਦੇ ਖੱਬੇ ਪਾਸੇ ਸਿੱਧੀ ਅਰਥਾਤ ਸਾਹਮਣੇ ਖਲੋਤੀ ਹੋਈ ਹੈ। ਜਿਹੜੀ ਤਿੰਨਾਂ ਲੋਕਾਂ ਵਿੱਚ ਵੱਸਣ ਵਾਲੇ ਵੱਸਦੀ ਹੈ, ਅਰਥਾਤ ਜੀਵਾਂ ਨੂੰ ਮੋਹ ਲੈਣ ਵਾਲੀ ਹੈ ਨਾ, ਇਹ ਸਿੱਧੀ ਹਜ਼ੂਰ ਦੇ ਖੱਬੇ ਪਾਸੇ ਵੱਸਦੀ ਹੈ!

"ਰਿਦੈ ਬਸੈ ਅਕਹੀਉ"

ਤੇ ਅਮਰਦਾਸ ਦੇ ਹਿਰਦੇ ਵਿਚ ਵੱਸਦਾ ਹੈ ਨਾ ਕਿਹਾ ਜਾਣ ਵਾਲਾ, ਨਾ ਕਥਨ ਵਿਚ ਆਉਣ ਵਾਲਾ, ਬਲਕਿ 'ਸਤਿਨਾਮ-ਵਾਹਿਗੁਰੂ' ਅਮਰਦਾਸ ਦੇ ਹਿਰਦੇ ਵਿਚ ਵੱਸਦਾ ਹੈ।

*ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ॥*
*ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ॥*
*ਮਸਤਕਿ ਨੀਸਾਣ ਸਚਉ ਕਰਮੁ ਕਲ੍ਯ ਜੋੜਿ ਕਰ ਧੵਾਇਅਉ॥*
*ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ॥ ੯॥*
(ਪੰਨਾ ੧੩੯੪)

ਇਸ ਪੰਕਤੀ ਦਾ ਭਾਵ ਹੈ ਕਿ ਜਿਨ੍ਹੇ ਪਰਸ ਲਿਆ ਹੈ 'ਸ੍ਰੀ ਗੁਰੂ ਰਾਮਦਾਸ' ਨੂੰ ਛੂਹ ਲਿਆ ਹੈ ਅਮਰਦਾਸ ਨੂੰ, ਜਿਨ੍ਹੇ ਨਮਸ਼ਕਾਰ ਕਰ ਲਈ ਹੈ ਅਮਰਦਾਸ ਨੂੰ ਤਾਂ ਸਮਝੋ ਉਹਨੂੰ ਸਾਰੀਆਂ ਇੱਛਾਂ ਮਿਲ ਗਈਆਂ, ਉਸ ਦੀਆਂ ਸਾਰੀਆਂ ਖਾਹਿਸ਼ਾ ਪੂਰੀਆਂ ਹੋ ਗਈਆਂ। 'ਮਾਨ ਸਿਘ ਝੌਰਾ' ਕਹਿੰਦੇ, ਮੈਂ ਇਕ ਬਚਨ ਪੜ੍ਹਿਆ ਹੈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ:

'ਤਿ ਨਰ ਦੁਖ ਨਹ ਭੁਖ'

ਉਹ ਆਦਮੀ ਨਾ ਦੁਖੀ ਹੁੰਦੇ ਨੇ ਤੇ ਨਾ ਹੀ ਉਹਨਾਂ ਨੂੰ ਭੁੱਖ ਸਤਾਉਂਦੀ ਹੈ। ਉਹ ਆਦਮੀ ਨਿਰਧਨ ਨਹੀਂ ਕਹੇ ਜਾ ਸਕਦੇ, ਗਰੀਬੜੇ-ਕੰਗਲੇ ਨਹੀਂ ਕਹੇ ਜਾ ਸਕਦੇ। ਉਹਨਾਂ ਨੂੰ ਨਾ ਹੀ ਹਾਵੇ, ਹੌਕੇ, ਗਮ ਆਉਂਦੇ ਨੇ। ਉਹਨਾਂ ਆਦਮੀਆਂ ਦਾ ਕੋਈ ਅੰਤ ਵੀ ਨਹੀਂ ਲੈ ਸਕਦਾ। ਉਹਨਾਂ ਆਦਮੀਆਂ ਦਾ ਕੋਈ ਅੰਤ ਨਹੀਂ ਪਾ ਸਕਦਾ।

*ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ॥*

ਉਹ ਆਦਮੀ ਕਿਸੇ ਦੂਸਰੇ ਦੀ ਸੇਵਾ ਨਹੀਂ ਕਰਦੇ, ਯਾਨੀ ਕਿਸੇ ਦੇ ਗੁਲਾਮ ਨਹੀਂ ਬਣਦੇ, ਉਹ ਕਿਸੇ ਦੇ ਦਰ ਦੇ ਭਿਖਾਰੀ ਨਹੀਂ ਬਣਦੇ, ਤੇ ਉਹ ਆਦਮੀ ਹਜ਼ਾਰਾਂ ਆਪ ਅਰਪਣ ਕਰ ਸਕਦੇ ਨੇ, ਆਪ ਭੇਟਾ ਕਰ ਸਕਦੇ ਨੇ, ਉਹ ਆਦਮੀ ਗਲੀਚਿਆਂ ਉੱਤੇ ਬੈਠਦੇ ਨੇ! ਉਹ ਆਦਮੀ ਸੰਸਾਰ ਵਿਚ ਸੁੱਖ ਪਾਉਂਦੇ ਨੇ ਜਿਨ੍ਹਾਂ ਉੱਤੇ ਕੋਈ ਭੈਅ ਨਹੀਂ ਹੁੰਦਾ, ਜਿਨ੍ਹਾਂ ਉੱਤੇ ਕੋਈ ਡਰ ਨਹੀਂ ਹੁੰਦਾ।

*ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸੁ ਸੁਪ੍ਰਸੰਨੁ ਜਿਹ॥"* (ਪੰਨਾ ੧੩੯੪)

ਇਹ ਸਾਰੇ ਪਦਾਰਥ, ਇਹ ਸਾਰੀਆਂ ਰਹਿਮਤਾਂ ਆਦਮੀ ਨੂੰ ਤਾਂ ਮਿਲ ਸਕਦੀਆਂ ਨੇ

ਜੇ ਇਸ ਦੇ ਉੱਤੇ 'ਗੁਰੂ ਅਮਰਦਾਸ' ਪ੍ਰਸੰਨ ਹੋ ਗਿਆ। ਫਿਰ ਉਹ ਸੰਸਾਰ ਵਿਚ ਸੁਖ ਲੈਂਦੇ ਨੇ, ਉਹਨਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਘਾਟਾ ਨਹੀਂ!

**'ਭਲੇ ਅਮਰਦਾਸ ਗੁਣ ਤੇਰੇ,**
**ਭਲੇ ਅਮਰਦਾਸ ਗੁਣ ਤੇਰੇ.....**

ਹਜ਼ੂਰ ਦਾ ਅਵਤਾਰ ੧੫ ਜੇਠ, ਬਿਕਰਮੀ ਸੰਮਤ ੧੫੩੬ ਨੂੰ, ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ, ਤੇਜਭਾਨ ਖੱਤਰੀ ਦੇ ਘਰ, 'ਮਾਤਾ ਸੁਲੱਖਣੀ' ਦੀ ਕੁੱਖੋਂ ਹੋਇਆ। ਬਚਪਨ ਵਿਚ ਉਸਨੂੰ 'ਲਖਮੀ-ਲਖਮੀ' ਵੀ ਕਹਿੰਦੇ ਸਨ। ੧੫੬੯ ਬਿਕਰਮੀ ਵਿਚ, ਸਿਆਲਕੋਟ ਦੇ ਜ਼ਿਲ੍ਹੇ ਤੇ ਖਤਰੇ ਪਿੰਡ ਦੇ ਰਹਿਣ ਵਾਲੇ, ਦੇਵੀ ਚੰਦ ਦੀ ਲੜਕੀ 'ਰਾਮ ਕੌਰ' ਨਾਲ ਆਪ ਜੀ ਦੀ ਸ਼ਾਦੀ ਹੋਈ। ਜਦੋਂ ੨੧ਵੀਂ ਵੇਰਾਂ ਗੰਗਾ ਦਾ ਇਸ਼ਨਾਨ ਕਰਦੇ ਆ ਰਹੇ ਸੀ ਤਾਂ ਰਸਤੇ ਵਿਚ ਸਾਥੀ ਮਿਲ ਗਿਆ। ਕਿਸੇ ਜਗ੍ਹਾ ਆਰਾਮ ਕਰਨਾ ਚਾਹਿਆ ਤੇ ਸਾਥੀਆਂ ਵਿਚੋਂ ਇਕ ਸਾਥੀ ਦੀ ਨਜ਼ਰ ਚਲੀ ਗਈ ਸਾਹਿਬ 'ਗੁਰੂ ਅਮਰਦੇਵ' ਦੇ ਚਰਨਾਂ ਵੱਲ ਤੇ ਬਦੋ-ਬਦੀ ਉਸ ਸਾਥੀ ਦਾ ਸਿਰ ਝੁੱਕ ਗਿਆ, ਕਿਉਂਕਿ ਚਰਨ ਵਿਚ ਪਦਮ ਦਾ ਨਿਸ਼ਾਨ ਸੀ ਤੇ ਪਦਮ ਨਿਸ਼ਾਨ ਮਹਾਂਪੁਰਸ਼ਾਂ, ਅਵਤਾਰਾਂ ਦੇ ਚਰਨਾਂ ਵਿਚ ਹੁੰਦਾ ਹੈ। ਆਖਿਆ ਨਹੀਂ ਕਿਸੇ ਨੇ ਕਿ ਮੱਥਾ ਟੇਕ। ਹੁਣ ਤਾਂ ਅਸੀਂ ਅਗਰ ਕਿਸੇ ਨੂੰ ਲੈ ਜਾਂਦੇ ਹਾਂ ਤੇ ਵੇਖ ਕੇ ਆਪਣੇ ਆਪ ਸਿਰ ਝੁਕ ਗਿਆ।

SIKHBOOKCLUB.COM

'ਮਾਨ ਸਿੰਘ ਜੀ ਝੌਰ' ਕਹਿੰਦੇ ਹਨ ਮੈਂ ਇਕ ਮੁਸਲਮਾਨ ਦਾ ਬਚਨ ਪੜ੍ਹਿਆ ਕਿ ਬਦੋ-ਬਦੀ ਜਿਹਦੇ ਤੇ ਸਿਰ ਨਾ ਝੁਕੇ ਯਾਰੋ, ਆਪਣੇ ਆਪ ਨਾ ਝੁਕੇ ਸਿਰ ਤਾਂ ਉਹਨੂੰ ਦਰ ਨਹੀਂ ਆਖਦੇ :

**"ਸਿਰ ਜਿਸ ਪੇ ਨਾ ਝੁਕ ਜਾਏ, ਉਸੇ ਦਰ ਨਹੀਂ ਕਹਿਤੇ।**
**ਔਰ ਹਰ ਦਰ ਪੇ ਜੋ ਝੁਕ ਜਾਏ, ਉਸੇ ਸਰ ਨਹੀਂ ਕਹਿਤੇ।"**

ਪੱਥਰ ਆਇਆ ਤੇ ਮੱਥਾ ਟੇਕ ਦਿੱਤਾ, ਮੂਰਤੀ ਆਈ ਤੇ ਮੱਥਾ ਟੇਕ ਦਿੱਤਾ, ਚੰਡੀ ਆਈ ਤੇ ਮੱਥਾ ਟੇਕ ਦਿੱਤਾ, ਰਾਮ ਤੁਲਸੀ ਆਈ ਤੇ ਮੱਥਾ ਟੇਕ ਦਿੱਤਾ, ਸ਼ਾਮ-ਤੁਲਸੀ ਆਈ ਤੇ ਮੱਥਾ ਟੇਕ ਦੇ। ਜਿਥੋਂ ਤਿੰਨ ਮੱਥਾ ਪਾਟੇ ਨੇ, ਉਥੇ ਵੀ ਮੱਥਾ ਟੇਕ ਦੇ ਤੇ ਜਿਥੋਂ ਚਾਰ ਪਾਟੇ ਨੇ, ਉਥੋਂ ਵੀ ਮੱਥਾ ਟੇਕ ਦੇ! ਗੁਰੂ ਨੇ ਤਾਂ ਮਸਾਂ ਇਕ ਰਾਹ ਬਣਾਇਆ ਸੀ, ਪਰ ਇਹ ਰਸਤੇ-ਰਸਤੇ ਵਿਚ ਦੀਵੇ ਬਾਲਦਾ ਫਿਰਦਾ ਹੈ। ਸਿਰ ਉਹ ਹੈ ਜੋ ਇਕ ਥਾਂ ਝੁਕ ਗਿਆ ਤੇ ਝੁਕ ਗਿਆ ਤੇ ਜਿਹੜੇ ਬੇ-ਨਵਾਰ ਲੋਗ ਨੇ ਉਹ ਲਿਹਾਜ਼ ਨਹੀਂ ਕਰਦੇ ਤੇ ਕਹਿੰਦੇ ਨੇ :

**"ਇਨਸਾਨ ਨਾ ਹੋਂਗੇ, ਜਿਤਨੇ ਖੁਦਾ ਹੈਂ ਖੁਦਾਈ ਮੇਂ।**
**ਅਰੇ ਕਿਸ-ਕਿਸ ਖੁਦਾ ਕੋ, ਭਲਾ ਸਿਜਦਾ ਕਰੇ ਕੋਈ!**

ਲੋਕੀਂ ਤਾਂ ਹੁਣ ਮਜਬੂਰ ਹੋ ਗਏ ਨੇ ਕਿ ਭਲਾ ਕਿਸ ਨੂੰ ਮੱਥਾ ਟੇਕੀਏ! ਯਾਤਰੂ ਵੀ ਬੜੇ ਪਰੇਸ਼ਾਨ ਨੇ ਕਿ ਕਿਹੜਾ ਸੱਚਾ ਸੋਢੀ ਹੈ, ਕਿਹੜਾ ਸੱਚਾ ਗੁਰੂ ਹੈ? ਇਸ ਲਈ ਪਰੇਸ਼ਾਨੀ ਦੂਰ ਕਰਨ ਵਾਸਤੇ 'ਧੰਨ ਗੁਰੂ ਅਮਰਦੇਵ' ਪਾਤਸ਼ਾਹ ਤੁਹਾਡਾ ਅਵਤਾਰ ਹੋਇਆ ਹੈ। ਔਰ ਜਿਸ ਦਾ ਸਿਰ ਝੁਕਿਆ ਸੀ ਨਾ ਉਹ ਕਹਿਣ ਲੱਗਾ, "ਮਹਾਰਾਜ! ਥੋੜੇ ਦਿਨਾਂ ਤੱਕ ਕੁਝ ਸੁਣੋਂਗੇ ਕਿ ਫੇਰ ਤੁਹਾਡੇ ਕੋਲੋਂ ਆਪਣੇ ਮਨ ਦੀਆਂ ਮੰਗਾਂ ਮੰਗਾਂਗੇ।" ਗਰੀਬ ਨਿਵਾਜ਼ ਤੇ ਸੱਚਾ ਪਾਤਸ਼ਾਹ ਹੈਰਾਨ ਸਨ ਭਈ ਇਹ ਕੀ ਆਖਦਾ ਹੈ? ਆਰਾਮ ਕਰਕੇ ਸਫਰ ਇਹ ਫਿਰ ਸ਼ੁਰੂ ਹੋ ਗਿਆ ਤੇ ਜਿਸ ਨੇ ਪੱਦਮ ਕਾ ਨਿਸ਼ਾਨ ਵੇਖ ਕੇ ਮੱਥਾ ਟੇਕਿਆ ਸੀ ਨਾ ਆਪਣੇ ਆਪ! ਗੱਲ ਪੁੱਛ ਬੈਠਾ ਮਹਾਰਾਜ, "ਕਿ ਤੁਹਾਡਾ ਗੁਰੂ ਕੌਣ ਹੈ?" ਜਦੋਂ ਮੁੰਡਾ ਕੁਸ਼ਤੀ ਜਿੱਤ ਕੇ ਆਉਂਦਾ ਹੈ ਨਾ ਤੇ ਫੇਰ ਹੀ ਸਾਰੇ ਪੁੱਛਦੇ ਨੇ ਨਾ ਭਲਵਾਨਾ, ਉਸਤਾਦ ਕਿਹੜਾ ਈ? ਉਸਤਾਦੀ-ਸ਼ਾਗਿਰਦ ਦਾ ਮਾਨ ਬੜਾ ਸੀ। ਔਰ ਅੱਜ-ਕਲ੍ਹ ਇੰਡੀਆ ਦਾ ਮੁੰਡਾ ਰੋਟੀ ਰੱਜ ਕੇ ਉਦੋਂ ਖਾਂਦਾ ਹੈ ਜਿਸ ਦਿਨ ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਰੱਜ ਕੇ ਜੁੱਤੀ ਫੇਰਦਾ ਹੈ। ਭਈ ਅੱਜ ਮੈਂ ਪ੍ਰਿੰਸੀਪਲ ਨੂੰ ਕੁੱਟਿਆ ਹੈ।

ਮਾਂ ਜਨਮ ਦਿੰਦੀ ਹੈ, ਪਰ ਖੋਤੇ ਤੋਂ ਦੇਵਤਾ 'ਉਸਤਾਦ' ਹੀ ਬਣਾਉਂਦਾ ਹੈ। ਅਸੀਂ ਉਸਤਾਦ ਦੀ ਕਦਰ ਨਹੀਂ ਜਾਣਦੇ। ਬੜੀਆਂ ਮਿੱਠੀਆਂ-ਮਿੱਠੀਆਂ, ਬੜੀਆਂ ਭਿੱਜੀਆਂ ਹੋਈਆਂ ਐ--- ਆਤਮਕ ਰੱਸ ਵਿਚ ਡੁੱਬੇ ਹੋਏ ਬਚਨ ਸੁਣੇ ਤੇ ਉਹ ਸਿਆਣੇ ਨੇ ਪੁਛਿਆ ਕਿ ਤੁਹਾਡਾ ਗੁਰੂ ਕਿਹੜਾ ਹੈ ਗੁਰੂ? ਤੇ ਅਮਰਦੇਵ ਹੈਰਾਨ ਹੋ ਗਏ ਕਿ ੨੧ ਵੇਰਾਂ ਗੰਗਾ ਦਾ ਇਸ਼ਨਾਨ ਕੀਤਾ ਹੈ ਤੇ ਅਜੇ ਵੀ ਗੁਰੂ ਦੀ ਲੋੜ ਹੀ ਰਹੀ! ਔਰ ਜਿਹੜੇ ਬੰਦੇ ਨੇ ਸਵਾਲ ਕੀਤਾ ਸੀ, ਜ਼ਿੰਦਗੀ ਜਿੰਨਾ ਲੰਬਾ ਹੋਕਾ ਮਾਰ ਕੇ ਕਹਿਣ ਲੱਗਾ ਕਿ ਅੱਜ ਤੋਂ ਪਹਿਲਾਂ ਜੋ ਜੱਪ, ਤੱਪ, ਯੋਗ, ਪੂਜਾ, ਪਾਠ ਜੋ ਕੁੱਝ ਕੀਤਾ ਸੀ, ਮਿੱਟੀ ਵਿਚ ਮਿਲ ਗਿਆ, ਸੁਆਹ ਹੋ ਗਿਆ। ਅਮਰੂ ਨੇ ਪੁੱਛਿਆ, "ਕਿਉਂ?" ਕਹਿੰਦਾ ਤੁਹਾਡੇ ਵਰਗੇ ਦੇ ਦਰਸ਼ਨ ਹੋ ਗਏ ਤਾਂ ਮੇਰਾ ਤੇ ਸਮਝੋ ਫਿਰ ਸਭ ਕੁਝ ਨਸ਼ਟ ਹੋ ਗਿਆ। 'ਭਾਈ ਗੁਰਦਾਸ' ਜੀ ਦੀਆਂ ਵਾਰਾਂ ਵਿਚ ਆਉਂਦਾ ਹੈ:-

*"ਪੁਤੁ ਸਪੁਤੁ ਹੋਵੈ ਸੁਖਦਾਈ।"*

ਕਹਿੰਦੇ ਨੇ ਜਦੋਂ ਮਾਂ ਨੇ ਆਪਣੀ ਹਾਲਤ ਨੂੰ ਅਕਲ ਦੀ ਤੱਕੜੀ ਨਾਲ ਤੋਲਿਆ ਤੇ ਵਾਹਿਗੁਰੂ ਅੱਗੇ ਅਰਦਾਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਹੇ ਵਾਹਿਗੁਰੂ! ਜੇ ਗੋਦ ਹਰੀ ਕਰਨ ਲੱਗਾ, ਜੇ ਮੇਰੇ ਪਤੀ ਦੀ ਵੇਲ ਵਧਾਉਣ ਲੱਗਾ ਹੈਂ, ਜੇ ਮੇਰੇ ਖਾਨਦਾਨ ਦੀਆਂ ਜੜ੍ਹਾਂ ਵਧਾਉਣ ਲੱਗਾ ਹੈ ਤਾਂ ਪੁੱਤਰ ਦੇਈਂ ਕਪੁੱਤਰ ਪੁੱਤਰ ਨਾ ਦੇਈਂ।

*"ਪੁਤੁ ਸਪੁਤ ਹੋਵੈ ਸੁਖਦਾਈ।"*

ਜਿਹੜਾ ਦੇਸ਼ ਕੌਮ ਵਾਸਤੇ, ਗਲੀ, ਗੁਆਂਢ ਵਾਸਤੇ, ਮਹੱਲੇ-ਰਿਸ਼ਤੇਕਾਰਾਂ, ਪਿਉ ਵਾਸਤੇ ਸੁਖਦਾਈ ਹੋਵੇ, ਐਸਾ ਪੁੱਤਰ ਦੇਈਂ। ਔਰ ਜੇ ਪੁੱਤਰ ਦੇਣਾ ਸ਼ਰਾਬੀ, ਕਬਾਬੀ ਬਦਚਲਨ, ਜੁਆਰੀਆ!

*"ਕੁਪੁਤਹੁੰ ਧੀ ਚੰਗੇਰੜੀ"*

ਅਰਥਾਤ ਇਹੋ ਜਿਹੇ ਕੁਲਛਣੇ ਪੁੱਤ ਨਾਲੋਂ ਧੀ ਹੀ ਚੰਗੀ!

*"ਪਰ ਘਰ ਜਾਇ ਵਸਾਇ ਨ ਆਈ।"*

ਔਰ ਜੇ ਕੁੜਮ ਵੀ ਭੈੜੇ ਮਿਲ ਜਾਣ ਤੇ ਕੱਢ ਲੈਣ ਮੇਰੀ ਕੁੜੀ ਨੂੰ ਡੋਲੀ ਵਿਚੋਂ ਤੇ ਡੋਲੀ ਖਾਲੀ ਭੇਜ ਦੇਣ, ਹੈ ਤੇ ਬੜਾ ਹੈ ਜ਼ਬਰਦਸਤ ਤਾਹਨਾ, ਪਰ ਮੈਂ ਵੀ ਤਾਂ ਵੀ ਸ਼ੁਕਰਗੁਜ਼ਾਰ ਕਰਦਾ ਹਾਂ ਕਿ ਭਾਵੇਂ ਡੋਲੀ ਖਾਲੀ ਆ ਗਈ ਹੈ, ਪਰ ਮੇਰੀ ਧੀ ਨੇ ਘਰ ਤੇ ਵਸਾ ਦਿੱਤਾ ਨਾ, ਤੇ ਜੇ ਧੀ ਵੀ ਮੈਨੂੰ ਕੁੱਲਛਣੀ ਦੇਣੀ ਆ ਧੀ ਵੀ ਮੈਨੂੰ ਬਦਚਲਨ ਦੇਣੀ ਆ, ਤਾਂ ਇਹਦੇ ਨਾਲੋਂ ਤਾਂ ਫਿਰ ਮੈਨੂੰ ਔਲਾਦ ਨਾ ਦੇਈਂ। ਮੇਰੀ ਗੋਦ ਨਾ ਹਰੀ ਕਰੀਂ। ਇਹੋ ਜਿਹੇ ਬੱਚਿਆਂ ਤੋਂ ਮੇਰੇ ਪਤੀ ਦੀ ਵੇਲ ਨਾ ਹੀ ਵਧੇ!

ਸੋ ਸਾਨੂੰ ਇਹੀ ਸਿੱਖਿਆ ਲੈਣੀ ਚਾਹੀਦੀ ਹੈ ਕਿ ਅਸੀਂ ਚੰਗੇ ਸੰਸਕਾਰ ਆਪਣੇ ਵਿਚ ਪੈਦਾ ਕਰਨੇ ਨੇ, ਆਪਣੇ ਅੰਦਰ ਇਕ ਗੁਰੂ ਨੂੰ ਹੀ ਧਾਰਨ ਕਰਨਾ ਹੈ, ਜਗ੍ਹਾ-ਜਗ੍ਹਾ ਤੇ ਮੱਥੇ ਨਹੀਂ ਟੇਕਣੇ ਹਨ, ਨਹੀਂ ਤਾਂ ਸਾਨੂੰ ਕਦੇ ਇਕ ਦੀ ਵੀ ਪ੍ਰਾਪਤੀ ਨਹੀਂ ਹੋ ਪਾਏਗੀ। ਸਾਨੂੰ ਕੇਵਲ ਆਪਣੇ ਬਾਰੇ ਹੀ ਨਹੀਂ, ਬਲਕਿ ਦੂਜਿਆਂ ਲਈ ਵੀ ਸੋਚਣਾ ਚਾਹੀਦਾ ਹੈ, ਤਾਂਕਿ ਉਹਨਾਂ ਨੂੰ ਖੁਸ਼ੀ ਮਿਲ ਸਕੇ। ਸਾਨੂੰ ਕੀਰਤਨ ਤੋਂ ਇਲਾਵਾਂ ਕਥਾ ਵੀ ਸੁਣਨੀ ਚਾਹੀਦੀ ਹੈ, ਕਿਉਂਕਿ ਕੀਰਤਨ ਵਿਚ ਕਈ ਐਸੇ ਸ਼ਬਦ ਹੁੰਦੇ ਨੇ, ਜਿਨ੍ਹਾਂ ਦੇ ਅਰਥ ਅਸੀਂ ਨਹੀਂ ਸਮਝ ਪਾਂਦੇ, ਪਰ ਉਹੀ ਸ਼ਬਦਾਂ ਦੇ ਅਰਥ ਜਦੋਂ ਸਾਨੂੰ ਕਥਾ ਤੋਂ ਸੁਣਨ ਤੇ ਮਿਲਦੇ ਹਨ ਤਾਂ ਸਾਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

# ਨਿਗੁਰੇ ਨੂੰ ਪਾਪੀ ਕਿਉਂ ਆਖਿਆ ?

ਗੁਰੂ ਕੀ ਪਰਮ ਸਤਿਕਾਰਯੋਗ ਨਿਵਾਜ਼ੀ ਗੁਰੂ ਕਾ ਸੁੰਦਰ ਸਰੂਪ ਸਾਧ ਸੰਗਤ ਜੀ! ਜਿੰਨੀ ਵੀ ਗੁਰੂ ਨੇ ਸੰਸਾਰ ਵਿਚ ਸ੍ਰਿਸ਼ਟੀ ਬਣਾਈ ਹੈ ਉਸ ਵਿਚ ਨਿਗੁਰੇ ਵਰਗਾ ਪਾਪੀ ਕੋਈ ਨਹੀਂ। ਗੁਰੂ ਨੇ ਨਿਗੁਰੇ ਨੂੰ ਪਾਪੀ, ਦੁਸ਼ਟ, ਹਤਿਆਰਾ ਕਿਉਂ ਆਖਿਆ?

ਕਿਉਂਕਿ :

*"ਨਾ ਗੁਰ ਸਰਣਾਈ ਮਾਤਾ-ਪਿਤਾ,*
*ਨਾ ਗੁਰ ਸਰਣਾਈ ਮਾਤਾ-ਪਿਤਾ।"*

ਅਰਥਾਤ ਨਿਗੁਰਾ ਨਾ ਮਾਂ ਦਾ ਕਹਿਣਾ ਮੰਨਦਾ, ਨਾਂ ਪਿਉ ਦਾ ਕਹਿਣਾ ਮੰਨਦਾ, ਨਾ ਗੁਰੂ ਦੀ ਸ਼ਰਨ ਵਿਚ ਆਉਂਦਾ ਤੇ ਨਾ ਹੀ ਕਿਸੇ ਦੇਵੀ-ਦੇਵਤੇ ਦਾ ਆਦਰ-ਸਤਿਕਾਰ ਕਰਨਾ ਜਾਣਦਾ। ਸਿਆਣੇ ਦਾਨੇ ਨੇ ਆਖਿਆ, ਅੱਜ ਤਾਂ ਜਪ-ਤਪ ਨਸ਼ਟ ਹੋ ਗਿਆ, ਕਿਉਂਕਿ ਅੱਜ ਨਿਗੁਰਾ ਨਿਉਂ ਪਿਆ ਔਰ ਇਕ ਪਿਛਲੀ ਅਵੱਸਥਾ ਆਈ ਹੋਈ ਤੇ ਅਮਰੂ ਨੇ ਹੌਕਾ ਮਾਰਿਆ ਹੈ, ਮੈਂ ਨਿਗੁਰਾ! ਮੇਰਾ ਦਰਸ਼ਨ ਕੀਤਿਆਂ ਜਪ-ਤਪ ਨਾਸ਼ ਹੋ ਜਾਂਦਾ ਹੈ! ਮੇਰਾ ਦਰਸ਼ਨ ਕੀਤਿਆਂ ਪੁੰਨ ਮਿੱਟੀ ਵਿਚ ਮਿਲ ਜਾਂਦੇ ਨੇ! ਚਿੰਤਾ ਵਿਚ ਘਰ ਆਇਆ, ਦਿਨ ਕੱਟਿਆ ਪਰ ਰਾਤ ਨੀਂਦ ਨਾ ਆਵੇ ਤੇ ਜਦ ਪ੍ਰਭਾਵ ਪਿਆ ਉਸ ਤੇ ਪ੍ਰਭਾਤ ਵੇਲੇ ਕਿ ਉਸ ਦੇ ਭਰਾ ਦੀ ਨੂੰਹ ਆਪਣੇ ਭਤੀਜੇ ਨੂੰ, ਗੁਰੂ ਅਮਰ ਦੇਵ ਦੇ ਭਤੀਜੇ ਦੇ ਘਰ ਵਾਲੇ ਦੀ ਬੀਬੀ, ਗੁਰੂ ਅੰਗਦ ਦੇਵ ਦੀ ਸਤਿਕਾਰਯੋਗ ਸਪੁੱਤਰੀ, ਉਸ ਨੇ ਦਹੀਂ ਪਾਇਆ ਚਾਟੀ ਵਿਚ, ਹੱਥ ਵਿਚ ਫੜੀਆਂ ਨੇਤਰਾਂ ਦੀਆਂ ਗੁੱਟੀਆਂ ਤੇ ਪੈਰ ਲਾਇਆ ਚਾਟੀ ਨਾਲ ਤੇ ਦਹੀਂ ਰਿੜਕਨਾ ਸ਼ੁਰੂ ਕਰ ਦਿੱਤਾ।

ਸਾਹਿਬ ਸੱਚਾ ਪਾਤਿਸ਼ਾਹ ਕਹਿੰਦੇ ਨੇ ਕਿ ਲੜਕੀ ਨੂੰ ਬਾਣੀ ਪੜ੍ਹਾਉਣੀ ਕਿਉ ਜ਼ਰੂਰੀ ਹੈ? ਲੜਕੀ ਨੂੰ ਗੁਰਮਤੀਆ ਬਣਾਉਣਾ ਕਿਉਂ ਜ਼ਰੂਰੀ ਹੈ? ਅੰਗਦ ਸਾਹਿਬ ਦੀ ਲੜਕੀ ਗੁਰਮਤੀਆ ਰਿੜਕਦੀ ਹੈ ਲੱਸੀ, ਕੰਮ ਘਰ ਦਾ ਸੰਸਾਰੀ ਤੇ ਲੱਸੀ ਰਿੜਕਦੀ-ਰਿੜਕਦੀ ਨਿੱਤ ਅਨੁਸਾਰ ਆਪਣੀ ਖੁਰਾਕ ਪੂਰੀ ਕਰਨ ਵਾਸਤੇ ਕਹਿਣ ਲੱਗੀ :-

*"ਕਰਣੀ ਕਾਗਦੁ"*

ਅਰਥਾਤ ਜਿਹੜੀ ਕਰਣੀ ਹੈ ਨਾ ਸਾਡੇ ਅੰਦਰ ਉਹ ਇਕ ਕਾਗਦ ਹੈ, ਤੇ-

*"ਮਨੁ ਮਸਵਾਣੀ"*

ਔਰ ਜਿਹੜਾ ਸਾਡਾ ਮਨ ਹੈ ਦਵਾਤ ਹੈ ਸਿਆਹੀ ਨਾਲ ਭਰੀ ਹੋਈ,

*"ਬੁਰਾ ਭੁਲਾ ਦੁਇ ਲੇਖ ਪਏ॥*

ਸਾਡੀ ਕਰਣੀ ਤੇ ਕਾਗਜ਼, ਸਾਡੀਆਂ ਕਰਤੂਤਾਂ ਦੇ ਕਾਗਜ਼ ਦੇ ਉੱਤੇ ਦੋ ਲਿਖੇ ਜਾਂਦੇ ਨੇ ਲੇਖ :-

'ਭਲਾ ਤੇ ਬੁਰਾ ਪਾਪ ਤੇ ਪੁੰਨ, ਨੇਕੀ ਤੇ ਬੱਦੀ।'

*'ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ'*

ਅਗਲੇ ਜਨਮ ਵਿਚ ਪਿਛਲੇ ਜਨਮ ਦੇ ਕੀਤੇ ਹੋਏ ਕਰਮਾਂ ਅਨੁਸਾਰ ਜੀਵ ਚਲੱਦਾ ਹੈ।

*ਜਾਲੀ ਰੇ !*

ਜਿਹੜੀ ਰਾਤ ਹੈ, ਉਹ ਇਕ ਜਾਲੀ ਹੈ, ਜਿਹਦੇ ਵਿਚ ਨਿੱਕੇ-ਨਿੱਕੇ ਪਰਿੰਦੇ ਫ਼ਸੱਦੇ ਨੇ ਔਰ ਜਿਹੜਾ ਦਿਨ ਹੈ ਇਹ ਬੜਾ ਵੱਡਾ ਮਹਾਂਜਾਲ ਹੈ, ਜਿਹਦੇ ਵਿਚ ਮਗਰਮੱਛ ਵੀ ਫੱਸ ਜਾਂਦੇ ਨੇ। ਔਰ ਜਿਹੜੀਆਂ ਦਿਨ-ਰਾਤ ਦੀਆਂ ਘੜੀਆਂ ਨੇ ਇਹ ਨਿੱਕੀਆਂ-ਨਿੱਕੀਆਂ ਫਾਹੀਆਂ ਨੇ, ਜਿਨ੍ਹਾਂ ਵਿਚ ਕਬੂਤਰ, ਸਾਰਕ, ਜਿਸ ਵਿਚ ਨਿੱਕੇ-ਨਿੱਕੇ ਪਰਿੰਦੇ ਫੱਸ ਜਾਂਦੇ ਨੇ।

ਇਸੇ ਤਰ੍ਹਾਂ ਕਾਕੀ ਬਾਣੀ ਪੜ੍ਹੀ ਗਈ, ਨਿੱਤ ਕਰਮ ਅਨੁਸਾਰ ਪੜ੍ਹੀ ਗਈ। ਉਹਦਾ ਦੇਹ ਨਿਤਨੇਮ ਸੀ, ਇਸ ਲਈ ਉਹ ਪੜ੍ਹੀ ਗਈ ਤੇ ਅਮਰੂ ਦੇ ਕੰਨਾਂ ਵਿਚ ਉਸ ਦੇ ਬਚਨ ਪਹੁੰਚਦੇ ਗਏ, ਪਹੁੰਚਦੇ ਗਏ। ਜਿਉਂ-ਜਿਉਂ ਬਚਨ ਅੰਦਰ ਵੱਜਣ ਤਿਉਂ-ਤਿਉਂ ਤੀਰ ਵੱਜਦੇ ਗਏ ਕਿ ਇਹ ਹਾਲਤ ਮੇਰੀ! ਇਹ ਜ਼ਿੰਦਗੀ ਮੇਰੀ ਦਾ ਜ਼ਿਕਰ ਹੈ। ਔਰ ਜਿਸ ਵੇਲੇ ਲੜਕੀ ਨੇ ਮਸਤੀ ਵਿਚ ਮਸਤ ਹੋ ਕੇ ਇਹ ਅੱਖਰ ਕਹੇ ਨਾ :

*ਚਿਤ ਚੇਤਸਿ ਕੀ ਨਹੀ ਬਾਵਰਿਆ॥*
*ਬਾਵਰਿਆ ਚਿਤ ਚੇਤਸਿ ਕੀ ਨਹੀ*
*ਚਿਤ ਚੇਤਸਿ ਕੀ ਨਹੀ ਬਾਵਰਿਆ॥*
*ਹਰਿ ਬਿਸਰਤ ਤੇਰੇ ਗੁਣ ਗਲਿਆ॥*

ਗੁਣ ਦਾ ਮਤਲਬ ਰੱਸਾ ਤੇ ਗਲਿਆ ਦਾ ਮਤਲਬ ਹੁੰਦਾ ਹੈ ਗਲਾ, ਧੌਣ। ਜੇ ਹਰੀ ਵਿਸਾਰ ਦਿੱਤਾ ਤਾਂ ਤੇਰੇ ਗਲਾਂ ਵਿਚ ਜਮਾਂ ਦਾ ਰੱਸਾ ਪਵੇਗਾ, ਜਮਾਂ ਦੀ ਫਾਹੀ ਪਵੇਗੀ। ਇਹ ਸੁਣ ਕੇ ਅਮਰੂ ਹੋਰ ਘਬਰਾਇਆ। ਇਸ ਘਬਰਾਹਟ ਦੇ ਆਲਮ ਵਿਚ 'ਸ੍ਰੀ ਗੁਰੂ ਅੰਗਦ ਦੇਵ' ਸੱਚੇ ਪਾਤਸ਼ਾਹ ਦੀ ਸਪੁੱਤਰੀ ਦੀ ਰਸਨਾ ਵਿਚੋਂ ਨਿਕਲ ਗਿਆ :-

*'ਕਾਇਆ ਆਰਣੁ'*

ਆਰਣ ਕਹਿੰਦੇ ਨੇ ਭੱਠੀ ਨੂੰ ਅਰਥਾਤ ਇਹ ਜਿਹੜੀ ਕਾਇਆ ਹੈ, ਇਹ ਇਕ ਭੱਠੀ ਹੈ।

*'ਮਨੁ ਵਿਚਿ ਲੋਹਾ'*

ਲੋਹਾਰ ਨੇ ਆਪਣੀ ਦੁਕਾਨ ਵਿਚ, ਆਪਣੀ ਭੱਠੀ, ਆਪਣੇ ਆਰਨ ਵਿਚ ਜ਼ਿਮੀਦਾਰਾਂ ਦੇ ਲੋਹੇ ਪਾਏ ਹੁੰਦੇ ਨੇ, ਦਾਤਰੀਆਂ ਬਣਾਉਣ ਲਈ। ਇਸ ਕਾਇਆਂ ਦੀ ਭੱਠੀ ਵਿਚ ਮਨ ਜਿਹੜਾ ਹੈ ਉਹ ਹੈ ਲੋਹਾ।

*'ਕਾਇਆ ਆਰਣੁ ਮਨੁ ਵਿਚਿ ਲੋਹਾ*
*ਪੰਚ ਅਗਨਿ ਤਿਤੁ ਲਾਗਿ ਰਹੀ॥*

ਲੋਹਾਰ ਨੇ, ਪੇਂਡੂ ਲੋਹਾਰ ਨੇ ਆਰਨ ਵਿਚ ਪਏ ਹੋਏ ਲੋਹੇ ਨੂੰ ਤਪਾਉਣ ਵਾਸਤੇ ਕੋਲਿਆਂ ਜਾਂ ਲੱਕੜੀਆਂ ਦੀ ਅੱਗ ਬਾਲੀ ਹੋਈ ਹੈ ਔਰ ਇਹ ਕਾਇਆ ਦੀ ਭੱਠੀ ਵਿਚ ਇਹ ਜਿਹੜਾ ਮਨ ਇਕ ਲੋਹੇ ਦਾ ਟੁਕੜਾ ਹੈ ਇਸ ਨੂੰ ਪੰਜਾਂ ਦੀ ਅੱਗ ਲੱਗੀ ਹੋਈ ਹੈ। ਕਾਮ, ਕ੍ਰੋਧ, ਮੋਹ, ਲੋਭ, ਹੰਕਾਰ।

*'ਕਾਇਆ ਆਰਣੁ ਮਨੁ ਵਿਚਿ ਲੋਹਾ*
*ਪੰਚ ਅਗਨਿ ਤਿਤੁ ਲਾਗਿ ਰਹੀ॥*
*ਕੋਇਲੇ ਪਾਪ ਪੜੇ ਤਿਸੁ ਊਪਰਿ*

SIKHBOOKCLUB.COM

ਜਦੋਂ ਲੋਹਾਰ ਦੇ ਆਰਨ ਦੀ ਅੱਗ ਜ਼ਰਾ ਠੰਢੀ ਹੋ ਗਈ ਤਾਂ ਉੱਤੇ ਕੋਲੇ ਪਾ ਦਿੰਦਾ ਹੈ। ਲੱਕੜੀਆਂ ਪਾ ਦਿੰਦਾ ਹੈ, ਤਾਂਕਿ ਅੱਗ ਫਿਰ ਚਮਕ ਪਏ। ਏਸ ਕਾਇਆ ਦੀ ਆਰਨ ਵਿਚ ਪਾਪਾਂ ਦੇ ਕੋਲੇ ਪੈਂਦੇ ਨੇ। ਕਾਮ, ਕ੍ਰੋਧ ਦੀ ਅੱਗ ਫਿਰ ਭੜਕ ਪੈਂਦੀ ਹੈ।

*ਮਨੁ ਜਲਿਆ ਸੰਨ੍ਹੀ ਚਿੰਤ ਭਈ॥*

*(ਪੰਨਾ ੯੯੦)*

ਲੋਹਾਰ ਨੇ ਕੋਲੇ ਵਿਚ ਸੀਖ ਰੱਖੀ ਹੁੰਦੀ ਹੈ, ਤਾਂਕਿ ਉਹ ਤੱਤਾ ਲੋਹਾ ਫੜੇ ਤੇ ਉਸ ਦੇ ਹਥ ਨਾ ਸੜਨ। ਇਸ ਮੰਨ ਦੇ ਤੱਪੇ ਹੋਏ ਲੋਹੇ ਨੂੰ ਫੜਨ ਵਾਸਤੇ ਸੀਖ ਦੀ ਹੀ ਜ਼ਰੂਰਤ ਪੈਂਦੀ ਹੈ। ਔਰ ਅਮਰੂ ਵੀ ਅੰਦਰੋਂ ਸੋਚੀ ਜਾ ਰਿਹਾ ਸੀ ਕਿ ਇਹ ਹਾਲਤ ਮੇਰੀ ਹੈ, ਇਹ ਕਹਾਣੀ ਸਾਰੀ ਮੇਰੀ ਹੈ, ਇਹ ਕਥਾ ਮੇਰੀ ਹੈ। ਜਿਹੜੀ ਮੇਰੀ ਨੂੰਹ ਕੁਝ ਕਹਿ ਰਹੀ ਹੈ ਇਹ ਸਾਰਾ ਮੇਰਾ ਹਾਲ ਹੈ, ਮੇਰਾ ਜੀਵਨ ਹੈ। ਇਹ ਸੁਣ ਕੇ ਅਮਰੂ ਦੇ ਅੱਥਰੂ ਨਿਕਲ ਪਏ ਕਿ ਮੇਰੀ ਕੋਈ ਚੀਜ਼ ਵੀ ਲੇਖੇ ਵਿਚ ਨਹੀਂ ਪਏਗੀ। ਅੱਗੇ ਆ ਗਈ ਜ਼ਿੰਦਗੀ ਸਾਰੀ, ਆ ਗਈ ਤੀਰਥ ਯਾਤਰਾ ਨੇਤਰਾਂ ਅੱਗੇ ਸਾਰੀ ਤੇ ਨਿਰਾਸਤਾ ਵਿਚ ਡੁੱਬੇ ਪਏ ਨੂੰ ਕੰਨਾਂ ਵਿਚ ਬਲੋਮ ਪੈ ਗਈ :

### ਮਨ-ਭਇਆ ਮਨੂਰੁ ਕੰਚਨੁ ਫਿਰਿ ਹੋਵੈ

ਇਹ ਮਨੂਰ ਹੋਇਆ ਮਨ, ਇਹ ਖਿੰਦੜ ਹੋਇਆ ਮਨ, ਇਹ ਸੜਿਆ ਹੋਇਆ ਮਨ ਦੁਬਾਰਾ ਸ਼ੁੱਧ ਸੋਨਾ ਹੋ ਸਕਦਾ ਹੈ, ਪਰ ਸ਼ਰਤ ਇਹ ਹੈ :-

*ਜੇ ਗੁਰੁ ਮਿਲੈ ਤਿਨੇਹਾ॥*

ਜੇ ਉਹੋ ਜਿਹਾ ਸਮਰੱਥ ਗੁਰੂ ਮਿਲੇ ਜਿਸ ਨੂੰ ਬਾਣੀ ਕਹਿੰਦੀ ਹੈ :-

*ਸਮਰਥ ਗੁਰੂ ਸਿਰਿ ਹਥੁ ਧਰ੍ਉ॥*
*ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ*
*ਜਿਸੁ ਦੇਖਿ ਚਰੰਨ ਅਘੰਨ ਹਰ੍ਉ॥*
*ਨਿਸਿ ਬਾਸੁਰ ਏਕ ਸਮਾਨ ਧਿਆਨ*
*ਸੁ ਨਾਮ ਸੁਨੇ ਸੁਤੁ ਭਾਨ ਡਰ੍ਉ॥*
*ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ*
*ਪਾਰਸੁ ਭੇਟਿ ਪਰਸੁ ਕਰ੍ਉ॥*
*ਰਾਮਦਾਸੁ ਗੁਰੂ ਹਰਿ ਸਤਿ ਕੀਯਉ*
*ਸਮਰਥ ਗੁਰੂ ਸਿਰਿ ਹਥੁ ਧਰ੍ਉ॥* (ਪੰਨਾ ੧੪੦੦)

ਸਮਰਥ ਗੁਰੂ ਅੱਗੇ ਤਰਲਾ ਲਿਆ ਹੋਇਆ ਹੈ :-

*ਗੁਰੁ ਪੂਰਾ ਜਿਨ ਸਿਮਰਿਆ*
*ਸੇਈ ਭਏ ਨਿਹਾਲ॥* (ਪੰਨਾ ੧੪੨੫)
*ਗੁਰ ਪੂਰਾ ਜਿਨ ਸਿਮਰਿਆ----*
*ਪੂਰੇ ਕਾ ਕੀਆ ਸਭ ਕਿਛੁ ਪੂਰਾ*
*ਗੁਰ ਪੂਰਾ ਜਿਨ ਸਿਮਰਿਆ----*
*ਸਤਿਗੁਰ ਗੁਣੀ ਨਿਧਾਨ ਹੈ*
*ਗੁਣ ਕਰਿ ਬਖਸੈ ਅਵਗੁਣਿਆਰੇ।*
*ਸੁਖ ਸਾਗਰੁ ਗੁਰੁ ਦੇਉ ਹੈ*
*ਸੁਖ ਦੇ ਮੇਲਿ ਲਏ ਦੁਖਿਆਰੇ।*
*ਗੁਰ ਪੂਰਾ ਨਿਰਭਉ ਸਦਾ*
*ਜਨਮ ਮਰਣ ਜਮ ਡਰੈ ਉਤਾਰੇ।*

ਔਰ ਭਾਈ ਜੀ ਅਗਲੀ ਤੁੱਕ ਵਿਚ ਕਹਿੰਦੇ ਨੇ :-

*ਮਾਣੁ ਨਿਮਾਣੇ ਸਦ ਬਲਿਹਾਰੇ॥ ੧੯॥* (ਭਾਈ ਗੁਰਦਾਸ, ੨੬/੧੯)

ਭਾਈ ਜੀ ਉਹ ਗੱਲ ਭੁੱਲ ਗਏ ਕਿ ਉਹ ਮੇਰੀ ਨੂੰਹ ਹੈ ਤੇ ਮੈਂ ਉਸ ਦੇ ਸਹੁਰੇ ਦਾ ਸਕਾ ਭਰਾ ਹਾਂ। ਮੰਜੀ ਤੋਂ ਉੱਠੇ ਤੇ ਜਿਸ ਤਰ੍ਹਾਂ ਜਗਿਆਸੂ ਜਾਂਦੇ ਨੇ ਨਾ, ਜਿਸ ਤਰ੍ਹਾਂ ਲੋੜਵੰਦ ਜਾਂਦੇ ਨੇ ਨਾ, ਉਸੇ ਤਰ੍ਹਾਂ ਆਪਣੀ ਨੂੰਹ ਕੋਲ ਚਲਾ ਗਿਆ। ਹੱਥ ਜੁੜ ਗਏ ਬੁੱਢੇ ਦੇ ਤੇ ਪਿਛਲੀ ਅਵਸਥਾ ਤੇ ਹੱਥ ਜੋੜ ਕੇ ਆਖਿਆ, ਬੱਚੀਏ, ਧੀਏ! ਜਿਹੜੇ ਅੰਮ੍ਰਿਤ ਬਚਨ ਤੂੰ ਆਪਣੀ ਰਸਨਾ ਵਿਚੋਂ ਕਹਿ ਰਹੀ ਹੈਂ ਇਹ ਕਿਸ ਮਹਾਂਪੁਰਸ਼ ਦੇ ਨੇ? ਗੁੱਲੀਆਂ ਛੱਡ ਦਿੱਤੀਆਂ ਨੇਤਰੇ ਦੀਆਂ ਤੇ ਨਮਸ਼ਕਾਰ ਕਰਕੇ ਜਵਾਬ ਦਿੱਤਾ ਕਿ ਇਹ ਬਚਨ ਸਾਹਿਬ ਨਾਨਕ-ਨਿਰੰਕਾਰੀ ਹੈ ਅਰਥਾਤ ਮੇਰੇ ਪਿਤਾ "ਸ੍ਰੀ ਗੁਰੂ ਅੰਗਦ ਸਾਹਿਬ" ਦੇ। ਬੁੱਢਾ ਹੈਰਾਨ ਹੋ ਗਿਆ ਹੈ! ਮੈਂ ਤੇ ਅੰਗਦ ਸਾਹਿਬ ਨੂੰ ਕੁੜਮ ਸਮਝਦਾ ਰਿਹਾ ਹਾਂ, ਨਿੱਕਾ ਸਮਝਦਾ ਰਿਹਾ ਤੇ ਆਪਣੇ ਆਪ ਨੂੰ ਮੈਂ ਵੱਡਾ ਸਮਝਦਾ ਰਿਹਾ, ਭਈ ਮੈਂ ਮੁੰਡੇ ਵਾਲਿਆਂ ਵਲੋਂ ਹਾਂ, ਪਰ ਇਹ ਤਾਂ ਖੇਡ ਹੀ ਹੋਰ ਨਿਕਲ ਆਈ। ਹੱਥ ਜੋੜ ਕੇ, ਤਰਲਾ ਲਿਆ, ਧੀਏ, ਛੱਡ ਦੇ ਲੱਸੀ ਬਲਕਿ ਮੈਨੂੰ ਆਪਣੇ ਪਿਉ ਕੋਲ ਲੈ ਜਾ, ਮੈਨੂੰ ਚਰਨੀਂ ਲਾ ਦੇ! ਬੱਚੀਏ! ਮੇਰੇ ਵਾਸਤੇ ਵਿਚੋਲੀ ਬਣ ਜਾ। ਧੀਏ, ਮੇਰਾ ਜਨਮ ਖਰਾਬ ਹੋ ਰਿਹਾ ਹੈ। ਇਹ ਉਹ ਹੈ ਜਿਸ ਨੂੰ ਭੁੱਖ ਹੋਵੇ, ਜਿਸ ਨੂੰ ਲੋੜ ਹੋਏ, ਜਿਹਨੂੰ ਪਦਾਰਥ ਚਾਹੀਦਾ ਹੋਵੇ।

"ਮਾਨ ਸਿੰਘ ਜੀ ਝੋਰ" ਕਹਿੰਦੇ, ਮੈਂ ਆਪਣੀਆਂ ਧੀਆਂ ਨਾਲ ਇਕ ਗੱਲ ਕਰਨੀ ਚਾਹੁੰਦਾ ਹਾਂ ਕਿ "ਗੁਰੂ ਅਗੰਦ ਸਾਹਿਬ" ਦੀ ਲੜਕੀ ਨੇ ਆਪਣੇ ਚਾਚੇ ਅਰਥਾਤ ਆਪਣੇ ਪਤੀ ਦੇ ਚਾਚੇ ਤਾਏ ਨੂੰ ਜਵਾਬ ਦਿੱਤਾ ਸੀ। ਕਹਿਣ ਲੱਗੀ, "ਪਿਤਾ ਜੀ! ਚਲੇ ਤੇ ਚਲਣਾ, ਲੈ ਤੇ ਤੁਹਾਨੂੰ ਚੱਲਾਂ, ਪਰ ਜਿਸ ਦਿਨ ਦਾ ਤੁਹਾਡੇ ਭਤੀਜੇ ਨਾਲ ਆਨੰਦ-ਕਾਰਜ ਹੋਇਆ, ਉਸ ਦਿਨ ਮੇਰੇ ਪਿਤਾ ਨੇ ਮੈਨੂੰ ਸਿੱਖਿਆ ਦਿਤੀ ਸੀ ਕਿ ਪੁੱਤ ਜਿੰਨਾ ਚਿਰ ਅਸੀਂ ਸੱਦੀਏ ਨਾ, ਓਨਾ ਚਿਰ ਸੋਹਰੇ ਘਰੋਂ ਸਾਡੇ ਘਰ ਪੈਰ ਨਾ ਪਾਵੀਂ। ਜੇ ਤੇਰੀ ਆਈ ਦਾ ਅਸਾਂ ਆਦਰ ਨਾ ਕੀਤਾ ਤੇ ਸਾਡਾ ਕੋਈ ਗੁਨਾਹ ਨਹੀਂ, ਕਿਉਂਕਿ ਤੂੰ ਬਿਨਾਂ ਬੁਲਾਏ ਆਈ ਹੈਂ। ਪਿਤਾ ਜੀ, ਮੈਂ ਨਹੀਂ ਜਾਣਾ, ਕਿਉਂਕਿ ਮੇਰੇ ਪਿਤਾ ਜਨਮ ਦਾਤਾ ਨਰਾਜ਼ ਹੋ ਜਾਣਗੇ ਕਿ ਬਿਨਾਂ ਬੁਲਾਈ ਆਈ। ਜਿਸ ਦਿਨ ਸੱਦਣਗੇ ਉਸ ਦਿਨ ਲੈ ਜਾਵਾਂਗੀ। ਔਰ ਹੁਣ ਕੀ ਗੱਲ ਹੋਈ? ਨਨਾਣ ਨਾਲ ਜ਼ਰਾ ਕੁ ਗੱਲ ਹੋਈ ਨੀ, ਪਰਸ ਚੁਕਿਆ ਤੇ ਪੇਕੇ ਟਿੱਚ! ਮਰਿਯਾਦਾ ਕੋਈ ਨਹੀਂ ਰਹੀ ਤੇ ਗੁਰੂ ਜੀ ਕਹਿੰਦੇ ਨੇ ਜਿਹੜਾ ਆਦਮੀ ਮਰਿਯਾਦਾ ਤੋਂ ਬਾਹਰ ਹੋ ਜਾਏ ਤਾਂ ਦੁਹਾਈ ਰੱਬ ਦੀ ਉਹ ਕਦੇ ਸੁਖੀ ਨਹੀਂ ਰਹੇਗਾ। ਜਿਵੇਂ ਮਾਂ ਆਉਂਦੀ ਹੈ ਉਹਦੇ ਕੇਸ ਚੰਗੇ ਭਲੇ ਨੇ ਤੇ ਧੀਆਂ ਆਉਂਦੀਆਂ ਨੇ ਤਾਂ ਇਕ ਕੇ ਪਟੇ ਬਣੇ ਹੋਏ ਨੇ ਤੇ ਇਕ ਨੇ ਉੱਡ ਹੀ ਰਗੜ ਛੱਡਿਆ ਹੈ। ਸੁਖੀ ਤਾਂ ਨਹੀਂ ਅਸੀਂ? ਹਾਂ ਅਸੀਂ ਦੁਖੀ ਹਾਂ ਪਰ ਇਸ ਦੁੱਖ ਨੂੰ ਅਸੀਂ ਸੁਖ ਸਮਝ ਬੈਠੇ ਹਾਂ, ਭੁਲੇਖਾ ਪੈ ਗਿਆ ਹੈ। ਪਿਆਰਿਓ! ਜੇ ਕੋਲੇ ਠੰਢੇ ਨੂੰ ਅਸੀਂ ਹੱਥ ਲਾਵਾਂਗੇ ਤੇ ਹੱਥ ਕਾਲੇ ਹੋ ਜਾਣਗੇ ਤੇ ਗਰਮ ਕੋਲਾ ਫੜਾਂਗੇ ਤਾਂ ਹੱਥ ਸੜ ਜਾਣਗੇ।

ਅਸੀਂ ਕੋਲਾ ਫੜ ਬੈਠੇ ਹਾਂ ਤੇ ਅਮਰ ਦੇਵ ਨੇ ਆਪਣੀ ਨੂੰਹ ਅੱਗੇ ਤਰਲਾ ਲਿਆ, ਧੀਏ! ਤੂੰ ਕੋਈ ਸੂਟ ਲੈਣ ਤਾਂ ਨਹੀਂ ਚੱਲੀ! ਤੂੰ ਕੋਈ ਗਹਿਣੇ ਲੈਣ ਤਾਂ ਨਹੀਂ ਨਾ ਚੱਲੀ! ਕੋਈ ਦੁਨੀਆਂ ਦਾ ਲਾਲਚ ਤਾਂ ਨਹੀਂ ਤੇਰੇ ਸਾਹਮਣੇ। ਤੂੰ ਮੈਨੂੰ ਲੈ ਜਾ, ਅਗਰ ਤੇਰੇ ਪਿਤਾ ਨਰਾਜ਼ ਹੋ ਜਾਣਗੇ ਨਾ ਤੇ ਤੇਰੇ ਥਾਂ ਮੈਂ ਮਾਫੀ ਮੰਗ ਲਵਾਂਗਾ ਤੇਰੇ ਪਿਉ ਕੋਲੋਂ, ਪਰ ਮੈਨੂੰ ਲੈ ਜਾ। ਇਕ-ਇਕ ਸੈਕਿੰਟ ਮੇਰਾ ਕੀਮਤੀ ਜ਼ਾਇਆ ਹੋ ਰਿਹਾ ਹੈ। ਨੂੰਹ ਰਾਣੀ ਤੁਰ ਪਈ, ਸਫਰ ਮੁੱਕ ਗਿਆ ਤੇ ਕਹਿਣ ਲੱਗੀ, "ਪਿਤਾ ਜੀ! ਤੁਸੀ ਵੀ ਮੇਰੇ ਪਿਤਾ ਹੋ ਤੇ ਮੇਰੇ ਜਨਮ-ਦਾਤਾ ਵੀ ਮੇਰੇ ਪਿਤਾ ਹਨ ਔਰ ਮੇਰੇ ਪਿਤਾ ਜੀ ਆਗਿਆ ਨਾ ਜਿੰਨੀ ਦੇਰ ਤੱਕ ਦੇਣ ਤੁਸੀਂ ਉਨੀਂ ਦੇਰ ਤੱਕ ਡਿਉੜੀ ਵਿਚ ਹੀ ਖਲੋਣਾ। ਔਰ ਮੈਂ ਪਿਤਾ ਜੀ ਕੋਲੋਂ ਆਗਿਆ ਲੈ ਆਵਾਂ ਕਿ ਤੁਹਾਨੂੰ ਅਗਾਂਹ ਹੋਣ ਦੀ ਆਗਿਆ ਹੈ ਕਿ ਨਹੀਂ! ਜਾ ਕੇ ਪ੍ਰਣਾਮ ਕੀਤਾ ਪਿਤਾ ਗੁਰੂ ਨੂੰ। ਅਜੇ ਜਾ ਕੇ ਕਾਕੀ ਨੇ ਕੋਈ ਬਚਨ ਬੋਲਣਾ ਹੀ ਸੀ ਕਿ ਸਾਹਿਬ ਪਹਿਲਾਂ ਹੀ ਬੋਲ ਪਏ ਕਿ ਧੀਏ! ਬੱਚੀਏ, ਰਾਣੀਏ ਜਿਹਨੂੰ ਪਿੰਡੋਂ ਲੈ ਕੇ ਆਈਂ ਹੈਂ ਉਹਨੂੰ ਡਿਉੜੀ ਵਿਚ ਕਿਉਂ ਖੜਾ ਕਰ ਦਿੱਤਾ ਈ, ਨਾਲ ਹੀ ਲੈ ਆਉਂਣਾ ਸੀ ਅੰਦਰ। ਔਰ 'ਅਮਰੂ' ਦਾ ਮਨ ਠਾਵੇਂ ਆ ਗਿਆ ਕਿ ਗੁਰੂ ਸਮਰੱਥ, ਗੁਰੂ ਅੰਤਰਯਾਮੀ ਹੈ। ਮੇਰੀ ਨੂੰਹ ਦੇ ਦੱਸਣ ਤੋਂ ਬਿਨਾਂ ਹੀ ਸਮਝ ਗਏ ਨੇ ਕਿ ਮੇਰੇ ਨਾਲ ਕੋਈ ਆਇਆ ਹੈ। ਕਾਕੀ ਆਈ ਲੈ ਗਈ ਤੇ 'ਅਮਰ ਦੇਵ' ਮਹਾਰਾਜ ਨੂੰ ਅੰਦਰ ਆਉਂਦਿਆਂ ਵੇਖ ਕੇ ਅੰਗਦ ਸਾਹਿਬ ਜੀ ਤਖਤ ਤੋਂ ਉੱਠ ਪਏ ਕਿ ਇਹ ਜਦੋਂ ਆਉਂਦਾ ਹੈ ਆਕੜ ਕੇ ਆਉਂਦਾ ਹੈ, ਕਿਉਂਕਿ ਮੈਂ ਮੁੰਡੇ ਵਾਲਾ। ਪਰ ਬਾਣੀ ਵਿਚ ਲਿਖਿਆ ਹੈ ਮੁੰਡੇ ਵਾਲੇ ਤਾਂ ਭਿਖਾਰੀ ਹੁੰਦੇ ਨੇ, ਕੁੜੀ ਤਾਂ ਉਹ ਲੈਣ ਜਾਂਦੇ ਨੇ, ਔਰ ਦਾਨੀ ਤਾਂ ਕੁੜੀ ਵਾਲੇ ਹੁੰਦੇ ਨੇ ਜਿਹੜੇ ਆਪਣੀ ਧੀ ਦਿੰਦੇ ਨੇ। ਔਰ ਆਕੜਦੇ ਮੁੰਡੇ ਵਾਲੇ ਨੇ ਕਿ ਅਸੀਂ ਮੁੰਡੇ ਵਾਲੇ ਹਾਂ, ਪਰ ਇਹ ਸਮਾਜਿਕ ਰੂਪ ਵਿਚ ਕੋਈ ਸਮਝਦਾ ਨਹੀਂ ਨਾ। ਇਸੇ ਤਰ੍ਹਾਂ ਅੰਗਦ ਦੇਵ ਜੀ ਫਿਰ ਵੇਖ ਕੇ ਹੈਰਾਨ ਹੋ ਗਏ ਔਰ ਕਹਿਣ ਲੱਗੇ, ਮੁੰਡੇ ਵਾਲੇ ਆਏ ਨੇ ਚਲੋ ਗੋਡੀ ਹੱਥ ਲਾਈਏ ਤੇ ਜਿਸ ਵੇਲੇ ਗੁਰੂ ਜੀ ਗੋਡੀ ਹੱਥ ਲਾਉਣ ਲੱਗੇ ਨਾ ਤਾਂ ਅਮਰੂ ਨੇ ਬਾਹਾਂ ਖੜੀਆਂ ਕਰ ਦਿੱਤੀਆਂ ਕਿ ਗਰੀਬ-ਨਿਵਾਜ਼! ਅੱਜ ਨਾ ਗੋਡੀ ਹੱਥ ਲਾਇਓ। ਸਾਹਿਬ ਜੀ, ਮੇਰਾ ਆਦਰ ਨਾ ਕਰਿਓ, ਅੱਜ ਮੈਂ ਤੁਹਾਡਾ ਕੁੜਮ ਬਣ ਕੇ ਨਹੀਂ ਆਇਆ, ਰਿਸ਼ਤੇਦਾਰ ਬਣ ਕੇ ਨਹੀਂ ਆਇਆ, ਬਲਕਿ ਅੱਜ ਮੈਂ ਤੁਹਾਡੇ ਦਰ ਦਾ ਭਿਖਾਰੀ ਬਣ ਕੇ ਆਇਆ ਹਾਂ। ਸਾਹਿਬ, ਮੈਂ ਤੁਹਾਡੇ ਦਰ ਤੋਂ ਆਪਣੇ ਮਨ ਦੀ ਪਿਆਸ ਬੁਝਾਉਣ ਵਾਸਤੇ ਆਇਆ ਹਾਂ। ਮੈਂ ਹੁਣ ਤੁਹਾਨੂੰ ਨਮਸ਼ਕਾਰ ਕਰਾਂਗਾ ਗਰੀਬ-ਨਿਵਾਜ਼, ਤੁਸੀਂ ਹੁਣ ਮੈਨੂੰ ਨਮਸ਼ਕਾਰ ਨਹੀਂ ਕਰਨੀ। ਅਜੇ ਹੋ ਹੀ ਰਹੀ ਸੀ ਗੱਲਬਾਤ ਤੇ ਲੰਗਰ ਵਿਚੋਂ ਸੁਨੇਹਾ ਆ ਗਿਆ ਕਿ ਪ੍ਰਸ਼ਾਦਿ ਦਾ ਵੇਲਾ। ਭਾਈ ਸਾਹਿਬ ਸੰਤੋਖ ਸਿੰਘ ਨੇ ਲਿਖਿਆ ਹੈ :

*"ਪੰਕਤ ਬੈਠੀ ਮਿਲ ਤਤੇ, ਗੁਰ ਬੀਚ ਸੁਹਾਏ।"*

ਅਰਥਾਤ ਪੰਗਤ ਦੇ ਵਿਚ ਹੀ ਬੈਠ ਗਏ 'ਗੁਰੂ ਅੰਗਦ ਸਾਹਿਬ ਜੀ' ਵੱਖਰੇ ਨਹੀਂ। ਇਸੇ ਨਾਲ ਅਮਰੂ ਵੀ ਬੈਠ ਗਿਆ ਪੰਗਤ ਵਿਚ, ਕਿਉਂਕਿ ਪ੍ਰਸ਼ਾਦਿ ਦੇ ਛੱਕਣਾ ਹੈ ਤੇ ਭਾਈ ਸੰਤੋਖ ਸਿੰਘ ਸਾਹਿਬ ਜੀ ਕਹਿਣ ਲੱਗੇ ਕਿ ਪਹਿਲਾ ਦਾਲ ਚੌਲ ਵਰਤੇ ਪੰਗਤ ਵਿਚ ਤੇ ਦਾਲ ਵਾਲਾ ਵੀ ਲੰਘ ਗਿਆ ਤੇ ਚੌਲ ਵਾਲਾ ਵੀ ਲੰਘ ਗਿਆ ਤੇ ਪਿਛਲੀ ਬਾਲਟੀ ਵਾਲਾ ਮਾਸ ਵਰਤਾਉਂਦਾ ਆ ਗਿਆ ਤੇ ਮਾਸ ਵਰਤਣ ਲੱਗ ਪਿਆ ਔਰ ਇਕ ਪਾਸੇ ਅਮਰੂ ਨੇ ਧਿਆਨ ਮਾਰ ਕੇ ਵੇਖਿਆ ਕਿ ਮਾਸ ਵਰਤ ਰਿਹਾ ਹੈ ਮਾਸ। ਇਹ ਵੇਖ ਕੇ ਅਮਰੂ ਨੇ ਬੜਾ ਨੱਕ ਮੂੰਹ ਵੱਟਿਆ, ਬੜਾ ਗੁੱਸਾ ਕੀਤਾ, ਬੜਾ ਲਾਲ-ਪੀਲਾ ਹੋਇਆ। ਇਹ ਵੇਖ ਕੇ ਵੀਚਾਰ ਕਰਨ ਲੱਗ ਪਿਆ; ਬੜਾ ਸੋਚੀਂ ਪੈ ਗਿਆ ਕਿ ਮੈਂ ਤੇ ਕਦੇ ਮਾਸ ਨਹੀਂ ਖਾਂਦਾ, ਮੈਂ ਤਾਂ ਵੈਸ਼ਨੂੰ ਹਾਂ। ਹੁਣ ਤਾਂ ਮੈਂ ਬੈਠ ਗਿਆ ਹਾਂ ਪੰਗਤ ਵਿਚ, ਮੇਰਾ ਬਚਾਅ ਕਿਵੇਂ ਹੋਊ? ਔਰ ਜੇ ਮੈਂ ਵਰਤਾਰਾ ਵਰਤਦਾ ਨਾ ਲਿਆ ਤੇ ਅੰਗਦ ਸਾਹਿਬ ਨੇ ਕਹਿਣਾ ਮੇਰਾ ਅਪਮਾਨ ਕੀਤਾ, ਮੇਰਾ ਨਿਰਾਦਰ ਕੀਤਾ। ਇਸ ਨੇ ਪੰਗਤ ਦਾ ਨਿਰਾਦਰ ਕੀਤਾ ਹੈ, ਇਸ ਨੇ ਸੰਗਤ ਦਾ ਨਿਰਾਦਰ ਕੀਤਾ ਹੈ। ਅਮਰੂ ਕਹਿਣ ਲੱਗਾ ਹੋਰ ਯਤਨ ਕੋਈ ਨਹੀਂ ਰਿਹਾ, ਹੋਰ ਢੰਗ ਕੋਈ ਨਹੀਂ ਰਿਹਾ, ਹੋਰ ਉਪਾਅ ਕੋਈ ਨਹੀਂ ਰਿਹਾ ਬਚਣ ਦਾ ਔਰ ਜੇ 'ਗੁਰੂ ਅੰਗਦ ਸਾਹਿਬ' ਅੰਤਰਯਾਮੀ ਹੈ, ਜੇ ਉਹਨਾਂ ਮੇਰੇ ਦਿਲ ਦੀ ਬੁਝ ਲਈ ਤੇ ਰਸੋਈਏ ਨੂੰ ਆਪੇ ਹੀ ਗੁਰੂ ਵਰਜ ਦੇਵੇਗਾ, ਆਪੇ ਹੀ ਗੁਰੂ ਰੋਕ ਦੇਵੇਗਾ। ਜੇ ਤਾਂ ਮੇਰੇ ਦਿਲ ਦੀ ਬੁੱਝ ਕੇ ਰਸੋਈਏ ਨੂੰ ਵਰਜ ਦਿੱਤਾ ਤਾਂ ਇਕ ਤੇ ਮੇਰਾ ਵੈਸ਼ਨੋ ਧਰਮ ਬਚ ਜਾਏਗਾ ਤੇ ਦੂਜਾ ਮੈਨੂੰ ਪ੍ਰਤੀਤ ਹੋ ਜਾਏਗਾ ਕਿ ਇਹ ਗੁਰੂ ਪਵਿੱਤਰ ਹੈ, ਇਹ ਮੇਰਾ ਪਾਰ-ਉਤਾਰਾ ਕਰ ਦੇਵੇਗਾ! ਤੇ ਗਰੀਬ-ਨਿਵਾਜ਼ 'ਅੰਗਦ ਸਾਹਿਬ' ਨੇ ਅਮਰੂ ਦੀ ਦਿਲ ਦੀ ਬੁਝ ਕੇ ਰਸੋਈਏ ਨਾਲ ਬਚਨ ਕੀਤੇ। ਅੰਗਦ ਸਾਹਿਬ ਨੇ ਆਖਿਆ ਕਿ ਪੰਗਤ ਵਿਚ ਅੱਜ ਜਿਹੜਾ ਨਵਾਂ ਆਦਮੀ ਆਇਆ ਹੈ ਉਸ ਨੂੰ ਮਾਸ ਨਾ ਪਰੋਸਿਓ। ਇਸ ਨੂੰ ਸਾਦਾ ਭੋਜਨ ਦਿਉ, ਦਾਲ-ਚੌਲ ਦਿਉ, ਕਿਉਂਕਿ ਮਾਸ ਨਾ ਖਾਣਾ ਇਸ ਨੇ ਆਪਣਾ ਧਰਮ ਬਣਾਇਆ ਹੋਇਆ ਹੈ। ਬੁਝ ਲਈ ਨਾ ਦਿਲ ਦੀ, ਪਰ ਫਿਰ 'ਜੇ' ਨਹੀਂ ਪਿੱਛਾ ਛੱਡਦੀ! ਕਹਿਣ ਲੱਗਾ ਕਿ ਜੇ ਗੁਰੂ ਅੰਤਰਯਾਮੀ ਹੈ ਨਾ, ਜੇ ਤਾਂ ਮੇਰੀ ਥਾਲੀ ਆਪਣੇ ਅੱਗੇ ਰੱਖ ਲੈਣਗੇ ਤੇ ਆਪਣੀ ਥਾਲੀ ਮੇਰੇ ਵਲ ਭੇਜ ਦੇਣਗੇ, ਜੇ ਅੰਤਰਯਾਮੀ ਨੇ! ਔਰ ਗਰੀਬ-ਨਿਵਾਜ਼ ਰਸੋਈਏ ਨੂੰ ਕਹਿਣ ਲੱਗੇ, ਪਿਆਰਿਆ! ਅੱਜ ਸਾਡਾ ਇਮਤਿਹਾਨ ਹੈ ਪਤਾ ਨਹੀਂ ਪਾਸ ਹੁੰਦੇ ਹਾਂ ਕਿ ਨਹੀਂ, ਪਰ ਇਹ ਥਾਲੀ ਸਾਡੀ ਚੁੱਕ ਕੇ ਉਹ ਨਵੇਂ ਬੰਦੇ ਅੱਗੇ ਰੱਖ ਆ, ਤੇ ਜਿਸ ਵੇਲੇ ਥਾਲੀ ਵਟਾਈ ਗਈ ਭਾਈ ਸੰਤੋਖ ਸਿੰਘ ਕਹਿੰਦੇ ਹਨ ਕਿ ਅਮਰੂ ਨੇ ਚਾਰ-ਚੁਫੇਰੇ ਧਿਆਨ ਮਾਰ ਕੇ ਵੇਖਿਆ ਤਾਂ ਉਸ ਨੂੰ ਕਿਸੇ ਥਾਲੀ ਵਿਚ ਮਾਸ ਨਾ ਲੱਭੇ, ਕਿਸੇ ਵੀ ਥਾਲੀ ਵਿਚ ਉਸ ਨੂੰ ਟੁਕੜੇ ਨਾ ਲੱਭੇ। ਸਾਰੀ ਪੰਗਤ ਵਿਚ ਸਾਦਾ ਭੋਜਨ ਸੀ ਤੇ ਉੱਠ ਕੇ ਖਲੋ ਗਿਆ। ਗਲ 'ਚ ਪੱਲਾ ਪਾ ਕੇ ਆਖਿਆ, ਮੇਰੇ ਪਿਆਰੇ,

ਤੇਰੀ ਲੀਲ੍ਹਾ ਨੂੰ ਮੈਂ ਨਹੀਂ ਸਮਝ ਸਕਿਆ। ਜਿਉਂ ਮੱਥਾ ਟੇਕਿਆ, ਜਿਉਂ ਮੱਥਾ ਟੇਕਿਆ, ਐਸਾ ਸਿਰ ਝੁਕਾਇਆ ਕਿ ਫਿਰ ਗੁਰੂ ਦਾ ਹੁਕਮ ਮੰਨਣਾ ਹੀ ਚੇਤੇ ਰਹਿ ਗਿਆ। ਹੋਰ ਕੋਈ ਗੱਲ ਚੇਤੇ ਹੀ ਨਹੀਂ। ਇੰਨੇ ਦਿਆਲੂ, ਇੰਨੇ ਦਇਆ ਦੇ ਪੁੰਜ ਕਿ ਅੱਧੀ ਰਾਤ ਅੱਗੇ ਤੇ ਅੱਧੀ ਰਾਤ ਪਿਛੇ ਇਕ ਮਾਈ ਦੇ ਰੋਣ ਦੀਆਂ ਚੀਕਾਂ ਆਈਆਂ ਤੇ ਸਾਹਿਬਾਂ ਨੇ ਆਖਿਆ, ਭਾਈ ਬੱਲੂ! ਨਿਕਟਵਰਤੀ ਸਿੱਖ ਸੀ ਹਜ਼ੂਰ ਦਾ, ਕਹਿੰਦੇ ਕਿਸੇ ਦੇ ਰੋਣ ਦੀਆਂ ਆਵਾਜ਼ਾਂ ਆਈਆਂ ਨੇ, ਚੀਖਾਂ ਬੜੀਆਂ ਦਰਦ-ਭਰੀਆਂ ਨੇ, ਝੱਲੀਆਂ ਨਹੀਂ ਜਾਂਦੀਆਂ, ਜਾਹ ਜਾ ਕੇ ਪਤਾ ਕਰ। ਔਰ ਬੱਲੂ ਨੇ ਆ ਕੇ ਦੱਸਿਆ, ਇਕ ਮਾਈ, ਜਿਸ ਦਾ ਪਤੀ ਤਾਂ ਪਹਿਲਾਂ ਹੀ ਮਰ ਗਿਆ ਹੋਇਆ ਹੈ ਤੇ ਇਕ ਨਿਸ਼ਾਨੀ ਆਪਣੀ ਛੱਡ ਗਿਆ ਸੀ ਕਾਕਾ, ਉਹ ਕਾਕਾ ਵੀ ਮਰ ਗਿਆ। ਇਕ ਮਾਈ ਨੂੰ ਪਤੀ ਮੋਏ ਹੋਏ ਦਾ ਦੁੱਖ, ਇਹੋ ਇਕ ਸਹਾਰਾ ਸੀ ਜ਼ਿੰਦਗੀ ਦਾ ਪਤੀ ਦੀ ਨਿਸ਼ਾਨੀ ਕਾਕਾ, ਮਹਾਰਾਜ ਉਹ ਵੀ ਮਰ ਗਿਆ। ਇਹ ਮਾਈ ਆਪਣੇ ਕਾਕੇ ਤੇ ਆਪਣੇ ਪਤੀ ਦੇ ਵਿਛੋੜੇ ਦੇ ਦੁੱਖ ਵਿਚ ਕੀਰਨੇ ਪਾ ਰਹੀ ਹੈ ਤੇ 'ਸਾਹਿਬ ਗੁਰੂ ਅਮਰਦੇਵ' ਨੇ ਸਿੱਧਾ ਬਚਨ ਕੀਤਾ ਕਿ ਅੱਜ ਤੋਂ ਬਾਅਦ ਕਿਸੇ ਮਾਈ ਦਾ ਪੁੱਤ ਨਹੀਂ ਮਰੇਗਾ। ਇੰਨੇ ਦਇਆ ਦੇ ਪੁੰਜ! ਗੱਲ ਕਰਨੀ ਬੜੀ ਸੌਖੀ ਹੈ, ਪਰ ਸਤਿਗੁਰ ਨੇ ਬਾਰਾਂ ਵੱਰ੍ਹੇ ਪਾਣੀ ਢੋਇਆ ਤੇ ਜੇ ਖਡੂਰ ਸਾਹਿਬ ਤੋਂ ਗਿਣੀਏ ਨਾ ਤਾਂ ਸੱਤ ਮੀਲ ਤੋਂ ਘੱਟ ਨਹੀਂ ਬਣਦੀ ਬਿਆਸਾ ਅਰਥਾਤ ਸੱਤ ਕਿਲੋਮੀਟਰ! ਔਰ ਅੱਧੀ ਰਾਤ ਨੂੰ ਉੱਠਦੇ ਸਨ ਆਪ, ਗਾਗਰ ਸਿਰ ਤੇ ਚੁਕਦੇ ਸਨ, ਬੁੱਢਾ ਸਰੀਰ ਸੀ ਤੇ ਬਿਆਸਾ ਵੱਲ ਪਿੱਠ ਕਰਦੇ ਸਨ ਤੇ ਖਡੂਰ ਸਾਹਿਬ ਵੱਲ ਮੂੰਹ ਹੁੰਦਾ ਸੀ। ਔਰ ਜੇ ਮੈਂ ਬਿਆਸਾ ਵੱਲ ਮੂੰਹ ਕਰ ਲਿਆ ਤਾਂ 'ਖਡੂਰ ਸਾਹਿਬ' ਵੱਲ ਮੇਰੀ ਪਿੱਠ ਹੋ ਜਾਏਗੀ ਜੋ ਮੈਂ ਨਹੀਂ ਕਰਨਾ ਚਾਹੁੰਦਾ ਸਾਂ, ਕਿਉਂਕਿ ਖਡੂਰ ਸਾਹਿਬ ਵਿਚ ਮੇਰਾ ਗੁਰੂ ਰਹਿੰਦਾ ਹੈ ਤੇ ਇਸ ਤਰ੍ਹਾਂ ਮੇਰੇ ਗੁਰੂ ਦਾ ਨਿਰਾਦਰ ਹੋ ਜਾਏਗਾ। ਮੇਰੇ ਗੁਰੂ ਦਾ ਅਪਮਾਨ ਹੋ ਜਾਏਗਾ ਜੋ ਮੈਂ ਨਹੀਂ ਵੇਖ ਸਕਦਾ। ਉਥੇ ਗੁਰੂ ਦੁਆਰਾ ਦਮਦਮਾ ਸਾਹਿਬ ਹੈ ਤੇ ਖਡੂਰ ਸਾਹਿਬ, ਬਿਆਸਾ ਵਿਚੋਂ ਜਾ ਕੇ ਜਦੋਂ ਗਾਗਰ ਭਰਦੇ ਸਨ ਤਾਂ ਅੱਧੀ ਰਾਤ ਦਾ ਵੇਲਾ ਹੁੰਦਾ ਸੀ। ਕੌਣ ਚੁਕਾਵੇਂ ਗਾਗਰ? ਪਰ ਪੁਰਾਣੀਆਂ ਵਿਚ ਇਉਂ ਆਇਆ ਹੈ ਕਿ ਸਿਰ ਤੇ ਹੁੰਦੀ ਸੀ ਗਾਗਰ ਤੇ ਆਪ ਸਮੇਤ ਕਪੜੇ ਚੁੱਭੀ ਮਾਰ ਲੈਂਦੇ ਸਨ ਗਾਗਰ ਫੜ ਕੇ, ਤੇ ਗਾਗਰ ਭਰ ਜਾਂਦੀ ਸੀ ਤੇ ਸਿੱਧੇ ਖਲੋ ਜਾਂਦੇ ਸਨ ਔਰ ਗਿੱਲੇ ਕਪੜਿਆਂ ਸਮੇਤ ਫਿਰ ਇਕ ਵਾਰ ਗਾਗਰ ਉਥੇ ਰੱਖਦੇ ਸਨ ਦਮਦਮਾ ਸਾਹਿਬ। ਸਾਹ ਲੈ ਕੇ ਫਿਰ ਚੁੱਕਦੇ ਸਨ ਗਾਗਰ ਤੇ ਪਹੁੰਚਦੇ ਸਨ 'ਖਡੂਰ ਸਾਹਿਬ'! ਇਸ ਤਰ੍ਹਾਂ ਬਾਰ੍ਹਾਂ ਵੱਰ੍ਹੇ ਸੇਵਾ ਕੀਤੀ ਤੇ ਬਾਰ੍ਹਾਂ ਵਰ੍ਹੇ ਸੇਵਾ ਕਰਦਿਆਂ, ਇਕ ਦਿਨ ਵੀ ਐਸਾ ਨਹੀਂ ਆਇਆ ਕਿ ਹਜ਼ੂਰ ਬੀਮਾਰ ਹੋ ਗਏ ਹੋਣ ਜਾਂ ਆਪ ਦੀ ਸਿਰ ਪੀੜ ਹੋ ਰਹੀ ਹੋਵੇ ਜਾਂ ਥਕੇਵੇਂ ਨਾਲ ਬੁਖਾਰ ਹੋ ਗਿਆ ਹੋਵੇ ਜਾਂ ਇਸ਼ਨਾਨ ਦਾ ਨਾਗਾ ਪੈ ਗਿਆ ਹੋਵੇ। ਇਕ ਦਿਨ ਵੀ ਬਾਰ੍ਹਾਂ ਵੀਰ੍ਹਿਆਂ ਵਿਚ ਐਸਾ

ਨਹੀਂ ਆਇਆ। ਭਾਈ 'ਸਤੋਂਖ ਸਿੰਘ' ਦੇ ਸੂਰਜ ਪ੍ਰਕਾਸ਼ ਵਿਚ ਅੱਖਰ ਆਉਂਦੇ ਨੇ ਕਿ ਸਿੱਖ ਵੀ ਤੇ ਬਾਕੀ ਦੇ ਲੋਕ ਵੀ ਇਉਂ ਆਖਦੇ ਸਨ ਕਿ ਅਮਰੂ ਟਿਚਕਰਾਂ ਕਰਦਾ ਹੁੰਦਾ ਸੀ ਤੇ ਲੋਕੀ ਆਖਦੇ ਹੁੰਦੇ ਸਨ ਕਿ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਬੁੱਢੇ ਨੂੰ। ਇਸ ਦੇ ਕੋਲ ਪਾਈ ਪੈਸਾ ਵੀ ਕੋਲ ਨਹੀਂ ਸੀ। ਇਹ ਪਰਾਏ ਘਰਾਂ ਦੇ ਟੁਕੜੇ ਖਾਣੇ ਗਿੱਝ ਗਿਆ ਹੋਇਆ ਸੀ :-

*"ਸਭਨੇ ਤਿਆਗਿਓ ਭਇਅਓ ਨਿਰਾਸ।*

ਕਹਿੰਦੇ ਗੁਰੂ ਨਿਆਸਰਿਆਂ ਦਾ ਆਸਰਾ ਹੈ ਹੀ ਹੈ। ਗੁਰੂ ਨੂੰ ਨਿਆਸਰਿਆਂ ਦਾ ਆਸਰਾ ਜਾਣ ਕੇ ਕੁੜਮਾਂ ਦੇ ਘਰ ਭਾਂਡੇ ਮਾਂਝਦਾ ਹੈ, ਕੁੜਮਾਂ ਦੇ ਘਰ ਪੱਖੇ ਫੇਰਦਾ ਫਿਰਦਾ ਹੈ, ਇਸ ਨੂੰ ਲੱਜਾ ਹੀ ਕੋਈ ਨਹੀਂ! ਬਾਰ੍ਹਾਂ ਵਰ੍ਹੇ ਖਿਦਮਤ ਕੀਤੀ ਤੇ ਗਿਆਰਾਂ ਸਿਰੋਪੇ ਆਪ ਨੂੰ ਮਿਲੇ ਬਾਰ੍ਹਵਾਂ ਅਜੇ ਮਿਲਣਾ ਹੀ ਸੀ :

*'ਉਹ ਜਬ ਕੇ ਦੀਏ ਸੀਸ ਪਰ ਬੰਧ'*

'ਭਾਈ ਸੰਤੋਖ ਸਿੰਘ ਸਾਹਿਬ' ਕਹਿੰਦੇ ਵਰ੍ਹੇ ਦੇ ਵਰ੍ਹੇ ਜਿਹੜਾ ਸਿਰੋਪਾ ਮਿਲਦਾ ਸੀ, ਉਹ ਸਿਰ ਤੇ ਬੰਨ੍ਹੀ ਜਾਂਦੇ ਸਨ। ਰੱਸੀ ਦੇ ਨਾਲ ਐਂ---ਪੱਕਾ ਕਰਕੇ ਬੰਨ੍ਹੀ ਜਾਂਦੇ ਸਨ। ਸਿਰੋਪੇ ਦਾ ਨਿਰਾਦਰ ਨਹੀਂ ਸੀ ਹੋਣ ਦਿੰਦੇ। ਪਰ ਹੁਣ ਅਸੀਂ ਹੋਰ ਦੇ ਕੁਝ ਹੋਰ ਬਣ ਗਏ ਹਾਂ, ਗੁਰੂ ਮਰਿਯਾਦਾ ਸਾਨੂੰ ਚੰਗੀ ਨਹੀਂ ਲੱਗਦੀ। ਪਰ ਵੈਜੰਤੀਮਾਲਾ ਜਿਹੜੀ ਸਲਵਾਰ ਪਾ ਕੇ ਆਏ ਉਹ ਬੜੀ ਚੰਗੀ ਲੱਗਦੀ ਹੈ। ਜਿਹੜਾ ਮਾਈ ਸੁੰਦਰੀ ਨੇ ਲਿਬਾਸ ਪਾਇਆ ਸੀ, ਜਿਹੜਾ ਮਾਂ ਗੰਗਾ ਨੇ ਲਿਬਾਸ ਪਾਇਆ ਸੀ, ਉਹ ਨਹੀਂ ਚੰਗਾ ਲੱਗਾ। ਕਲਗੀਧਰ ਦੀਏ ਬੱਚੀਏ ਤੈਨੂੰ ਇਹਨਾਂ ਦੀ ਬਜਾਏ ਵੈਜੰਤੀਮਾਲਾ ਦਾ ਲਿਬਾਸ ਚੰਗਾ ਲੱਗਾ!

*"ਜਬ ਤੇ ਦੀਏ ਸੀਸ ਪਰ ਬੰਧੇ,*
*ਰੱਸੜੀ ਸੰਗਿ ਸੋ ਦ੍ਰਿੜਤਾ ਠਾਨ।*

ਇਹ ਸੀ ਹਜ਼ੂਰ ਦੀ ਘਾਲਣਾ, ਇਹ ਸੀ ਹਜ਼ੂਰ ਦੀ ਟਹਿਲ। ਜਦੋਂ ਗੁਰਿਆਈ ਕੋਲ ਆ ਗਈ ਹੈ ਨਾ, ਤਾਂ ਅਕਬਰ ਨੇ ਹਿੰਦੂ ਸਟੈਮ ਦੀ ਹਕੂਮਤ ਦਾ ਢਾਂਚਾ ਚੰਗਾ ਬਣਾਉਣ ਵਾਸਤੇ ਬਾਈ ਸੂਬੇ ਬਣਾਏ ਸਨ, ਲੋਕਾਂ ਦਾ ਦੁੱਖ-ਸੁਖ ਸੁਣਨ ਵਾਸਤੇ! ਔਰ ਗਰੀਬ-ਨਿਵਾਜ਼ ਨੇ ੨੨ ਮੰਜੀਆਂ ਬਣਾ ਦਿਤੀਆਂ ਤੇ ਬਾਈ ਮੰਜੀਆਂ ੨੨ ਸੂਬਿਆਂ ਵਿਚ ਕਾਇਮ ਕਰ ਦਿੱਤੀਆਂ! ਸਿੱਖੀ ਦੇ ਪ੍ਰਚਾਰ ਲਈ। ਸਾਹਿਬ 'ਸ੍ਰੀ ਗੁਰੂ ਅਮਰਦੇਵ' ਮਹਾਰਾਜ ਨੇ ਬਾਉਲੀ, ਜਿਹੜ ਗੋਇੰਦਵਾਲ ਸਾਹਿਬ ਦੇ ਅੰਦਰ, ਜਿਹੜਾ ਐਸ ਵੇਲੇ ਤੀਰਥ ਹੈ ਮਹਾਨ, ਉਹ ਬਣਾ ਦਿਤੀ ਤੇ ਬਾਉਲੀ ਦਾ ਕਰ ਵਿਸਾਖ ਦੇ ਮਹੀਨੇ ਚੁੱਕਿਆ 'ਵਿਸਾਖ' ਦਾ ਮਹੀਨਾ ਵੀ ਅਜੀਬ ਹੈ ਜੇ ਕਰ ਚੁੱਕਿਆ ਤਾਂ 'ਵਿਸਾਖ' ਦੇ ਮਹੀਨੇ। 'ਅਰਜਨ ਸਾਹਿਬ'

ਦਾ ਅਵਤਾਰ ਹੋਇਆ ਤਾਂ 'ਵਿਸਾਖ' ਦੇ ਮਹੀਨੇ। ਨਾਨਕ-ਨਿਰੰਕਾਰੀ ਦਾ ਅਵਤਾਰ ਹੋਇਆ ਤਾਂ 'ਵਿਸਾਖ' ਦੇ ਮਹੀਨੇ। 'ਗੁਰੂ ਗੋਬਿੰਦ ਸਿੰਘ' ਨੇ ਖਾਲਸੇ ਦੀ ਚੋਣ ਕੀਤੀ ਤਾਂ 'ਵਿਸਾਖ' ਦੇ ਮਹੀਨੇ, ਵਿਸਾਖ ਮਹੀਨੇ ਦਾ ਖਾਸ ਸਬੰਧ ਹੈ।

ਜਦੋਂ ਬਣ ਰਿਹਾ ਸੀ ਸਰੋਵਰ, ਅਣਜਲ ਮੁੱਕ ਗਿਆ ਤੇ ਬਠਿੰਡੇ ਦਾ ਰਹਿਣ ਵਾਲਾ ਗੰਗਾ ਰਾਮ ਤੇ ਊਠਾਂ ਉਤੇ ਲੱਦ ਕੇ ਲਿਆਇਆ ਸੀ ਬਾਜਰੀ ਵਪਾਰ ਕਰਨ ਲਈ। ਉਹਨੇ ਵੇਖਿਆ ਗੁਰੂ ਕੇ ਲੰਗਰ ਵਿਚ ਅੰਨ ਹੈ ਨਹੀਂ। ਔਰ ਅੱਜ ਸਿੱਖਾਂ ਨੇ ਤਿਲਾਂ ਦੀਆਂ ਤੇ ਬਾਜਰੇ ਦੀਆਂ ਰੋਟੀਆਂ ਖਾਧੀਆਂ ਨੇ। ਔਰ ਗੰਗਾ ਰਾਮ ਨੇ ਜਾ ਕੇ ਵੇਖਿਆ ਕਿ ਕਰੋੜਪਤੀ ਦਾ ਮੁੰਡਾ ਵੀ ਸੇਵਾ ਕਰ ਰਿਹਾ ਹੈ ਤੇ ਕੱਖਪਤੀਏ ਦਾ ਮੁੰਡਾ ਵੀ ਸੇਵਾ ਕਰ ਰਿਹਾ ਹੈ। ਔਰ ਨਾਲ ਬੈਠਾ 'ਗੁਰੂ ਅਰਜਨ ਸਾਹਿਬ' ਵੀ ਸੇਵਾ ਕਰ ਰਿਹਾ ਹੈ। ਔਰ ਲੰਗਰ ਸਾਰੇ ਇਕੋ ਥਾਂ ਛੱਕਦੇ ਨੇ ਇਹ ਵੇਖ ਕੇ ਗੰਗਾ ਰਾਮ ਦੇ ਦਿਲ ਤੇ ਅਸਰ ਬੜਾ ਹੋਇਆ। ਡੇਰੇ ਜਾ ਕੇ ਤੇ ਬਾਜਰੀ ਚੁੱਕ ਲਿਆਇਆ।

ਅਗਲੇ ਦਿਨ ਫੇਰ ਲੈ ਆਇਆ। ਸੌ ਦਾ ਸੌ ਲੱਦਿਆ ਹੋਇਆ ਊਠ, ਸਾਰੀ ਬਾਜਰੀ ਲੰਗਰ ਵਿਚ ਭੇਜ ਦਿੱਤੀ ਔਰ ਸਾਰੀ ਲੰਗਰ ਵਿਚ ਲੇਖੇ ਲੱਗ ਗਈ। ਔਰ ਅੱਗੇ ਆ ਗਈ ਵਿਸਾਖੀ। ਵਿਸਾਖੀ ਦਾ ਮੇਲਾ ਲੱਗਾ ਤੇ ਸੰਗਤਾਂ ਆਈਆਂ ਬੇਅੰਤ ਤੇ ਮਾਇਆ ਦੇ ਲੱਗ ਗਏ ਢੇਰ। ਇਹ ਵੇਖ 'ਗੁਰੂ ਅਰਜਨ ਦੇਵ' ਸੱਚੇ ਪਾਤਿਸ਼ਾਹ ਨੇ ਕਿਹਾ, "ਭਾਈ ਮਿਸਰਾ! ਸਤਿਗੁਰ ਰਾਮਦਾਸ ਨੇ ਦਇਆ ਕਰ ਦਿੱਤੀ ਹੈ, ਢੇਰ ਲੱਗ ਗਏ ਨੇ ਮਾਇਆ ਦੇ ਔਰ ਆਪਣੀ ਬਾਜਰੀ ਦੀ ਕੀਮਤ ਲੈ ਜਾ। ਜਿੰਨੀ ਕੀਮਤ ਬਣਦੀ ਹੈ ਬਾਜਰੇ ਦੀ ਲੈ ਜਾ, ਮੁਨਾਫੇ ਸਹਿਤ ਲੈ ਜਾ।" ਔਰ ਗੰਗਾ ਰਾਮ ਉੱਠ ਕੇ ਖਲੋ ਗਿਆ ਤੇ ਕਹਿਣ ਲੱਗਾ, ਪਾਤਸ਼ਾਹ, ਗਰੀਬ-ਨਿਵਾਜ਼! ਤੂੰ ਮੈਨੂੰ ਇਹ ਕੀਮਤ ਨਾ ਦੇ, ਤੂੰ ਮੈਨੂੰ ਮੋਹ ਮਾਇਆ ਵਿਚ ਨਾ ਸੁੱਟ। ਮੈਂ ਤੇਰੇ ਕੋਲ ਆ ਗਿਆ ਹਾਂ, ਤੂੰ ਮੇਰੇ ਉੱਤੇ ਦਇਆ ਕਰ, ਰਹਿਮਤ ਕਰ, ਮੇਰੇ ਤੇ ਨਦਰ ਕਰ ਪਾਤਸ਼ਾਹ, ਤੂੰ ਮੈਨੂੰ ਐਸਾ ਦਾਨ ਦੇਹ ਕਿ ਮੈਨੂੰ ਜਮਾਂ ਦਾ ਮੂੰਹ ਨਾ ਵੇਖਣਾ ਪਵੇ। ਐਸਾ ਦਾਨ ਦੇਹ ਕਿ ਮੇਰਾ ਜੰਮਣ-ਮਰਨ ਮੁੱਕ ਜਾਵੇ। ਐਸਾ ਸੁਣ ਕੇ ਸਾਹਿਬ ਸੱਚਾ ਪਾਤਸ਼ਾਹ 'ਸ੍ਰੀ ਗੁਰੂ ਅਮਰਦੇਵ ਜੀ', ਜਿਨ੍ਹਾਂ ਨੇ ਆਪਣੇ ਦੋਤਰੇ ਨੂੰ ਬੜੇ ਲਾਡ ਲਡਾਏ ਸਨ, ਉਸ ਨਗਰੀ ਵਿਚ ਬਾਊਲੀ ਬਣਾ ਦਿੱਤੀ, ਤੀਰਥ ਬਣਾ ਦਿੱਤਾ। ਔਰ ਸਾਹਿਬ ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਆਏ ਹੋਏ ਸਿੱਖ ਓਨਾ ਚਿਰ ਵਾਪਿਸ ਨਹੀਂ ਸੀ ਜਾਂਦੇ ਜਿੰਨਾ ਚਿਰ ਸਤਿਗੁਰ ਆਗਿਆ ਨਾ ਬਖਸ਼ੇ ਤੇ ਸਤਿਗੁਰੂ ਆਗਿਆ ਬਖਸ਼ਣ ਲੱਗਿਆਂ ਚਾਰ ਪਦਾਰਥ ਦਿੰਦਾ ਸੀ :-

*'ਧਰਮ, ਅਰਥ, ਕਾਮ ਤੇ ਮੋਕਸ਼'*

ਐਸਾ ਪਰਉਪਕਾਰੀ ਸਾਹਿਬ ਸੱਚਾ ਪਾਤਸ਼ਾਹ 'ਸ੍ਰੀ ਗੁਰੂ ਅਮਰਦੇਵ' ਗੁਰਮਤਿ ਦੇ

ਪੂਰਨੇ ਪਾਉਣ ਵਾਲਾ। ਪਰ ਸਾਨੂੰ ਉਹਨਾਂ ਦੇ ਪੂਰਨੇ ਭੁੱਲ ਗਏ ਨੇ। ਅਸਾਂ ਜਦੋਂ ਕੁੜੀ ਮੰਗਣੀ ਹੋਵੇ ਤਾਂ ਉੱਨੀ ਘਰ ਵੇਖਦੇ ਹਾਂ, ਉੱਨੀ ਤੇ ਸਾਹਿਬ 'ਗੁਰੂ ਅਰਮਦੇਵ' ਜੀ ਮਹਾਰਾਜ ਨਾਲ ਉਹਨਾਂ ਦੀ ਧਰਮ ਪਤਨੀ ਗੱਲੀਂ ਪੈ ਗਈ ਕਿ ਭਾਨੀ ਜਵਾਨ ਹੋ ਗਈ ਹੈ, ਕੋਈ ਵਰ ਲੱਭੋ! ਇੰਨੇ ਚਿਰ ਨੂੰ ਜੇਠਾ ਆ ਗਿਆ ਤੇ ਮਾਤਾ ਜੀ ਦੀ ਜ਼ਬਾਨੋਂ ਨਿਕਲ ਗਿਆ ਕਿ ਇਹ ਜਿਹੜਾ ਕਾਕਾ ਹੈ ਨਾ, ਇਸ ਦੇ ਵਰਗਾ ਹੋਵੇ ਵਰ, ਸੋਹਣਾ, ਸੁੰਦਰ। ਇਹ ਸੁਣ ਕੇ ਸੱਚੇ ਪਾਤਸ਼ਾਹ ਹੱਸ ਪਏ ਤੇ ਕਹਿਣ ਲੱਗੇ, ਇਹਦੇ ਵਰਗਾ! ਇਕ ਵਰਗਾ ਤਾਂ ਦੂਜਾ ਰੱਬ ਨੇ ਬਣਾਇਆ ਹੀ ਨਹੀਂ। ਮਹਾਰਾਜ ਕਹਿਣ ਹੀ ਲੱਗੇ ਇਹ ਕਿਉਂ ਨਹੀਂ, ਤਾਂ ਇਕ ਸਿੱਖ ਨੇ ਹੱਥ ਖੜਾ ਕਰ ਦਿੱਤਾ, ਮਹਾਰਾਜ ਵੇਖਿਓ ਕਿਤੇ ਮੂੰਹੋ ਬਚਨ ਨਾ ਕੱਢ ਦੇਣਾ! ਇਹਦੀ ਤਾਂ ਮਾਂ ਹੈ ਨਹੀਂ ਜੇ, ਪਿਉ ਹੈ ਨਹੀਂ ਜੇ, ਇਹਦਾ ਘਰ ਹੈ ਨਹੀਂ ਜੇ, ਇਹ ਬੜਾ ਵੱਡਾ ਮਹਾਂ ਗਰੀਬ ਜੇ, ਵੇਖਿਓ ਕਿਤੇ ਬਚਨ ਨਾ ਕੱਢ ਦੇਣਾ! ਤੇ ਮਹਾਰਾਜ ਕਹਿਣ ਲੱਗੇ, ਐਵੇ ਹੀ ਕਹਿੰਦਾ ਹੈਂ ਕਿ ਸੱਚੀਂ-ਮੁੱਚੀਂ ਗਰੀਬ ਹੈ! ਉਹ ਕਹਿੰਦਾ ਜੀ ਮੈਂ ਆਪ ਜਾਣਦਾ ਹਾਂ, ਚੰਗੀ ਤਰ੍ਹਾਂ ਜਾਣਦਾ ਹਾਂ, ਮਹਾਂ ਗਰੀਬ ਜੇ। ਰੋਟੀ ਨਹੀਂ ਲੱਭਦੀ, ਇਸ ਲਈ ਘੁੰਗਣੀਆਂ ਵੇਚਦਾ ਜੇ। ਔਰ ਸਾਹਿਬ ਮੁਸਕਰਾ ਪਏ ਤੇ ਕਹਿਣ ਲੱਗੇ ਜੇ ਗਰੀਬ ਹੈ ਤਾਂ :-

*'ਗਰੀਬੀ ਗਦਾ ਹਮਾਰੀ॥*
*ਖੰਨਾ ਸਗਲ ਰੇਨੁ ਛਾਰੀ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ॥*
*ਗੁਰ ਪੂਰੇ ਏਹ ਗਲ ਸਾਰੀ॥* (ਪੰਨਾ ੬੨੮)

ਦੂਜਾ ਸਿੱਖ ਉਠਿਆ, ਹੋਰ ਅਗਾਂਹ ਹੋ ਗਿਆ ਤੇ ਕਹਿਣ ਲੱਗਾ, ਮਹਾਰਾਜ ਫਿਰ ਵੀ ਬਚਨ ਸੋਚ ਸਮਝ ਕੇ ਮੂੰਹੋਂ ਕੱਢਿਓ। ਇਹਦਾ ਕੁਝ ਨਹੀਂ ਜੇ, ਯਤੀਮ ਜੇ ਵਿਚਾਰਾ! ਰੋਟੀ ਦਾ ਮੁਹਤਾਜ, ਰੋਟੀ ਦੀ ਖਾਤਰ ਸਾਰਾ-ਸਾਰਾ ਦਿਨ ਭਾਂਡੇ ਮਾਂਜਦਾ ਰਹਿੰਦਾ ਜੇ! ਫਿਰ ਗਰੀਬ-ਨਿਵਾਜ਼ 'ਗੁਰੂ ਅਮਰਦੇਵ' ਕਹਿਣ ਲੱਗੇ ਕਿ ਫਿਰ ਨਿਰੀ ਕੁੜੀ ਕਾਹਦੀ ਦੇਣੀ ਹੈ, ਗੁਰਿਆਈ ਦੀ ਗੱਦੀ ਵੀ ਇਸ ਨੂੰ ਦੇ ਦਿੰਦੇ ਹਾਂ, ਜਿਸ ਵਿਚ ਇੰਨੇ ਗੁਣ ਹਨ !

**"ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।"**

ਗੁਰੂ ਜੀ ਕਹਿਣ ਲੱਗੇ, ਸਾਡੇ ਬਾਅਦ ਗੁਰਿਆਈ ਦੀ ਗੱਦੀ ਵੀ ਇਹੀ ਸੰਭਾਲੇਗਾ, ਜਿਸ ਵਿਚ ਇੰਨੇ ਗੁਣ ਹਨ, ਇਸ ਵਿਚ ਤਾਂ ਸਿੱਖੀ ਕੁੱਟ-ਕੁੱਟ ਕੇ ਭਰੀ ਹੋਈ ਹੈ। ਹਜ਼ੂਰ ਨੇ ਚੋਦਾਂ ਘਰ ਨਹੀਂ ਵੇਖੇ ਆਪਣੀ ਲੜਕੀ ਮੰਗਣ ਵਾਸਤੇ। ਔਰ ਅਸੀਂ ਜਦੋਂ ਕੁੜੀ ਜਾਂ ਮੁੰਡੇ ਵਾਸਤੇ ਲੜਕੀ ਜਾਂ ਲੜਕਾ ਵੇਖਣ ਜਾਂਦੇ ਹਾਂ ਤਾਂ ਉੱਨੀ ਘਰ ਵੇਖਦੇ ਹਾਂ। ਜੇ ਵਿਆਹ ਤੋਂ ਪਹਿਲਾਂ ਹੀ ਇਹ ਹਾਲ ਹੈ ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਕੁੜੀ-ਮੁੰਡਾ ਜਤੀ-ਸਤੀ ਰਹਿਣਗੇ। ਔਰ ਫਿਰ ਘਰ ਲੱਭਦੇ ਹਾਂ ਵੱਡਾ ਤੇ ਫਿਰ ਲੋਹੇ ਦਾ ਕੜਾ ਲਾਹ ਕੇ ਸੋਨੇ

ਦਾ ਪਾ ਲੈਂਦੇ ਨੇ, ਪੁੱਛੀਏ ਤਾਂ ਕਹਿੰਦੇ ਨੇਂ ਕਿ ਘਰ ਲੱਭ ਪਿਆ ਹੈ ਵੱਡਾ, ਕੁੜਮਾਂ ਨੇ ਲੋਹੇ ਦਾ ਕੜਾ ਉਤਾਰ ਕੇ ਸੋਨੇ ਦਾ ਪਾ ਦਿੱਤਾ ਹੈ। ਤੁਸੀਂ ਆਪੇ ਹੀ ਸਿਆਣੇ ਹੋ, ਜਿਨ੍ਹਾਂ ਨੇ ਇਸ ਕੋਲੋਂ ਗੁਰਮਤਿ ਖੋਹ ਲਈ, ਗੁਰਮਤਿ ਦੀ ਨਿਸ਼ਾਨੀ ਖੋਹ ਲਈ ਤੇ ਇਸ ਨੂੰ ਸੋਨੇ ਦਾ ਕੜਾ ਪਾ ਦਿੱਤਾ। ਕੱਲ੍ਹ ਨੂੰ ਤੇਰੀ ਕ੍ਰਿਪਾਨ ਲਾਹੁਣਗੇ, ਚੌਥ ਨੂੰ ਤੇਰਾ ਕੱਛਾ ਲਾਹ ਦੇਣਗੇ। ਇਹ ਹੁਣ ਤੁਰ ਪਏ ਜਿਹੜੇ ਰਸਤੇ ਫਿਰ ਤਾਂ ਤੈਨੂੰ ਪੱਕਾ ਹੀ ਸਿੱਖ ਬਣਾ ਕੇ ਰੱਖਣਗੇ! ਅਸੀਂ ਸੋਨੇ ਦੇ ਵਪਾਰੀ ਰਹਿ ਗਏ ਹਾਂ, ਦੁਹਾਈ ਰੱਬ ਦੀ ਔਰ ਜਿਸ ਨੂੰ ਗੁਰਮਤਿ ਕਹਿੰਦੇ ਹਾਂ ਨਾ, ਉਸ ਦੇ ਮਗਰ ਤਾਂ ਅਸੀਂ ਸੋਟਾ ਲੈ ਕੇ ਬੈਠੇ ਹੋਏ ਹਾਂ। 'ਗੁਰੂ ਅਮਰਦੇਵ' ਨੇ ਵਿਧਵਾ ਵਿਆਹ ਕੀਤਾ। 'ਗੁਰੂ ਅਮਰਦੇਵ ਦੇ ਵੇਲੇ ਸਤੀ ਹੋਣ ਦਾ ਰਿਵਾਜ਼ ਸੀ ਕਿ ਪਤੀ ਦੇ ਨਾਲ ਹੀ ਮੜ੍ਹੀ ਵਿਚ ਸੜ ਜਾਣਾ ਤੇ 'ਗੁਰ ਅਮਰਦੇਵ' ਨੇ ਐਲਾਨ ਕੀਤਾ ਬਾਣੀ ਵਿਚ :-

*"ਸਤੀਆ ਏਹਿ ਨ ਆਖੀਅਨਿ*
*ਜੋ ਮੜਿਆ ਲਗਿ ਜਲੰਨਿ॥*

ਉਹ ਕੋਈ ਸੱਤੀ ਨਹੀਂ ਜਿਹੜੀ ਲੋਕ-ਲਾਜ ਵਿਚ ਫੱਸੀ ਹੋਈ ਮੜ੍ਹੀ ਵਿਚ ਜਲ ਜਾਏ।

*"ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥ ੧॥* (ਪੰਨਾ ੭੮੭)

ਬਲਕਿ ਸਤੀ ਉਹ ਹੈ ਜਿਹੜੀ ਬਿਰਹੋਂ ਦੀ ਚੋਟ ਨਾਲ ਮਰ ਜਾਏ। ਅਰਥਾਤ ਪਤੀ ਹੋਵੇ ਅਮਰੀਕਾ, ਉਸ ਨੂੰ ਹੋ ਜਾਏ ਹਾਰਟਅਟੈਕ, ਉਹ ਜਾਏ ਮਰ। ਔਰ ਇਸ ਨੂੰ ਆਵੇ ਤਾਰ ਕਿ ਗਿਆਰਾਂ ਤਾਰੀਕ ਨੂੰ ਬਾਰ੍ਹਾਂ ਮਿੰਟ ਤੇ ਤੇਰੇ ਪਤੀ ਦਾ ਹਾਰਟ ਹੋ ਗਿਆ ਫੇਲ੍ਹ, ਪਤੀ ਮਰ ਗਿਆ ਤੇ ਸੁਣਦਿਆਂ ਸਾਰ ਹੈਂ ! ਪਤੀ ਮਰ ਗਿਆ ਤੇ ਨਾਲ ਹੀ ਆਪਣੀ ਜਾਨ ਤਿਆਗ ਦੇਵੇ, ਨਾਲ ਹੀ ਆਪਣੇ ਪ੍ਰਾਣ ਦੇ ਦੇਵੇ ਸਤੀ 'ਤਾਂ 'ਗੁਰੂ ਅਮਰਦੇਵ' ਕਹਿਣ ਲੱਗੇ ਕਿ ਇਹ ਵੀ ਦੂਜੇ ਨੰਬਰ ਦੀ ਸਤੀ ਹੈ। ਅੱਵਲ ਨੰਬਰ ਦੀ ਸਤੀ ਉਹ ਹੈ ਜਿਹੜੀ ਮੋਏ ਹੋਏ ਪਤੀ ਦੇ ਨਾਂ ਉੱਤੇ, ਉਸ ਨੂੰ ਜੀਉਂਦਾ-ਜਾਗਦਾ ਸਮਝ ਕੇ ਤੇ ਆਪਣੀ ਸਾਰੀ ਜ਼ਿੰਦਗੀ ਗੁਜ਼ਾਰ ਦੇਵੇ, ਉਹੋ ਸਤੀ ਕਹਿਲਾਉਂਦੀ ਹੈ। ਔਰ ਉਹਨਾਂ ਇਹ ਵੀ ਕਿਹਾ ਕਿ ਸੱਚੀ ਸਤੀ ਉਹ ਹੈ ਜਿਹੜੀ ਪਤੀ ਦੇ ਨਾਂ ਉਤੇ ਜੀਉਂਦੀ ਰਹੇ, ਪਤੀ ਨੂੰ ਮੋਇਆ ਹੋਇਆ ਨਾ ਸਮਝੇ, ਬਲਕਿ ਉਸ ਨੂੰ ਹਾਜ਼ਰ-ਨਾਜ਼ਰ ਜਾਣ ਕੇ ਆਖੇ ਕਿ ਮੇਰੇ ਅੰਗ-ਸੰਗ ਹੈ। ਮਾਨ ਸਿੰਘ ਜੀ ਝੌਰ ਨੇ 'ਗੁਰੂ ਅਮਰਦੇਵ' ਲਈ ਇਹ ਸ਼ਬਦ ਆਖੇ :-

*"ਭਲੇ ਅਮਰਦਾਸ ਗੁਣ ਤੇਰੇ*
*ਤੇਰੀ ਬਨਿ ਆਵੈ ਤੇਰੀ ਉਪਮਾ ਜੀ*
*ਤੋਹਿ ਬਨਿ ਆਵੈ ਤੇਰੀ ਉਪਮਾ॥"*

'ਮਾਨ ਸਿੰਘ ਜੀ ਝੌਰ ਦੱਸਦੇ ਹਨ ਕਿ ਪਾਣੀ ਦੇ ਪੁੱਤ ਕਮਲ ਫੁੱਲ ਨੇ ਤੇ ਉਸ ਨੇ ਆਪਣੇ ਪ੍ਰੇਮੀ ਨੂੰ ਹਰਿ ਕੀਆਂ ਪਉੜੀਆਂ ਦਾ ਇਸ਼ਨਾਨ ਕਰਵਾ ਦਿੱਤਾ, ਗੁਰੂ ਕੇ ਦਰਸ਼ਨ

ਕਰਵਾ ਦਿੱਤੇ। ਔਰ ਅੱਗ ਦੇ ਪੁੱਤ ਦੀਵੇ ਨੇ ਆਪਣੇ ਪ੍ਰੇਮੀ ਪਰਵਾਨੇ ਨੂੰ ਸਾੜ ਹੀ ਦਿੱਤਾ। ਔਰ ਲੋਕਾਂ ਪੁਛਿਆ, ਭਾਈ ਜੀ! ਅੱਗ ਵਿਚ ਔਗੁਣ ਕਿਉਂ ਆਏ? ਭਾਈ ਜੀ ਕਹਿੰਦੇ :-

*"ਅਗੀ ਲਾਟ ਉਚਾਟ ਹੈ"*

ਅੱਗ ਦੀ ਲਾਟ ਜਿਹੜੀ ਹੈ ਉਚਾਟ ਅਰਥਾਤ ਚੰਚਲ ਹੈ। ਖਲੋ ਕੇ ਨਹੀਂ ਬਲਦੀ, ਟਿਕ ਕੇ ਨਹੀਂ ਬਲਦੀ, ਬਲਕਿ ਕੰਬਦੀ ਰਹਿੰਦੀ ਹੈ। ਕਹਿੰਦੇ ਇਕ ਆਦਮੀ ਨੇ ਜ਼ਨਾਨੀ ਕੁੱਟ ਕੱਢੀ। ਕਹਿੰਦੇ ਕਿਉਂ ਮਾਰਿਆ ਈ? ਕਹਿੰਦਾ ਇਹਦੇ ਕੋਲੋਂ ਅੱਗ ਸਾਲੀ ਨਹੀਂ ਬਲਦੀ! ਖਸਮੁਖਾਣਿਆ ਅੱਗ ਸਾਲੀ ਕਿਸ ਤਰ੍ਹਾਂ ਬਲੇ? ਇਹਨੇ ਤਾਂ ਕੰਬਣਾ ਹੀ ਹੋਇਆ, ਇਹਨੇ ਤਾਂ ਡੋਲਣਾ ਹੀ ਹੋਇਆ। ਅਗਲੇ ਦਿਨ ਫੇਰ ਮਾਰਨ ਲੱਗ ਪਿਆ। ਪੁਛਿਆ ਅੱਜ ਕਿਉਂ ਮਾਰਿਆ ਈ? ਕਹਿੰਦਾ ਰੋਟੀ ਪ੍ਰਕਾਰ ਵਿਚ ਨਹੀਂ। ਵਿਗੜੇ ਹੋਏ ਆਦਮੀ ਕੋਲੋਂ ਰੱਬ ਬਚਾਏ ਤੇ ਬਚਾਏ ਖਸਮੁਖਾਣਾ ਹਟਦਾ ਨਹੀਂ। ਉਲਟੇ ਰਾਹ ਜਾਏਗਾ, ਭੈੜੀਆਂ ਗੱਲਾਂ ਚੇਤੇ ਆਉਣਗੀਆਂ, ਕਿਉਂਕਿ ਇਹ ਨੀਵਾਂ ਹੋ ਕੇ ਸਤਿਗੁਰ ਅੱਗੇ ਲੇਟਦਾ ਹੀ ਨਹੀਂ।

*"ਅਗੀ ਲਾਟ ਉਚਾਟ ਹੈ ਤੇ ਸਿਰ ਉੱਚਾ।"*

ਵੀਹ ਫੁੱਟ ਡੂੰਘਾ ਟੋਇਆ ਪੁੱਟ ਕੇ ਤੁਸੀਂ ਅੱਗ ਬਾਲੋਗੇ ਤਾਂ ਇਤਨੀ ਹੰਕਾਰੀ ਹੈ ਕਿ ਲਾਟ ਉਤਾਂਹ ਨੂੰ ਜਾਂਦੀ ਹੈ। ਹੰਕਾਰ ਵਿਚ ਆਈ ਹੋਈ ਉੱਚਾ ਸਿਰ ਕਰ ਕਰਕੇ ਖੋਟੇ ਕੰਮ ਕਰਦੀ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ :-

*"ਅਗਿ ਤਤੀ ਜਲੁ ਸੀਅਰਾ*
*ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।*
*ਅਗੀ ਧੂਆ ਧਉਲਹਰੁ ਜਲੁ ਨਿਰਮਲ ਗੁਰ ਗਿਆਨ ਸੁਚਾਰਾ।*
*ਕੁਲ ਦੀਪਕੁ ਬੈਸੰਤਰਹੁ ਜਲ ਕੁਲ ਕਵਲੁ ਵਡੇ ਪਰਵਾਰਾ।*
*ਦੀਪਕ ਹੇਤੁ ਪਤੰਗ ਦਾ ਕਵਲ ਭਵਰ ਪਰਗਟੁ ਪਾਹਾਰਾ।*
*ਅਗੀ ਲਾਟ ਉਚਾਟ ਹੈ ਸਿਰੁ ਉਚਾ ਕਰਿ ਕਰੈ ਉਚਾਰਾ।*
*ਸਿਰੁ ਨੀਵਾ---*
*ਨੀਵਾਣਿ ਵਾਸੁ*
*ਪਾਣੀ ਅੰਦਰ ਪਰਉਪਕਾਰਾ----।*
*ਨਿਵ ਚਲੈ ਸੋ ਗੁਰੂ ਪਿਆਰਾ।*
*ਪਾਵੇਗਾ ਦਰਗਹਿ ਮਾਨ ਨਿਮਾਣਾ !*
*ਮਾਨ ਨਿਮਾਣਾ ਪਾਵੇ ਦਰਗਹਿ,*
*ਮਾਨ ਨਿਮਾਣਾ ਪਾਵਹਿ !* *(ਭਾਈ ਗੁਰਦਾਸ ੪/੫)*

ਸੋ ਅੰਤ ਵਿਚ 'ਮਾਨ ਸਿੰਘ ਜੀ ਝੌਰ' ਕਹਿੰਦੇ ਹਨ ਕਿ ਕਥਾ ਜਿਹੜੀ ਹੈ ਝੜੀ ਦਾ ਮੀਂਹ ਹੈ। ਬਸੰਤ ਦੇ ਫੁੱਲ ਵੀ ਨੇ ਉਹ ਵੀ ਗਿਣੇ ਨਹੀਂ ਜਾਂਦੇ, ਉਸੇ ਤਰ੍ਹਾਂ ਜਿਵੇਂ ਗੁਰੂ ਵਿਚ ਇੰਨੇ ਗੁਣ ਹੁੰਦੇ ਹਨ, ਜਿਹੜੇ ਸਾਡੇ ਕੋਲੋਂ ਗਿਣੇ ਨਹੀਂ ਜਾਂਦੇ। ਅਸੀਂ ਵੀ ਬਸੰਤ ਦੇ ਫੁੱਲਾਂ ਵਾਂਗੂੰ ਬਣਨਾ ਹੈ ਕਿ ਸਾਡੇ ਵੀ ਗੁਣ ਗਿਣੇ ਨਾ ਜਾਣ। ਅਸੀਂ ਗੁਰੂ ਵਾਂਗ ਤੇ ਬਣ ਨਹੀਂ ਸਕਦੇ, ਪਰ ਉਸ ਦੀ ਪਰਛਾਂਈਂ ਬਣਨ ਦੀ ਕੋਸ਼ਿਸ਼ ਤਾਂ ਕਰ ਸਕਦੇ ਹਾਂ। ਇਸ ਲਈ ਹਮੇਸ਼ਾ ਬਾਣੀ ਪੜ੍ਹਦੇ ਰਹਿਣਾ ਚਾਹੀਦਾ ਹੈ। ਸਾਨੂੰ ਵਰ ਲੱਭਣ ਵੇਲੇ ਉਸ ਦੀ ਜਾਇਦਾਦ, ਜ਼ਮੀਨ, ਪੈਸਾ ਨਹੀਂ ਵੇਖਣਾ ਚਾਹੀਦਾ, ਬਲਕਿ ਉਹ ਜਾਇਦਾਦ ਵੇਖਣੀ ਚਾਹੀਦੀ ਹੈ ਜਿਹੜੀ ਉਸ ਦੀ ਆਪਣੀ ਹੈ ਅਰਥਾਤ ਸਬਰ, ਸੰਤੋਖ, ਧੀਰਜ ਹੌਂਸਲਾ। ਇਹ ਜਾਇਦਾਦ ਸਦਾ ਇਨਸਾਨ ਦੀ ਆਪਣੀ ਹੁੰਦੀ ਹੈ, ਪਰ ਜ਼ਮੀਨ, ਪੈਸਾ ਇਨਸਾਨ ਕੋਲ ਅੱਜ ਹੈ ਤਾਂ ਕਲ੍ਹ ਨਹੀਂ।

SIKHBOOKCLUB.COM

# ਤੇਗ ਬਹਾਦਰ ਜੀ ਦੇ ਸੀਸ-ਧੜ ਦੀ ਗਾਥਾ

ਸੰਸਾਰੀ ਢਾਂਚਾ ਐਸੀ ਢਾਲਣਾ ਵਿੱਚ ਢਾਲਿਆ ਗਿਆ ਹੈ, ਜਿਸ ਵਿੱਚ ਮਾਇਆ ਦੇ ਪ੍ਰਭਾਵ ਕਾਮ, ਕ੍ਰੋਧ, ਲੋਭ, ਮੋਹ ਦੇ ਪ੍ਰਭਾਵ ਤੋਂ ਇਲਾਵਾ ਹੋਰ ਕਿਸੇ ਚੀਜ਼ ਦਾ ਵੀ ਪ੍ਰਭਾਵ ਨਹੀਂ ਹੈ। ਔਰ ਅਸੀਂ ਇਹੀ ਗਿਆਨ ਹਾਸਿਲ ਕਰਨਾ ਹੈ ਕਿ ਅਸੀਂ ਕਾਮ, ਕ੍ਰੋਧ, ਲੋਭ, ਮੋਹ ਤੋਂ ਕਿਵੇਂ ਬਚ ਸਕੀਏ? ਔਰ ਅਸੀਂ ਇਹ ਵੀ ਗਿਆਨ ਹਾਸਿਲ ਕਰਨਾ ਹੈ ਕਿ ਗੁਰਮਤਿ ਦਾ ਤਪ ਕਿਸ ਨੂੰ ਕਹਿੰਦੇ ਹਨ?

'ਮਾਨ ਸਿੰਘ ਜੀ ਝੌਰਾ' ਦੱਸਦੇ ਹਨ ਕਿ ਕੌਣ ਐਸਾ ਪੁਰਸ਼ ਹੈ, ਜਿਹੜਾ ਕਾਮਦੇਵ ਤੋਂ ਬਚ ਸਕੇ ਤੇ ਕੌਣ ਐਸਾ ਪੁਰਸ਼ ਹੈ ਜਿਹਦੇ ਉੱਤੇ ਇਨ੍ਹਾਂ ਦਾ ਵਾਰ ਨਾ ਚੱਲਿਆ ਹੋਵੇ?

ਮੇਰੇ ਹਿੰਦੁਸਤਾਨ ਵਿੱਚ ਇੱਕ ਕੌਮ ਹੋਈ ਹੈ 'ਕ੍ਰਿਚੱਕ'! ਉਹ ਸੌ ਭਰਾ ਸਨ। ਮੇਰੇ ਹਿੰਦੁਸਤਾਨ ਦੇ ਇਤਿਹਾਸ ਵਿੱਚ ਲਿਖਿਆ ਹੈ ਕਿ ਉਹਨਾਂ ਦੇ ਖ਼ੂਨ ਵਿੱਚ ਐਸੀ ਬਰਕਤ ਸੀ ਕਿ ਜਿਥੇ ਕ੍ਰਿਚੱਕ ਦੇ ਖ਼ੂਨ ਦਾ ਇੱਕ ਕਤਰਾ ਵੀ ਡਿੱਗ ਪਏ ਤਾਂ ਉਥੇ ਇਕ ਹੋਰ ਕ੍ਰਿਚਕ ਪੈਦਾ ਹੋ ਜਾਂਦਾ ਸੀ। ਜੇ ਕੋਈ ਜ਼ਾਲਿਮ ਆਦਮੀ ਆ ਕੇ ਕਿਸੇ ਕ੍ਰਿਚੱਕ ਦਾ ਕਤੱਲ ਕਰ ਦੇਵੇ ਤਾਂ ਉਹਦੇ ਵਿਚੋਂ ੧੦੦ ਕਤਰਾ ਖ਼ੂਨ ਦਾ ਡਿੱਗ ਪਵੇ ਤਾਂ ਸੌ ਕ੍ਰਿਚੱਕ ਹੋਰ ਜੰਮ ਪੈਂਦਾ ਸੀ। ਮਾਰਿਆ ਇੱਕ, ਪਰ ਪੈਦਾ ਹੋ ਗਿਆ ਸੌ। ਜਦੋਂ ਇੱਕ ਨਹੀਂ ਸੀ ਮੋਇਆ ਤਾਂ ਉਹਨਾਂ ਦੀ ਗਿਣਤੀ ਸੌ ਸੀ ਤੇ ਜੇ ਇੱਕ ਮਰ ਗਿਆ ਤਾਂ ਸੌ ਹੋਰ ਪੈਦਾ ਹੋ ਜਾਂਦਾ ਸੀ। ਅਰਥਾਤ ਉਹ ੧੯੯ ਹੋ ਗਏ। ਜੇ ਇਕ ਹੋਰ ਵੱਢ ਸੁੱਟੀਏ ਤਾਂ ਸੌ ਹੋਰ ਪੈਦਾ ਹੋ ਗਏ। ਜਿਨ੍ਹਾਂ ਦੇ ਖ਼ੂਨ ਵਿੱਚ ਐਸੀ ਖ਼ੂਬੀ ਸੀ ਕਿ ਜਿੰਨੇ ਕੱਤਰੇ ਉਹਨਾਂ ਦੇ ਖ਼ੂਨ ਦੇ ਡਿੱਗਣ ਤਾਂ ਓਨੇ ਕ੍ਰਿਚਕ ਹੋਰ ਜੰਮ ਪੈਂਦੇ ਸਨ। ਜਿਸ ਦਿਨ ਉਹਨਾਂ ਕ੍ਰਿਚੱਕਾਂ ਦੀ ਕੌਮ ਵਿੱਚ ਕਾਮ ਨੇ ਆ ਕੇ ਪੈਰ ਪਾਇਆ ਨਾ, ਕਾਮ ਨੇ ਆ ਕੇ ਦਰਸ਼ਨ ਦਿੱਤੇ ਰੂਪ ਦੇ ਆਲੌਕਿਕ ਬਣ ਗਏ, ਤਾਂ ਮੇਰਾ ਇਤਿਹਾਸ ਇਹ ਦੱਸਦਾ ਹੈ ਕਿ ਸੌ ਦਾ ਸੌ ਮਾਰਿਆ ਗਿਆ। ਇਥੋਂ ਤੱਕ ਕਿ ਉਹਨਾਂ ਦੇ ਖਾਨਦਾਨ ਦਾ ਕੋਈ ਜੀਅ ਤੱਕ ਨਹੀਂ ਬਚਿਆ। ਜਦੋਂ ਕਾਮਦੇਵ ਨੇ ਉਹਨਾਂ ਉੱਤੇ ਹਮਲਾ ਕੀਤਾ। ਚੱਕਰ ਮਾਰ ਕੇ ਵੇਖੋ ਕੋਈ ਹੈਗਾ ਜਿਹੜਾ ਇਹਨਾਂ ਤੋਂ ਬਚਿਆ ਹੋਵੇ!

*"ਹਉ ਗੋਸਾਈ ਦਾ ਪਹਿਲਵਾਨੜਾ ॥*
*ਮੈ ਗੁਰ ਮਿਲਿ ਉਚ ਦੁਮਾਲੜਾ॥"* (ਪੰਨਾ ੭੪)

'ਸ੍ਰੀ ਗੁਰੂ ਅਰਜਨ ਦੇਵ ਜੀ' ਛਾਤੀ 'ਤੇ ਹੱਥ ਮਾਰ ਕੇ ਕਹਿੰਦੇ ਹਨ ਕਿ ਮੈਂ ਰੱਬ ਦਾ ਧਨਵਾਨ ਹਾਂ। ਸ੍ਰੀ ਗੁਰੂ ਰਾਮਦਾਸ ਸੋਢੀ ਦੀ ਮੁਲਾਕਾਤ ਹੋ ਜਾਣ ਕਰਕੇ ਮੇਰਾ ਦੁਮਾਲਾ ਬੜਾ ਉੱਚਾ ਹੈ। ਇਹ ਸੰਸਾਰ ਜਿਹੜਾ ਹੈ ਇਸ ਨੂੰ ਇਤਿਹਾਸ ਵਿਚ ਅਖਾੜਾ ਲਿਖਿਆ ਹੈ, ਦੰਗਲ ਲਿਖਿਆ ਹੈ। ਵਾਜੇ ਵਜਦੇ ਨੇ, ਢੋਲ ਵੱਜਦੇ ਨੇ। ਬੜੇ-ਬੜੇ ਭਲਵਾਨਾਂ ਨੇ ਲੰਗੋਟੇ ਕੀਤੇ ਹੋਏ ਨੇ, ਫੇਰੀਆਂ ਦਿੰਦੇ ਨੇ!

*ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥"*

ਸਾਰਾ ਅਖਾੜਾ ਇਕੱਠਾ ਹੋਇਆ ਪਿਆ ਹੈ ਤੇ ਦੇਈ ਦਾ ਮਤਲਬ ਹੈ 'ਪ੍ਰਮਾਤਮਾ'। ਅਰਥਾਤ, ਪ੍ਰਮਾਤਮਾ ਇਸ ਅਖਾੜੇ ਨੂੰ ਆਪ ਵੇਖ ਰਿਹਾ ਹੈ। ਆਪਣੇ ਘੁਲਣ ਵਾਲਿਆਂ ਨੂੰ ਆਪ ਵੇਖ ਰਿਹਾ ਹੈ ਕਿ ਢਹਿੰਦਾ ਕਿਹੜਾ ਹੈ ਤੇ ਢਾਉਂਦਾ ਕਿਹੜਾ ਹੈ? ਸਾਹਿਬ ਕਹਿੰਦੇ ਨੇ :

*"ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥"*

ਜਦੋਂ ਮੇਰੀ ਪਿੱਠ ਦੇ ਉੱਤੇ ਗੁਰੂ ਰਾਮਦਾਸ ਨੇ ਥਾਪੜਾ ਦਿੱਤਾ ਤਾਂ ਮੈਂ ਪੰਜੇ ਜਵਾਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਘੁੱਟ ਕੇ ਬੰਨ੍ਹ ਲਏ। ਇਹ ਮੇਰੇ ਵੱਲ ਅੱਖ ਉਠਾ ਕੇ ਨਹੀਂ ਵੇਖ ਸਕਦੇ। ਸਿਰਫ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਦੇ ਖਾਨਦਾਨ ਵਿੱਚ ਇਹ ਬਰਕਤ ਆਈ। ਔਰ ਅਰਜਨ ਦੇਵ ਸੱਚਾ ਪਾਤਸ਼ਾਹ ਕਹਿੰਦਾ ਹੈ ਕਿ ਇਹ ਮੇਰੇ ਕੋਲੋਂ ਡਰਦੇ ਨੇ, ਇਹ ਮੇਰੇ ਕੋਲੋਂ ਘਬਰਾਉਂਦੇ ਨੇ; ਸਾਹਿਬ ਸੱਚੇ ਪਾਤਸ਼ਾਹ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਏਸ ਦੁਨੀਆਂ ਦੇ ਅਖਾੜੇ ਦੇ ਮੁਤੱਲਕ ਇਕ ਤੁਕ ਹੈ ਕਿ ਗੁਰੂ ਕੇ ਸਿਖੋ :-

*'ਸਭ ਇਕਠੇ ਹੋਇ ਆਇਆ॥*

ਅਰਥਾਤ, ਜਦੋਂ ਭਲਵਾਨ ਕਿਸੇ ਦੰਗਲ ਵਿੱਚ ਜਾਂਦੇ ਨੇ ਤਾਂ ਇਕੱਠੇ ਹੋ ਕੇ ਜਾਂਦੇ ਨੇ, ਟੋਲਾ ਬਣ ਕੇ ਜਾਂਦੇ ਨੇ। ਔਰ ਜਦੋਂ ਦੰਗਲ ਖ਼ਤਮ ਹੋ ਜਾਦਾ ਹੈ ਤਾਂ ਇਕੱਠੇ ਵਾਪਿਸ ਨਹੀਂ ਆਉਂਦੇ। ਕੋਈ ਆਖਦਾ ਹੈ ਮੈਂ ਮਾਸੀ ਨੂੰ ਮਿਲਣ ਜਾਵਾਂਗਾ, ਕੋਈ ਆਖਦਾ ਹੈ ਮੈਂ ਭੂਆ ਨੂੰ ਮਿਲਣ ਜਾਵਾਂਗਾ, ਕੋਈ ਕਹਿੰਦਾ ਹੈ ਸੌਹਰਿਆਂ ਦਾ ਪਿੰਡ ਨੇੜੇ ਹੈ, ਉਥੋਂ ਹੋ ਜਾਵਾਂ। ਸਾਹਿਬ ਕਹਿੰਦੇ ਨੇ :-

*"ਸਭ ਇਕਠੇ ਹੋਇ ਆਇਆ॥*
*ਘਰਿ ਜਾਸਨਿ ਵਾਟ ਵਟਾਇਆ॥*
*ਗੁਰਮੁਖਿ ਲਾਹਾ ਲੈ ਗਏ*
*ਮਨਮੁਖ ਚਲੇ ਮੂਲੁ ਗਵਾਇ ਜੀਉ ॥* (ਪੰਨਾ ੭੪)
*ਚਲੇ ਮੂਲੁ ਗਵਾਇ ਜੀਉ॥*

ਚਲੇ ਮੂਲੁ ਗਵਾਇ ਜੀਉ॥"

ਜਿਹੜੇ ਗੁਰਮੁਖ ਗੁਰੂ ਦੀ ਮਿਹਰ ਨਾਲ ਇਨ੍ਹਾਂ ਪੰਜਾਂ ਨਾਲ ਲੜੇ, ਇਹਨਾਂ ਨੂੰ ਦੱਬ-ਫੜ ਕੇ ਚਰਨੀਂ ਲਾਇਆ ਤਾਂ ਉਹਨਾਂ ਨੂੰ ਤੇ ਲਾਭ ਮਿਲਿਆ, ਸਵਾਸ ਰੂਪ ਦੇ ਦਰਸ਼ਨ ਹੋਏ। ਔਰ ਬਾਕੀ ਦੇ ਜਿਹੜੇ ਮਨਮੁਖ ਸੀ, ਉਹ ਤਾਂ ਆਪਣਾ ਮੂਲ ਹੀ ਗਵਾ ਬੈਠੇ। ਰਾਸ-ਪੂੰਜੀ ਆਪਣੀ ਗਵਾ ਗਏ, ਹੀਰਾ ਜਨਮ ਹੀ ਉਹਨਾਂ ਦਾ ਬਰਬਾਦ ਹੋ ਗਿਆ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜਿਨ੍ਹਾਂ ਦਾ ਦਾਨ ਦਿੱਤਾ ਹੈ 'ਗੁਰੂ ਗੋਬਿੰਦ ਸਿੰਘ ਸਾਹਿਬ' ਨੇ ਆਪਣਾ ਪਿਤਾ ਦਾਨ ਕੀਤਾ ਹੈ ਲੋਕ-ਭਲਾਈ ਵਾਸਤੇ! ਉਹਨਾਂ ਦੇ ਜੀਵਨ ਨੂੰ ਥੋੜ੍ਹਾ ਜਿਹਾ ਆਪਣੇ ਨੇੜੇ ਲਿਆਓ। 'ਭਾਈ ਕੂੜਹਿ ਭਾਈ ਜੈਤਾ ਅਤੇ ਜੈਤੇ ਦੇ ਬਾਪ ਤੇ ਇਹਨਾਂ ਰਲ ਕੇ ਸਲਾਹ ਕੀਤੀ ਕਿ ਔਰੰਗਜ਼ੇਬ ਨੇ ਸਾਹਿਬ ਸੱਚੇ ਪਾਤਸ਼ਾਹ ਨੂੰ ਸ਼ਹੀਦ ਕਰ ਦੇਣਾ ਤੇ ਉਹਨਾਂ ਦੇ ਸਿਰ-ਧੜ ਦਾ ਅਪਮਾਨ ਨਹੀਂ ਹੋਣ ਦੇਣਾ। ਜੈਤੇ ਦੀ ਰਾਇ ਇਹ ਸੀ ਕਿ ਕੋਈ ਹੋਰ ਦੂਜਾ ਸਿਰ ਝਟਕਾ ਕੇ ਉਥੇ ਸੁੱਟ ਦੇਣਾ ਚਾਹੀਦਾ ਹੈ, ਜਿਥੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਜਾਏ ਤੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁਕ ਕੇ ਅਨੰਦਪੁਰ ਸਾਹਿਬ ਚਲੇ ਜਾਣਾ ਚਾਹੀਦਾ ਹੈ। ਉਹ ਸਿਰ ਇਸ ਕਰਕੇ ਸੁਟਣਾ ਚਾਹੀਦਾ ਹੈ, ਕਿਉਂਕਿ ਕੁਝ ਚਿਰ ਭੁਲੇਖਾ ਪਿਆ ਰਹੇ ਹਕੂਮਤ ਨੂੰ, ਕਿ ਇਹੋ ਸਿਰ ਹੈ ਜਾਂ ਵਟਾਇਆ ਗਿਆ। ਉਹਨਾਂ ਦੀ ਗਿਣਤੀ ਲੱਭਦਿਆਂ-ਲੱਭਦਿਆਂ ਜਿਹੜਾ ਸੀਸ ਲੈ ਕੇ ਜਾਏਗਾ, ਉਹ ਕਾਫੀ ਅੱਗੇ ਨਿਕਲ ਜਾਏ। ਤਾਰੀਖੇ ਪੰਜਾਬ ਦੇ ਅੰਦਰ ਇਹ ਹਵਾਲਾ ਆਉਂਦਾ ਹੈ ਕਿ ਜੈਤੇ ਦੇ ਪਿਤਾ ਉੱਠ ਕੇ ਖਲੋ ਗਏ ਤੇ ਕਹਿਣ ਲਗੇ ਬੇਟਾ! ਅਸੀਂ ਸਾਹਿਬ ਨਿਰੰਕਾਰੀ ਦੇ ਸਿੱਖ ਹਾਂ। ਸਾਡੇ ਗੁਰੂ 'ਤੇ ਅੱਜ ਬੜਾ ਕਰੜਾ ਵਕਤ ਆ ਬਣਿਐ। ਪਰ ਔਰੰਗਜ਼ੇਬ ਜ਼ਿੱਦੇ ਪੈ ਗਿਆ ਤੇ ਭਾਈ ਜੈਤੇ ਦਾ ਪਿਤਾ ਕਹਿਣ ਲੱਗਾ, ਜਿਸ ਨੇ ਆਪਣੇ ਪਿਉ ਦਾ ਲਿਆਜ ਨਹੀਂ ਕੀਤਾ, ਉਹਨੇ ਸਾਡੇ ਗੁਰੂ ਦਾ ਲਿਆਜ ਕਿਥੋਂ ਕਰਨਾ ਹੈ? ਇਸ ਕਰਕੇ ਪੁੱਤਰਾ, ਮੇਰਾ ਪੁੱਤਰ ਬਣ, ਮੇਰਾ ਬੇਟਾ ਬਣ ਤੇ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਪਹਿਲਾਂ ਮੈਨੂੰ ਸ਼ਹੀਦ ਕਰ ਦੇ। ਮੇਰਾ ਸਿਰ ਮੇਰੇ ਧੜ ਨਾਲੋਂ ਅਲੱਗ ਕਰ ਦੇ। ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨਗੇ, ਤਾਂ ਉਦੋਂ ਮੇਰਾ ਸਿਰ ਚੁਕ ਕੇ ਗੁਰੂ ਤੇਗ ਬਹਾਦਰ ਜੀ ਦੀ ਥਾਂ ਰੱਖ ਦੇਣਾ ਤੇ ਗੁਰੂ ਤੇਗ ਬਹਾਦਰ ਜੀ ਦਾ ਸਿਰ ਲੈ ਕੇ ਤੁਸੀਂ ਅਨੰਦਪੁਰ ਸਾਹਿਬ ਪਹੁੰਚ ਜਾਣਾ। ਤਾਰੀਖੇ ਪੰਜਾਬ ਨੇ ਇਹ ਹਵਾਲਾ ਦਿੱਤਾ ਹੈ ਕਿ ਜੈਤੇ ਦੇ ਪਿਉ ਨੇ ਆਪਣੇ ਆਪ ਨੂੰ ਮਾਰ ਲਿਆ। ਆਪਣਾ ਸਿਰ ਉਥੇ ਰਖਵਾ ਦਿੱਤਾ ਤੇ ਫਿਰ ਭਾਈ ਜੈਤਾ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਗਏ ਸਨ। ਤੁਸੀਂ ਜੈਤੇ ਵੱਲ ਜ਼ਰਾ ਵੇਖੋ, ਉਹ ਜੁਗਰਾਫੀਏ ਦਾ ਕਿੰਨਾ ਵਾਕਿਫ ਹੋਵੇਗਾ। ਛੋਟਾ ਰਸਤਾ ਉਹਨੇ ਲੱਭਿਆ ਹੈ, ਤਾਰਿਆਂ ਦਾ ਉਸ ਨੂੰ ਕਿੰਨਾ ਗਿਆਨ ਹੋਵੇਗਾ। ਤਾਰਿਆਂ ਦੀ ਉਹਨੇ ਸੇਧ ਲਈ, ਪੱਤਾ-ਪੱਤਾ ਵੈਰੀ ਹੈ

ਪਰ ਉਸ ਨੇ ਆਪਣੀ ਜਾਨ ਦੀ ਕੋਈ ਪਰਵਾਹ ਨਾ ਕੀਤੀ। ਸੱਤਾਂ ਪਰਦਿਆਂ ਵਿਚ ਲਪੇਟ ਕੇ ਸਰਕਾਰ ਦਾ ਪਾਵਨ ਸੀਸ ਹਰ ਮੁਸੀਬਤ ਤੋਂ ਬਚਦਾ-ਬਚਾਉਂਦਾ ਸ੍ਰੀ ਕੀਰਤਪੁਰ ਸਾਹਿਬ ਪਹੁੰਚ ਗਿਆ। ਔਰ ਸੀਸ ਨੂੰ ਕੀਰਤਪੁਰ ਸਾਹਿਬ ਜਾ ਕੇ ਰੱਖ ਦਿੱਤਾ, ਕਿਉਂਕਿ ਪਹਿਲੇ ਦੋ ਗੁਰੂ ਸਾਹਿਬਾਨ ਦੀਆਂ ਸਮਾਧਾਂ ਉੱਥੇ ਸਨ ਤੇ ਜੈਤਾ ਪਤਾ ਕਰਨਾ ਚਾਹੁੰਦਾ ਸੀ ਕਿ ਸਸਕਾਰ ਕੀਰਤਪੁਰ ਸਾਹਿਬ ਕੀਤਾ ਜਾਏ ਜਾਂ ਅਨੰਦਪੁਰ ਸਾਹਿਬ ਕੀਤਾ ਜਾਏ। ਪਤਾ ਕਰਦਿਆਂ-ਕਰਦਿਆਂ ਪਤਾ ਮਿਲ ਗਿਆ ਕਿ ਸਸਕਾਰ ਅਨੰਦਪੁਰ ਸਾਹਿਬ ਹੋਵੇਗਾ ਤੇ ਲੈ ਕੇ ਸੀਸ ਉਸੇ ਤਰ੍ਹਾਂ ਲਪੇਟਿਆ ਹੋਇਆ ਸੀਸ ਚੁਕ ਲਿਆ ਤੇ ਅਨੰਦਪੁਰ ਸਾਹਿਬ ਪਹੁੰਚਿਆ। ਉੱਥੇ ਦੇਸ਼-ਦੇਸ਼ਾਤਰਾਂ ਦੀਆਂ ਸੰਗਤਾਂ ਪਹੁੰਚ ਰਹੀਆਂ ਸਨ। ਦੇਸ਼-ਦੇਸ਼ਾਂਤਰਾਂ ਦੇ ਸ਼ਰਧਾਲੂ ਆਏ ਹੋਏ ਸਨ। ਜੰਗਲ ਦੀ ਅੱਗ ਵਾਂਗੂੰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਦੀ ਖ਼ਬਰ ਸਾਰੇ ਪਾਸੇ ਫੈਲ ਗਈ। ਸਨਾਟਾ ਛਾਇਆ ਹੋਇਆ ਸੀ, ਫਿਰ ਵੀ ਦਰਬਾਰ ਵਿਚ ਅੰਮ੍ਰਿਤ ਬਾਣੀ ਵਰਸ ਰਹੀ ਸੀ, ਦਰਬਾਰ ਵਿਚ ਬੜੀ ਗਹਿਮਾ-ਗਹਿਮ ਸੀ। ਗੁਰੂ ਕੇ ਸਿੱਖ ਬਾਣੀ ਦਾ ਅੰਮ੍ਰਿਤ ਪੀ ਕੇ ਅੰਦਰੋਂ-ਬਾਹਰੋਂ ਇਸ ਤਰ੍ਹਾਂ ਰੰਗੇ ਹੋਏ ਸਨ। 'ਸਾਹਿਬ ਸ੍ਰੀ ਗੁਰੂ ਗ੍ਰੰਥ' ਸਾਹਿਬ ਦਾ ਇਕ ਬਚਨ ਪੜ੍ਹੋ ਸਾਰੇ :-

*"ਰਤਾ ਮੇਰਾ ਚੋਲਾ ਸਦ ਰੰਗ ਢੋਲਾ॥"*
*"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥"*

'ਮਾਨ ਸਿੰਘ ਜੀ ਝੋਰ' ਦਸੱਦੇ ਹਨ ਕਿ ਬਾਣੀ ਪੜ੍ਹਨਾ ਤੇ ਤੱਪ ਕਰਨਾ, ਮਨਮਤੀਆ ਤੱਪ ਨਹੀਂ, ਗੁਰਮਤੀਆ ਤੱਪ ਹੈ, 'ਗੁਰਮਤਿ' ਦਾ ਤੱਪ ਇਹ ਹੈ ਜੇ ਤੁਹਾਡਾ ਮਕਾਨ ਗੁਰਦੁਆਰੇ ਤੋਂ ਚਾਰ ਮੀਲ ਹੈ ਤੇ ਉਥੋਂ ਤੁਰ ਕੇ ਸਤਸੰਗਤਿ ਵਿੱਚ ਆਉਣਾ, ਇਕ ਗੁਰਮਤਿ ਦਾ ਤੱਪ ਹੈ। ਜੇ ਇਥੇ ਚਾਰ ਘੰਟੇ ਦੀਵਾਨ ਸਜਿਆ ਰਹਿਣਾ ਤੇ ਚੌਂਕੜੀ ਮਾਰ ਕੇ ਇਸ ਤਰ੍ਹਾਂ ਸੁਰਤ ਜੋੜ ਕੇ ਤਮਾਮ ਖਿਆਲ ਪਾਸੇ ਰੱਖ ਕੇ ਹਰੀ ਦਾ ਜੱਸ ਸੁਨਣਾ, ਇਹ ਗੁਰਮਤਿ ਕਾ ਤੱਪ ਹੈ। ਲੰਗਰ ਪੱਕਦਾ ਹੈ, ਕੀਮਤੀ ਤੋਂ ਕੀਮਤੀ ਸੂਟ ਦੀ ਕੋਈ ਪ੍ਰਵਾਹ ਨਾ ਕਰਨੀ, ਇਹ ਗੁਰਮਤਿ ਕਾ ਤੱਪ ਹੈ ਲੰਗਰ ਪਕਾਉਣਾ, ਸਿੱਖਾਂ ਦੇ ਜੋੜੇ ਸਾਫ ਕਰਨੇ ਇਹ ਗੁਰਮਤਿ ਕਾ ਤੱਪ ਹੈ, ਲੱਕੜੀਆਂ ਲਿਆ ਕੇ ਲੰਗਰ ਵਿਚ ਰੱਖਣੀਆਂ ਇਹ ਗੁਰਮਤਿ ਕਾ ਤੱਪ ਹੈ, ਮੌਸਮ ਦੇ ਲਿਹਾਜ਼ ਨਾਲ ਪੱਖਾ ਫੇਰਨਾ, ਇਹ ਗੁਰਮਤਿ ਕਾ ਤੱਪ ਹੈ। ਸਾਹਿਬ ਕਹਿੰਦੇ ਨੇ, ਨਾ ਤਰਿਆ ਜਾਣ ਵਾਲਾ ਸੰਸਾਰ-ਸਮੁੰਦਰ ਹੈ, ਇਹਨੂੰ ਵੀ ਤਰ ਜਾਏਗਾ ਤਾਂ ਇਹ ਵੀ ਗਿਆਨ ਦਾ ਤੱਪ ਹੈ, ਲੱਭਦਾ ਹੈ ਇਹੋ ਜਿਹਾ ਪੰਥ!

'ਗੁਰੂ ਤੇਗ ਬਹਾਦਰ ਸਾਹਿਬ' ਨੇ ਡੇਰਾ ਕੀਤਾ। ਚੋਰ ਹਜ਼ੂਰ ਦਾ ਘੋੜਾ ਖੋਲ੍ਹਣ ਆ ਗਏ। ਦੋ ਚਾਰ ਚੋਰ ਸਨ, ਦੋਹਾਂ ਨੇ ਵੇਖਿਆ ਕਿ ਸ਼ੇਰ ਪਹਿਰਾ ਦੇ ਰਹੇ ਹਨ ਗੁਰੂ ਸਾਹਿਬਾਂ ਦੇ ਘੋੜੇ ਦਾ। ਇਕ ਇਧਰ ਚਲੇ ਜਾਂਦਾ, ਇਕ ਉਧਰ ਚਲੇ ਜਾਂਦਾ, ਘੋੜਾ ਖੋਲ੍ਹਣ ਦਾ ਵਕਤ ਨਹੀਂ

ਸੀ ਦਿੰਦੇ। ਉਹਨਾਂ ਚੋਰਾਂ ਵਿਚੋਂ ਦੋ ਚੋਰ ਮੁੜ ਗਏ ਕਿ ਇਹ ਕਰਾਮਾਤ ਹੈ, ਇਹ ਗੁਰੂ ਬਰਕਤ ਵਾਲਾ ਹੈ। ਇਹਦਾ ਘੋੜਾ ਖੋਲ੍ਹਿਆਂ ਸਾਡੀਆਂ ਕੁਲਾਂ ਗ਼ਰਕ ਹੋ ਜਾਣੀਆਂ, ਅਸਾਂ ਨਹੀਂ ਇਹ ਕਰਮ ਕਰਨਾ। ਲੇਕਿਨ ਦੋ ਹੱਠ ਨਾਲ ਬੈਠੇ ਰਹੇ। ਜਦੋਂ ਉਹਨਾਂ ਨੂੰ ਵਕਤ ਮਿਲਿਆ ਉਹਨਾਂ ਸਾਹਿਬਾਂ ਦਾ ਘੋੜਾ ਚੁਰਾ ਲਿਆ। ਜਿਸ ਵੇਲੇ ਲੈ ਕੇ ਤੁਰੇ ਤਾਂ ਭੈਅ ਨਾ ਪਿੱਛਾ ਛੱਡੇ, ਡਰ ਨਾ ਪਿੱਛਾ ਛੱਡੇ, ਕਾਂਬਾ ਨਾ ਪਿੱਛਾ ਛੱਡੇ। ਰਾਹ ਵਿੱਚ ਤਲਾਬ ਇਕ ਆਇਆ ਤਾਂ ਪਾਣੀ ਪੀਣ ਲੱਗੇ, ਪਰ ਫੜੇ ਗਏ! ਉਹਨਾਂ ਨੂੰ ਸਾਹਿਬਾਂ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਜਿਸ ਵੇਲੇ ਪੇਸ਼ ਹੋਏ, ਸਿੱਖਾਂ ਦੇ ਦਰਸ਼ਨ ਕੀਤੇ, ਗੁਰੂ ਤੇਗ ਬਹਾਦਰ ਜੀ ਦਾ ਦੀਦਾਰ ਕੀਤਾ। ਕੰਨਾਂ ਵਿੱਚ ਬਾਣੀ ਦੀ ਸ੍ਰੋਤ ਪਈ ਤਾਂ ਇਕ ਚੋਰ ਇੰਨਾ ਸ਼ਰਮਿੰਦਾ ਹੋਇਆ ਕਿ ਲਾਗੇ ਇਕ ਜੰਡ ਸੀ ਤੇ ਉਹਨੂੰ ਲੱਗ ਪਿਆ ਤਿੱਖੀ ਕਰਨ ਕਿ ਇਹਦੀ ਬਰਛੀ ਬਣਾ ਕੇ ਮੈਂ ਆਪਣੇ ਢਿੱਡ ਵਿੱਚ ਖੋਭ ਕੇ ਸੰਗਤ ਦੇ ਸਾਹਮਣੇ ਮਰ ਜਾਣਾ ਹੈ, ਕਿਉਂਕਿ ਮੈਂ ਬੜਾ ਘੋਰ ਪਾਪ ਕੀਤਾ ਹੈ, ਮੈਂ ਗੁਰੂ ਕਾ ਘੋੜਾ ਚੁਰਾਉਣੋਂ ਵੀ ਬਾਜ ਨਾ ਆਇਆ, ਮੇਰੇ ਵਰਗਾ ਹਤਿਆਰਾ ਕੋਈ ਨਹੀਂ! ਸਾਹਿਬ ਗੁਰੂ ਤੇਗ ਬਹਾਦਰ ਨੇ ਉਸ ਦੇ ਦਿਲ ਦੀ ਜਾਣ ਕੇ ਉਸ ਨੂੰ ਰੋਕਿਆ। ਕਹਿਣ ਲੱਗੇ, ਐਸਾ ਨਹੀਂ ਕਰਨਾ, ਕਿਉਂਕਿ ਪਛਤਾਵਾ ਹੀ ਗੁਨਾਹ ਦੀ ਸਜ਼ਾ ਹੈ। ਔਰ ਤੂੰ ਪਛਤਾਵਾ ਕਰ ਲਿਆ ਹੈ, ਇਹ ਪਛਤਾਵਾ ਹੀ ਗੁਨਾਹ ਦੀ ਸਜ਼ਾ ਹੈ। ਲੇਕਿਨ ਦੂਜੇ ਚੋਰ ਨੇ ਗੱਲਾਂ ਕਰਦਿਆਂ-ਕਰਦਿਆਂ ਹੀ ਮੜ੍ਹੀ ਬਣਾ ਲਈ, ਸੂਲਾਂ ਵਾਲੀ ਖਿੱਤੀ ਰੱਖ ਲਈ, ਛਾਲ ਮਾਰ ਕੇ ਉਪਰ ਚੜ੍ਹ ਗਿਆ ਤੇ ਸੂਲਾਂ ਉਸ ਦੇ ਸਰੀਰ ਦੇ ਆਰ-ਪਾਰ ਹੋ ਗਈਆਂ ਤੇ ਤੜਪ-ਤੜਪ ਕੇ ਉਸ ਨੇ ਜਾਨ ਦੇ ਦਿੱਤੀ ਕਿ ਮੈਂ ਗੁਨਾਹਗਾਰ ਹਾਂ, ਮੈਂ ਗੁਰੂ ਦਾ ਚੋਰ ਹਾਂ। ਹੇ ਨਿਰੰਕਾਰ! ਮੈਨੂੰ ਬਖਸ਼ ਲੈ। ਇਸ ਕਰਕੇ ਉਸ ਗੁਰਦੁਆਰੇ ਦਾ ਨਾਂ ਸੂਲੀ ਸਾਹਿਬ ਹੈ। ਲੇਕਿਨ ਸਾਹਿਬਾਂ ਨੇ ਉਸ ਵਾਸਤੇ ਅਰਦਾਸ ਕੀਤੀ ਤੇ ਇਕ ਚੋਰ ਨੂੰ ਮਾਫ ਕਰ ਦਿੱਤਾ। ਇਹੋ ਜਿਹੇ ਗੁਰੂ ਦੀ ਚਰਨ-ਸ਼ਰਨ ਵਿਚ ਆ ਕੇ ਤੂੰ ਤਰ ਜਾਏਂਗਾ।

**"ਰਤਾ ਮੇਰਾ ਚੋਲਾ ਸਦ ਰੰਗ ਢੋਲਾ॥**

ਔਰ ਜਦੋਂ ਜੈਤਾ ਅਨੰਦਪੁਰ ਪਹੁੰਚਿਆ ਤਾਂ ਉਸ ਨੇ ਵੇਖਿਆ ਕਿ ਮਾਈ-ਭਾਈ ਸਮਾਧੀਆਂ ਲਾਈ ਬੈਠੇ ਨੇ। ਜਿਥੇ ਸੰਗਤ ਜੋੜੇ ਉਤਾਰ ਕੇ ਮਥਾ ਟੇਕਣ ਆਉਂਦੀ ਸੀ, ਉਥੇ ਭਾਈ ਜੈਤਾ ਖੜ੍ਹਾ ਹੋ ਗਿਆ। ਸਾਹਿਬਾਂ ਨੇ ਨੇਤਰਾਂ ਵਿਚ ਨੇਤਰ ਪਾਏ ਨੇਤਰਾਂ ਦੀ ਗਲ ਨੇਤਰਾਂ ਨੇ ਸਮਝੀ ਤੇ ਗਰੀਬ-ਨਿਵਾਜ਼ ਸਾਹਿਬ ਸੱਚੇ ਪਾਤਿਸ਼ਾਹ ਨੇ ਛੋਟੀ ਉਮਰ ਵਿਚ ਆਵਾਜ਼ ਮਾਰੀ, ਭਾਈ ਜੈਤਿਆ! ਤੂੰ ਕੁਝ ਲੈ ਕੇ ਆਇਆ ਹੈਂ, ਕੀਮਤੀ ਪਦਾਰਥ ਲੈ ਕੇ ਆਇਆ ਹੈਂ, ਸ਼ਰਧਾ ਨਾਲ ਆਇਆ ਹੈਂ, ਪਿਆਰ ਦੇ ਪੁਤਲਿਆ, ਇਥੇ ਆ ਕੇ ਕਿਉਂ ਖਲੋ ਗਿਆ ਹੈਂ, ਜਿਹੜੀ ਵਸਤੂ ਲਿਆਇਆ ਹੈਂ ਉਹ ਲਿਆ ਕੇ ਰੱਖਦਾ ਕਿਉਂ ਨਹੀਂ, ਸੰਗਤ ਨੂੰ ਦੱਸਦਾ ਕਿਉਂ ਨਹੀਂ? ਤੇ ਭਾਈ ਜੈਤੇ ਨੇ ਖਿੜਕਦੀ ਹੋਈ ਜ਼ਬਾਨ ਨਾਲ, ਰੁੱਕਦੀ ਹੋਈ

ਜ਼ਬਾਨ ਨਾਲ ਇਹ ਅੱਖਰ ਵਰਤੇ, ਸਾਂਈਂ! ਦੀਨ-ਦੁਨੀਆਂ ਦੇ ਥੰਮ੍ਹ ਜੀ, ਜੇ ਛੇਤੀ ਨਾਲ ਲਿਆ ਕੇ ਰੱਖ ਦੇਣ ਵਾਲੀ ਚੀਜ਼ ਹੁੰਦੀ ਤੇ ਇੰਨੇ ਚਿਰਾਂ ਨੂੰ ਮੈਂ ਰੱਖ ਦਿੱਤੀ ਹੁੰਦੀ। ਇਹ ਵਸਤੂ ਇਹੋ ਜਿਹੀ ਨਹੀਂ ਜਿਹੜੀ ਮੈਂ ਲੈ ਕੇ ਆਇਆ ਹਾਂ, ਭਈ ਛੇਤੀ ਨਾਲ ਰੱਖ ਦਿੱਤੀ ਜਾਵੇ। ਫਿਰ ਜੈਤਿਆ ਕੀ ਹੋਣਾ ਚਾਹੀਦਾ ਹੈ? ਜੈਤਾ ਕਹਿਣ ਲੱਗਾ, ਮਹਾਰਾਜ! ਚੰਨਣ ਦੀ ਚੌਕੀ ਮੰਗਵਾਓ। ਸੋਹਣੇ ਰੁਮਾਲੇ ਵਿਛਾਓ ਫੁੱਲ ਪੈਦਾ ਕਰੋ। ਫਿਰ ਮੈਂ ਇਹ ਵਸਤੂ ਤੁਹਾਡੇ ਕੋਲ ਲੈ ਕੇ ਹਾਜ਼ਿਰ ਹੋ ਜਾਵਾਂਗਾ। ਚੰਨਣ ਦੀ ਚੌਕੀ ਆ ਗਈ, ਰੁਮਾਲ ਵਿਛ ਗਏ, ਫੁੱਲ ਆ ਗਏ ਟੋਕਰਾ ਭਰ ਕੇ ਤੇ ਫਿਰ ਜੈਤਾ ਸਹਿਜੇ-ਸਹਿਜੇ ਸ਼ਰਧਾ-ਭਗਤੀ ਨਾਲ ਧਰਤੀ ਉੱਤੇ ਪੈਰ ਰੱਖਦਾ-ਰੱਖਦਾ ਆਇਆ। ਅੰਦਰਲਾ ਭਰਿਆ ਹੋਇਆ, ਅੰਦਰਲਾ ਗੱਦ-ਗੱਦ ਕਿਉਂਕਿ ਸਾਰਾ ਸਾਕਾ ਆਪਣੇ ਨੇਤਰਾਂ ਨਾਲ ਵੇਖਿਆ ਸੀ, ਜਿਹੜਾ ਭਾਣਾ ਵਰਤਿਆ ਸੀ, ਆਪਣੀ ਅੱਖੀਂ ਵੇਖਿਆ ਸੀ। ਸਾਰੀ ਗੱਲ ਨੂੰ ਜਾਣਦਾ ਭਾਈ ਜੈਤਾ! ਸਹਿਜੇ-ਸਹਿਜੇ ਆ ਕੇ ਸਾਹਿਬਾਂ ਨੂੰ ਨਮਸ਼ਕਾਰ ਕਰਕੇ ਜਿਹੜੇ ਰੁਮਾਲਾਂ ਵਿਚ ਲਪੇਟਿਆ ਹੋਇਆ ਸੀ ਗੁਰੂ ਸਾਹਿਬ ਦਾ ਸੀਸ, ਉਹ ਪਰਦੇ ਲਾਹੇ ਤੇ ਸੀਸ ਨੰਗਾ ਹੋ ਗਿਆ ਤੇ ਭਾਈ ਜੈਤਾ ਜੀ ਨੇ ਸਾਰੀ ਸੰਗਤ ਨੂੰ ਦਰਸ਼ਨ ਦੀਦਾਰ ਕਰਵਾ ਕੇ ਚੰਨਣ ਦੀ ਪਈ ਹੋਈ ਚੌਕੀ ਤੇ ਰੱਖ ਦਿੱਤਾ। ਇਹ ਵੇਖ ਕੇ ਸਾਰੀ ਸੰਗਤ ਵਿੱਚ ਕੁਰਲਾਹਟ ਮੱਚ ਗਈ, ਹਾ-ਹਾਕਾਰ ਮੱਚ ਗਈ ਸੰਗਤ ਵਿਚ, ਜ਼ਰਜ਼ਰਾ ਜਿਹਾ, ਭੁਚਾਲ ਜਿਹਾ ਆ ਗਿਆ ਸੰਗਤ ਵਿਚ! ਮਾਈ-ਭਾਈ ਦੇ ਦਿਲ ਕਾਬੂ ਨਾ ਰਹੇ ਤੇ ਜਿਹੜਾ-ਜਿਹੜਾ ਸੱਚੇ ਪਾਤਸ਼ਾਹ ਦੇ ਸੀਸ ਵੱਲ ਵੇਖਦਾ ਸੀ ਉਹਦੇ ਅੰਦਰ ਦਾ ਪਿਆਰ, ਪਾਣੀ ਬਣ ਕੇ ਅੱਖਾਂ ਦੇ ਚਸ਼ਮਿਆਂ ਤੋਂ ਵਹਿ ਪੈਂਦਾ ਸੀ। ਸਾਰੀ ਸੰਗਤ ਵਿਚ ਛੋਟੀ ਉਮਰ ਦੇ ਮਾਲਕ, ਕਾਇਆਂ ਕਰਕੇ ਛੋਟੀ ਉਮਰ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਸਨ। ਉਹ ਉੱਠ ਕੇ ਖਲੋ ਗਏ ਤੇ ਕਹਿਣ ਲੱਗੇ, ਖਾਲਸਾ, ਪਿਆਰੇ ਇਹ ਰੋਣ ਦਾ ਵੇਲਾ ਨਹੀਂ, ਬਲਕਿ ਆਪਣੇ ਆਪ ਨੂੰ ਸੰਭਾਲੋ, ਆਪਣੇ ਆਪ ਨੂੰ ਕਾਬੂ ਕਰੋ। ਆਉਣ ਵਾਲੇ ਜ਼ਮਾਨੇ ਨੂੰ ਸੋਚੋ! ਜਿਹੜਾ ਭਾਣਾ ਵਰਤਣਾ ਸੀ, ਉਹ ਵਰਤ ਗਿਆ। ਜਿਸ ਵਾਸਤੇ ਇਹ ਕੁਰਬਾਣੀ ਹੋਈ ਹੈ, ਉਸ ਮਕਸਦ ਨੂੰ ਕਾਮਯਾਬ ਕਰਨ ਵਾਸਤੇ ਸੋਚੋ! ਰੋਇਆਂ ਤਾਂ ਕੁਝ ਨਹੀਂ ਬਣੇਗਾ ਔਰ ਗੁਰਮਤਿ ਵਿਚ ਰੋਣਾ ਮਨ੍ਹਾਂ ਹੈ ਕਿਉਂਕਿ ਰੋਣ ਵਾਲੇ ਨੂੰ ਝੂਠਾ ਲਿਖਿਆ ਹੈ। ਝੂਠ ਦੀਆਂ ਪੰਡਾਂ ਨੂੰ ਅਸੀਂ ਨਾ ਮੰਨੀਏ ਬਲਕਿ ਭਾਣੇ ਨੂੰ ਮਿੱਠਾ ਕਰਕੇ ਮੰਨੀਏ। ਔਰ ਜੇਕਰ ਗੁਰੂ ਕਾ ਇਹੋ ਜਿਹਾ ਇਤਿਹਾਸ ਨਾ ਹੁੰਦਾ ਤਾਂ ਦੁਹਾਈ ਰੱਬ ਦੀ ਸਿੱਖਾਂ ਵਿਚ ਸਿਦਕ ਵੀ ਨਾ ਹੁੰਦਾ। 'ਭਾਈ ਈਸ਼ਰ' ਸਾਹਿਬ ਹੁੰਦੇ ਸੀ ਰਾਵਲਪਿੰਡੀ ਮਾਈ ਵੀਰੋ ਦੀ ਬੰਨ ਮਹੱਲਾ ਕਰਤਾਰਪੁਰ ਵਿਚ ! ਉਹਨੂੰ ਵਾਹਿਗੁਰੂ ਨੇ ਤਿੰਨ ਪੁੱਤਰ ਦਿੱਤੇ ਸਨ ਤੇ ਆਪ ਸ਼ਾਹੂਕਾਰਾ ਉਗਰਾਉਣ ਗਿਆ ਸੀ। ਔਰ ਮਗਰੋਂ ਸੁਨੇਹਾ ਮਿਲਿਆ ਈਸ਼ਰ ਸਿੰਘਾ, ਤੇਰਾ ਵੱਡਾ ਕਾਕਾ ਜੋ ਵੀਹਾਂ ਕੁ ਵਰ੍ਹਿਆਂ ਦਾ ਸੀ, ਉਹ ਮਰ ਗਿਆ। ਸ਼ਾਹੂਕਾਰ ਜੀ,

ਉਗਰਾਈ ਵਿਚੋ ਛੱਡ ਕੇ ਆ ਜਾਓ, ਉਸ ਦਾ ਸਸਕਾਰ ਕਰਨਾ ਹੈ ਤੇ ਭਾਈ ਸਾਹਿਬ, ਈਸ਼ਰ ਸਿੰਘ ਜੀ ਹੱਸੇ ਤੇ ਤਸੱਲੀ ਨਾਲ ਘਰ ਆਏ। ਕਾਕੇ ਦਾ ਇਸ਼ਨਾਨ ਕਰਵਾਇਆ। ਤੰਗ ਪਜਾਮਾ, ਕੋਟ ਪਾ ਕੇ ਫਿੱਫਟੀ ਵਾਲੀ ਪੱਗ ਬੰਨ੍ਹ ਕੇ ਰੱਖ ਕੇ ਅਰਥੀ ਪਉੜੀ 'ਤੇ ਲੈ ਗਿਆ। ਆਪ ਅਰਦਾਸ ਕੀਤੀ, ਆਪ ਚਿਤਾ ਬਣਾਈ ਤੇ ਹੱਸਦਿਆ-ਹੱਸਦਿਆਂ ਲਾਂਬੂ ਲਾ ਕੇ ਆਪ ਕੀਰਤਨ-ਸੋਹਿਲੇ ਦਾ ਪਾਠ ਕਰਕੇ ਘਰ ਨੂੰ ਆ ਗਿਆ ਤੇ ਪਾਠ ਰਖਵਾ ਦਿੱਤਾ, ਪਰ ਅੱਖਾਂ ਵਿਚ ਅੱਥਰੂ ਨਹੀਂ ਆਇਆ। ਲੋਕ ਬੜੇ ਹੈਰਾਨ ਸੀ ਕਿ ਈਸ਼ਰ ਸਿੰਘ ਬੜਾ ਪੱਥਰ ਦਾ ਬਣਿਆ ਹੋਇਆ ਹੈ, ਇਸ ਦਾ ਦਿੱਲ ਹੈ ਕਿ ਲੋਹੇ ਦਾ ਟੁੱਕੜਾ ਹੈ। ਕਿਤਨਾ ਸੋਹਣਾ ਕਾਕਾ ਵੀਹਾਂ ਵਰ੍ਹਿਆਂ ਦਾ ਜਵਾਨ ਮਰ ਗਿਆ, ਇਸ ਨੇ ਅੱਥਰੂ ਨਹੀਂ ਕੇਰੇ! ਜਿਸ ਵੇਲੇ ਦੂਜਾ ਵੀਹਾਂ ਵਰ੍ਹਿਆਂ ਦਾ ਹੋਇਆ ਤਾਂ ਉਹ ਵੀ ਮਰ ਗਿਆ, ਔਰ ਤੀਜਾ ਵੀਹਾਂ ਵਰ੍ਹਿਆਂ ਦਾ ਹੋਇਆ ਉਹ ਵੀ ਮਰ ਗਿਆ। ਜਿਸ ਵੇਲੇ ਤੀਜੇ ਨੂੰ ਲੱਗਾ ਨਾ ਲਾਬੂ ਲਾਉਣ ਤੇ ਅੱਖਾਂ ਵਿਚ ਅੱਥਰੂ ਆ ਗਏ। ਔਰ ਜਿਹੜੇ ਨਾਲ ਸਨ ਨਾ ਰੱਲ ਕੇ ਸਿਮਰਨ ਕਰਨ ਵਾਲੇ, ਉਹ ਕਹਿਣ ਲੱਗੇ, "ਈਸ਼ਰ ਸਿੰਘਾ! ਆਖਿਰ ਮਾਇਆ ਦੇ ਮੋਹ ਨੇ ਤੈਨੂੰ ਘੇਰ ਹੀ ਲਿਆ ਨਾ, ਆਖਿਰ ਤੇ ਅੱਖਾਂ ਵਿਚ ਅੱਥਰੂ ਆ ਹੀ ਗਏ ਨਾ! ਆਖਿਰ ਪੁੱਤਰਾਂ ਦੇ ਪਿਆਰ ਨੇ ਤੈਨੂੰ ਕੁ-ਰਸਤੇ ਪਾ ਈ ਦਿੱਤਾ ਨਾ! ਤੇ ਉਸ ਵੇਲੇ ਆਪਣੇ ਆਪ ਨੂੰ ਸਾਂਭ ਕੇ ਕਹਿਣ ਲੱਗਾ, ਖਾਲਸਾ ਜੀ! ਗੁਰੂ ਕਾ ਸਿੱਖ ਹਾਂ ਝੂਠ ਨਹੀਂ ਬੋਲਣਾ ਸੱਚ ਬੋਲਣਾ ਹਾਂ। ਮੈਂ ਏਸ ਕਰਕੇ ਨਹੀਂ ਰੋਇਆ ਕਿ ਮੇਰੇ ਤਿੰਨ ਪੁੱਤ ਮਰ ਗਏ ਨੇ, ਮੈਂ ਏਸ ਕਰਕੇ ਨਹੀਂ ਰੋਇਆ ਕਿ ਮੈਂ ਇੰਨਾ ਪਾਪੀ ਹਾਂ ਕਿ ਤਿੰਨਾਂ ਪੁਤਾਂ ਨੂੰ ਮੈਂ ਆਪ ਫੂਕਿਆ ਹੈ, ਮੈਂ ਏਸ ਕਰਕੇ ਨਹੀਂ ਰੋਇਆ ਕਿ ਮੇਰੀ ਹਜ਼ਾਰਾਂ ਰੁਪਇਆਂ ਦੀ ਜਾਇਦਾਦ ਸਾਂਭਣ ਵਾਸਤੇ ਕੋਈ ਨਹੀਂ ਰਿਹਾ। ਲੋਕ ਕਹਿਣ ਲੱਗੇ, ਫਿਰ ਅੱਥਰੂ ਕਿਉਂ ਨਿਕਲੇ? ਤੇ ਹੋਰ ਅੱਥਰੂ ਕੇਰ ਕੇ ਈਸ਼ਰ ਸਿੰਘ ਕਹਿਣ ਲੱਗਾ, ਤੀਜੇ ਨੂੰ ਲਾਂਬੂ ਲਾਉਣ ਲਗਿਆਂ ਮੇਰੇ ਚਿਤ ਵਿਚ ਇਕ ਵਿਚਾਰ ਆ ਗਿਆ, ਹੇ ਗੁਰੂ ਗੋਬਿੰਦ ਸਾਹਿਬ! ਤੇਰੇ ਚਾਰ ਸਨ ਔਰ ਜੇ ਮੇਰੇ ਚਾਰ ਵੀ ਹੁੰਦੇ ਤਾਂ ਮੈਂ ਚਾਰਾਂ ਨੂੰ ਲਾਂਬੂ ਲਾ ਦਿੰਦਾ। ਇਹ ਉਹਨਾਂ ਲੋਕਾਂ ਦੀ ਸਿੱਖੀ ਹੈ ਜਿਨ੍ਹਾਂ ਨੇ ਗੁਰੂ ਨੂੰ ਆਪਣਾ ਸਮਝਿਆ! ਇਹ ਸਿੱਖੀ ਦੀ ਕਮਾਈ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਕਰਨ-ਕਾਰਨ ਜਿਨ੍ਹਾਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ, ਜਿਨ੍ਹਾਂ ਦਾ ਸੀਸ ਆਨੰਦਪੁਰ ਸਾਹਿਬ ਰਖਿਆ ਹੋਇਆ ਹੈ, ਸੰਗਤ ਦਰਸ਼ਨ ਕਰ ਰਹੀ ਹੈ। ਇਨ੍ਹਾਂ ਦੇ ਸਿਰ ਨੂੰ ਧੜ ਨਾਲੋਂ ਜੁਦਾ ਕਰਨ ਵਾਲਾ ਜਲਾਦ ਜਲਾਲੂਦੀਨ ਹੈ। ਪਟਿਆਲੇ ਦੀ ਰਿਆਸਤ ਵਿਚ ਪਿੰਡ ਸਮਾਨਾ ਹੈ, ਉਥੋਂ ਦਾ ਰਹਿਣ ਵਾਲਾ ਹੈ ਜਲਾਲੂਦੀਨ ਔਰ ਸ਼ਸ਼ਾਲ ਬੇਵ ਤੇ ਵਿਸ਼ਾਲ ਬੇਵ ਇਹ ਵੀ ਦੋਵੇਂ ਜਲਾਦ ਹੋਏ ਨੇ, ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਚੁਣਵਾਇਆ। ਇਹ ਵੀ ਉਸੇ ਪਿੰਡ ਸਮਾਨੇ ਦੇ ਰਹਿਣ ਵਾਲੇ ਸਨ। ਜਿਸ ਵੇਲੇ 'ਬਾਬਾ ਬੰਦਾ ਸਿੰਘ ਬਹਾਦਰ' ਨੇ ਸਰਹੰਦ ਉੱਤੇ ਹਮਲਾ

ਕੀਤਾ ਤਾਂ ਉਸ ਨੇ ਸਭ ਤੋਂ ਪਹਿਲਾਂ ਸਮਾਨੇ ਦਾ ਸਫਾਇਆ ਕੀਤਾ, ਕਿਉਂਕਿ ਏਸ ਧਰਤੀ ਨੇ ਜ਼ਾਲਿਮ ਪੈਦਾ ਕੀਤੇ ਨੇ, ਏਸ ਧਰਤੀ ਨੇ ਜਲਾਦ ਪੈਦਾ ਕੀਤੇ ਨੇ। ਇਸ ਲਈ ਇਹ ਪਿੰਡ ਨਹੀਂ ਰਹਿਣਾ ਚਾਹੀਦਾ। ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿਚ ਚੁਣਨ ਵਾਲੇ ਜਲਾਦ ਸ਼ਸ਼ਾਲ ਦੇਵ ਤੇ ਵਿਸ਼ਾਲ ਦੇਵ ਇਹ ਵੀ ਸਮਾਨੇ ਦੇ ਸਨ। ਔਰ ਗੁਰੂ ਤੇਗ ਬਹਾਦਰ ਮਹਾਰਾਜ ਦੇ ਪਾਵਨ ਸੀਸ ਨੂੰ ਧੜ ਨਾਲੋਂ ਜੁਦਾ ਕਰਨ ਵਾਲਾ ਜਲਾਦ ਜਲਾਲੂਦੀਨ ਇਹ ਵੀ ਸਮਾਨੇ ਦਾ ਰਹਿਣ ਵਾਲਾ ਸੀ। ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਦਾ ਸਸਕਾਰ ਕੀਤਾ ਗਿਆ। ਸਾਰੀ ਕਿਰਿਆ ਕਰ ਦਿੱਤੀ ਗਈ ਤੇ ਸਾਹਿਬਾਂ ਨੇ ਫਿਰ ਪਿਆਰ ਨਾਲ ਪੁਛਿਆ, ਭਾਈ ਜੈਤਿਆ! ਉੱਥੇ ਸਿੱਖ ਨਹੀਂ ਸੀ ਕੋਈ, ਗੁਰੂ ਨਾਨਕ ਦਾ ਸਿੱਖ! ਫਿਰ ਜੈਤੇ ਨੇ ਜਵਾਬ ਦਿੱਤਾ, ਮਹਾਰਾਜ ਸਿੱਖ ਹੈਗੇ ਸਨ ਪਰ ਸਿਦਕ ਉਹਨਾਂ ਦਾ ਕੋਈ ਸਾਬਿਤ ਨਾ ਹੋਇਆ, ਕਿਉਂਕਿ ਸਾਰੇ ਡਰ ਗਏ ਸਨ। ਸਾਰੇ ਭੈ-ਭੀਤ ਹੋ ਗਏ ਸਨ, ਸਭ ਘਰਾਂ ਵਿਚ ਲੁਕ ਗਏ ਸਨ ਛੋਟੀ ਜਿਹੀ ਉਮਰ ਵਿਚ ਦੱਸਵੇਂ ਬਾਪੂ ਨੇ ਕਿਹਾ, ਮੈਂ ਖਾਲਸਾ ਪੈਦਾ ਕਰਾਂਗਾ, ਐਸਾ ਖਾਲਸਾ ਪੈਦਾ ਕਰਾਂਗਾ ਕਿ ਜਿਹੜਾ ਵੀਹ ਹਜ਼ਾਰ ਵਿਚ ਇਕੱਲਾ ਖੜਾ ਲੁੱਕ ਨਾ ਸਕੇ। ਇਹ ਸਾਹਿਬਾਂ ਨੇ ਆਪਣੇ ਪਿਤਾ ਦੀ ਸ਼ਹੀਦੀ ਦੇ ਕੇ ਪ੍ਰਤੱਗਿਆ ਕੀਤੀ ਹੈ ਕਿ ਮੈਂ ਖਾਲਸਾ ਪਰਗਟ ਕਰਨਾ ਹੈ। ਔਰ ਇਹੋ ਜਿਹਾ ਖਾਲਸਾ ਪਰਗਟ ਕਰਨਾ ਹੈ ਕਿ ਜਿਹੜਾ ਲੁੱਕ ਨਾ ਸਕੇ!

'ਮਾਨ ਸਿੰਘ ਜੀ ਝੌਰ' ਦੱਸਦੇ ਹਨ ਇਕ ਸਿੱਖ ਸੀ 'ਲੱਖੀ ਸ਼ਾਹ'! ਇਸ ਦੇ ਗੱਡਿਆਂ ਦੀ ਗਿਣਤੀ ਲਿਖੀ ਹੈ ਦਸ ਹਜ਼ਾਰ! ਇਹ ਸੀ ਸ਼ਾਹੀ ਠੇਕੇਦਾਰ ਤੇ ਔਰੰਗਜ਼ੇਬ ਦੀਆਂ ਫੌਜਾਂ ਨੂੰ ਰਾਸ਼ਨ ਪਹੁੰਚਾਉਂਦਾ ਸੀ ਤੇ ਕਿਲ੍ਹੇ ਵਿੱਚ ਇਸ ਦਾ ਆਉਣਾ-ਜਾਣਾ ਸੀ, ਇਸ ਨੂੰ ਰੋਕਦਾ ਕੋਈ ਨਹੀਂ ਸੀ। ਜਿਸ ਵੇਲੇ ਕਿਲ੍ਹੇ ਵਿਚ ਰਾਸ਼ਨ ਦੇ ਕੇ ਆਇਆ ਤਾਂ ਦਸ ਹਜ਼ਾਰ ਗੱਡਾ, ਦੋ ਹਜ਼ਾਰ ਬੈਲ ਔਰ ਇਕ-ਇਕ ਗੱਡੇ 'ਤੇ ਇੱਕ-ਇੱਕ ਆਦਮੀ ਹੋਵੇ ਤਾਂ ਹਜ਼ਾਰ ਆਦਮੀ! ਮਵਰਖਾ ਨੇ ਲਿਖਿਆ, ਜਿਸ ਵਕਤ 'ਤੇਗ ਬਹਾਦਰ' ਦਾ ਸੀਸ ਧੜ ਨਾਲੋਂ ਜੁਦਾ ਹੋਇਆ ਤਾਂ ਉਸ ਵੇਲੇ ਹਨੇਰੀ ਆ ਗਈ, ਧੂੜ ਉੱਡੀ, ਭੁਚਾਲ ਜਿਹਾ ਪ੍ਰਤੀਤ ਹੋਇਆ, ਹਾ-ਹਾਕਾਰ ਮੱਚ ਗਈ ਤੇ ਜਿਨ੍ਹਾਂ ਸਿਪਾਹੀਆਂ ਦੀ ਡਿਊਟੀ ਸੀ ਕਿ ਤੇਗ ਬਹਾਦਰ ਦਾ ਸੀਸ ਔਰ ਧੜ ਸੰਭਾਲ ਕੇ ਰੱਖੋ, ਪਹਿਰਾ ਦਿਓ, ਤਾਂਕਿ ਕਿਤੇ ਅਗਾਂਹ-ਪਿਛਾਂਹ ਨਾ ਕੀਤਾ ਜਾਏ। ਉਹ ਸਭ ਦੌੜ ਕੇ ਕੁਤਵਾਲੀ ਵਿੱਚ ਜਾ ਵੜੇ ਤੇ ਲੱਖੀ ਸ਼ਾਹ ਜਿਸ ਕੋਲ ਉਸ ਵਕਤ ਹਜ਼ਾਰ ਗੱਡਾ ਸੀ, ਫੌਜਾਂ ਨੂੰ ਰਾਸ਼ਨ ਦੇਣ ਵਾਲਾ ਸੀ। ਕਿੰਨਾ-ਕੁ ਵੱਡਾ ਉਹ ਮਾਲਦਾਰ ਹੋਵੇਗਾ, ਉਹ ਤਾਂ ਸੌਦਾਗਰ ਸੀ। ਸੋਚੀਂ ਪੈ ਗਿਆ ਮਨਾਂ, ਦੁਨੀਆਂ ਨਾਲ ਨਹੀਂ ਜਾਣੀ, ਪਦਾਰਥ ਇਥੇ ਹੀ ਰਹਿ ਜਾਣੇ ਨੇ! ਜਿਸ ਗੁਰੂ ਅੱਗੇ ਸਿਰ ਝੁਕਾਇਆ ਸੀ, ਔਰੰਗਜ਼ੇਬ ਨੇ ਉਸੇ ਹੀ ਗੁਰੂ ਨੂੰ ਸ਼ਹੀਦ ਕਰ ਦਿੱਤਾ। ਔਰ ਐਸ ਵੇਲੇ ਕਾਇਮ ਹੈ ਸੇਵਾ ਕਮਾਲੇ। ਗੱਡੇ ਲਿਆ ਖੜੇ ਕੀਤੇ

ਕੁਤਵਾਲੀ ਵਾਲੀ ਸਾਈਡ 'ਤੇ ਔਰ ਹਨੇਰੀ ਇੰਨੀ ਜ਼ਿਆਦਾ ਚੱਲ ਰਹੀ ਸੀ ਕਿ ਇਕ ਦੂਜੇ ਨੂੰ ਕੋਈ ਲੱਭਦਾ ਪਿਆ ਨਹੀਂ ਸੀ। ਚਾਰ ਆਦਮੀਆਂ ਦੀ ਡਿਊਟੀ ਲਗਾਈ ਗਈ, ਪੰਜਵਾਂ ਲੱਖੀ ਸ਼ਾਹ ਆਪ ਸੀ ਕਿ ਲੱਭੋ ਸੀਸ ਤੇ ਧੱੜ! ਲੱਭ ਕੇ ਤੇਗ ਬਹਾਦਰ ਦਾ ਧੱੜ ਤੇ ਇਕ ਗੱਡੇ ਵਿੱਚ ਰੂੰਈ ਸੀ। ਉਸ ਗੱਡੇ ਵਿਚ ਰੱਖ ਦਿਤਾ ਤੇ ਰੂੰਈ ਨਾਲ ਢੱਕ ਦਿੱਤਾ ਤੇ ਸਹਿਜੇ-ਸਹਿਜੇ ਉੱਥੇ ਪਹੁੰਚ ਗਏ ਜਿਥੇ ਅੱਜ-ਕੱਲ੍ਹ ਗੁਰਦੁਆਰਾ ਰਕਾਬ ਗੰਜ ਹੈ। ਹਜ਼ਾਰਾਂ ਰੁਪਇਆਂ ਨਾਲ ਭਰਿਆ ਲੱਖੀ ਸ਼ਾਹ ਦਾ ਘਰ ਤੇ ਉੱਥੇ ਧੜ ਰੱਖ ਦਿੱਤਾ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਤੇ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਗੁਰੂ ਦੀ ਅਰਦਾਸ ਕਰਕੇ ਨਿਰੰਕਾਰ ਅੱਗੇ ਹੱਥ ਜੋੜ ਕੇ ਨਾ ਜਰਿਆ ਜਾਣ ਵਾਲਾ ਸਦਮਾ ਆਪਣੇ ਨੇਤਰਾਂ ਨਾਲ ਵੇਖ ਕੇ ਜਰ ਕੇ ਤੇ ਆਪਣੇ ਹਜ਼ਾਰਾਂ ਰੁਪਇਆਂ ਦੇ ਭਰੇ ਹੋਏ ਘਰ ਨੂੰ ਅੱਗ ਲਾ ਦਿੱਤੀ। ਕਿੰਨਾ-ਕੁ ਸਿਦਕ ਹੋਵੇਗਾ ਲੱਖੀ ਸ਼ਾਹ ਵਣਜਾਰੇ ਦਾ, ਕਿੰਨਾ-ਕੁ ਭਰੋਸਾ ਹੋਵੇਗਾ ਲੱਖੀ ਸ਼ਾਹ ਵਣਜਾਰੇ ਦਾ। ਘਰ ਸੜ ਗਿਆ, ਬਰਬਾਦ ਹੋ ਗਿਆ, ਕੋਲ ਇਕ ਪੈਸਾ ਵੀ ਨਹੀਂ ਬਚਿਆ। ਲੇਕਿਨ ਸੁਰਖਰੂ ਹੋ ਗਿਆ ਕਿ ਮੈਂ ਆਪਣੇ ਗੁਰੂ ਦੇ ਧੱੜ ਦਾ ਸਸਕਾਰ ਕਰ ਦਿੱਤਾ, ਮੈਂ ਸੇਵਾ ਕਰ ਦਿਤੀ ਤੇ ਮੇਰੀ ਸੇਵਾ 'ਤੇਗ ਬਹਾਦਰ ਸੱਚਾ ਪਾਤਸ਼ਾਹ' ਥਾਈਂ ਪਾਏਗਾ। ਧੱੜ ਦਾ ਸਸਕਾਰ ਦਿੱਲੀ ਹੋਇਆ, ਸੀਸ ਦਾ ਸਸਕਾਰ ਆਨੰਦਪੁਰ ਸਾਹਿਬ ਹੋਇਆ, ਦੁਨੀਆਂ ਤੇ ਹਾ-ਹਾਕਾਰ ਮੱਚ ਗਈ। ਔਰ ਔਰੰਗਜ਼ੇਬ ਜਦੋਂ ਦਿੱਲੀ ਆਇਆ ਤਾਂ ਇਸ ਨੂੰ ਪੱਥਰ ਪੈਣ ਲੱਗ ਪਏ, ਲੋਕੀਂ ਲਾਹਨਤਾਂ ਪਾਉਣ ਲੱਗ ਪਏ। ਇਹਦਾ ਦਿੱਲੀ ਵਿੱਚ ਵੱਸਣਾ ਮੁਸ਼ਕਿਲ ਹੋ ਗਿਆ, ਕਿਉਂਕਿ ਮੁਸਲਮਾਨ ਇਸ ਦੇ ਖਿਲਾਫ਼ ਹੋ ਗਏ। ਆਖਿਰ ਇਹ ਦਿਲੀਓਂ ਐਸਾ ਗਿਆ ਕਿ ਮੁੜ ਕੇ ਇਸ ਨੇ ਵਾਪਿਸ ਦਿੱਲੀ ਪੈਰ ਨਹੀਂ ਪਾਏ। ਔਰ ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਕੀਮ ਬਣਾ ਲਈ ਕਿ ਦੇਸ਼ ਦੇ ਭਲੇ ਲਈ, ਇਨਕਲਾਬ ਦੀ ਪਰਿਵਰਤਣ ਦੀ, ਜ਼ਿੰਦਗੀ ਨੂੰ ਬਦਲਣ ਦੀ ਸਕੀਮ ਬਣਾ ਲਈ ਕਿ ਖਾਲਸਾ ਤਿਆਰ ਕਰਨਾ ਹੈ। ਹੁਣ ਖਾਲਸੇ ਨੂੰ ਵਜੂਦ ਵਿਚ ਲਿਆਉਣਾ, ਕੁਰਬਾਣੀ ਬੜੀ ਬੇਨਜ਼ੀਰ ਹੋਈ ਹੈ। ਇਸ ਲਈ ਹੁਣ ਐਸ ਵੇਲੇ ਜੋ ਕਰਾਂਗੇ ਠੀਕ ਹੋ ਜਾਣਾ। ਰਵਾਲਸਰ ਦੇ ਮੁਕਾਮ ਉੱਤੇ ਬੜਾ ਭਾਰੀ ਇਕੱਠ ਹੋਇਆ। ਰਾਜੇ-ਮਹਾਰਾਜੇ ਵੀ ਉੱਥੇ ਸੱਦੇ ਗਏ। ਔਰ ਰਾਜਪੂਤ ਕਲਗੀਆਂ ਲਾ-ਲਾ ਕੇ ਉੱਥੇ ਆਏ। ਰਾਣੀਆਂ ਉਹਨਾਂ ਦੀਆਂ ਨਾਲ ਆਈਆਂ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ, ਪਹਾੜੀ ਰਾਜੇ-ਮਹਾਰਾਜੇ ਸਨ ਤੇ ਉਸ ਵੇਲੇ ਕਲਗੀ ਵਾਲੇ ਬਾਪੂ ਨੇ ਇਕ ਤਕਰੀਰ ਕੀਤੀ! ਹਜ਼ੂਰ ਨੇ ਆਖਿਆ :-

*"ਧਰਮ ਵੀਰੋ ਜ਼ਰਾ ਆਂਖ ਖੋਲੋ,*
*ਬਹਾਦਰੋ, ਹਿੰਦੁਸਤਾਨ ਕੀ ਮਿੱਟੀ ਕੇ ਪੁਤਲੋ ਉਠੋ!*
*"ਧਰਮ ਵੀਰੋ ਜ਼ਰਾ ਆਂਖ ਖੋਲੋ,*

*ਨਿਗਾਹੋਂ ਮੇਂ ਤੁਮ ਅਪਨੀ ਹਾਲਤ ਕੋ ਤੋਲੋ !*

ਅੰਮ੍ਰਿਤ ਪਾਨ ਕਰੋ, ਨਾਨਕ-ਨਿਰੰਕਾਰੀ ਦੇ ਝੰਡੇ ਹੇਠਾਂ ਆਓ, ਗੁਰੂ ਕੇ ਸਿੰਘ ਬਣੋ! ਇਹ ਸੁਣ ਕੇ ਇਕ ਪਹਾੜੀ ਰਾਜਾ ਉੱਠਿਆ ਤੇ ਕਹਿਣ ਲੱਗਾ, ਗੁਰੂ ਗੋਬਿੰਦ ਸਿੰਘ! ਜਿਨ੍ਹਾਂ ਨੂੰ ਤੂੰ ਖਾਲਸੇ ਬਣਾਈ ਫਿਰਦਾ ਹੈਂ ਨਾ, ਜਿਹੜਾ ਤੂੰ ਖਾਲਸਾ ਲਈ ਫਿਰਦਾ ਹੈਂ ਨਾ, ਨਾਈ, ਛੀਂਬੇ, ਨੀਵੀਆਂ ਜਾਤਾਂ, ਜਿਨ੍ਹਾਂ ਦਾ ਘਰ ਨਹੀਂ, ਘਾਟ ਨਹੀਂ ਤੇ ਉਹਨਾਂ ਦਾ ਅੱਗਾ ਨਹੀਂ, ਪਿੱਛਾ ਨਹੀਂ। ਜਿਨ੍ਹਾਂ ਦੇ ਵੱਡੇ-ਵਡੇਰਿਆਂ ਨੇ ਕਦੇ ਤੇਗ ਫੜ ਕੇ ਨਹੀਂ ਸੀ ਵੇਖੀ ਤੇ ਤੂੰ ਉਹਨਾਂ ਨੂੰ ਬਣਾਉਣਾ ਚਾਹੁੰਦਾ ਹੈਂ ਖਾਲਸਾ! ਉਹਨਾਂ ਦੇ ਨਾਲ ਰਲ ਕੇ ਸਾਨੂੰ ਕਹਿੰਦਾ ਹੈਂ ਖਾਲਸਾ। ਜੇ ਤਾਂ ਇਕੱਲਿਆਂ ਕਸ਼ੱਤਰੀਆਂ ਔਰ ਬ੍ਰਾਹਮਣਾਂ ਨੂੰ ਅੰਮ੍ਰਿਤ ਛਕਾਉਂਦਾ, ਫਿਰ ਤਾਂ ਅਸੀਂ ਵੀ ਛੱਕ ਲੈਂਦੇ, ਪਰ ਤੂੰ ਤਾਂ ਸਾਡੀ ਜਾਤ-ਪਾਤ ਉੱਤੇ ਚਬਾਉ ਦਾ ਸੁਹਾਗਾ ਜੋੜ ਦਿੱਤਾ। ਇਹ ਅੰਮ੍ਰਿਤ ਅਸੀਂ ਨਹੀਂ ਛਕਣਾ।

ਤੁਸੀਂ ਹੁਣ ਵੀ ਵੇਖ ਲਵੋ ਤੇ ਕਈ ਆਦਮੀ ਵੀ ਮੈਨੂੰ ਐਸੇ ਨਜ਼ਰ ਆਏ ਨੇ, ਵੇਖੇ ਨੇ ਤੇ ਤੁਹਾਨੂੰ ਵੀ ਪਤਾ ਹੋਵੇਗਾ ਜਿਸ ਦਿਨ ਕਾਕਾ ਸ਼ਰਾਬ ਪੀ ਕੇ, ਪੱਗ ਲੁਵਾ ਕੇ ਧੱਕੇ ਖਾ ਕੇ ਬੇਇਜ਼ਤੀ ਕਰਵਾ ਕੇ ਆਵੇਂ, ਜੁੱਤੀ ਗਵਾ ਕੇ ਆਵੇ ਤਾਂ ਉਸ ਦਿਨ ਪਿਉ ਬੜਾ ਮੁੱਛਾਂ ਤੇ ਤਾਅ ਦਿੰਦਾ ਹੈ ਤੇ ਕਹਿੰਦਾ ਹੈ ਵੇਖਿਆ ਈ ਮੁੰਡਾ! ਐਂ ਕਹਿਨੈ, ਧਰਮ ਨਾਲ ਜਿਵੇਂ ਹਾਥੀ ਆਉਂਦਾ ਹੈ। ਔਰ ਜੇ ਕਿਤੇ ਮੁੰਡਾ ਅੰਮ੍ਰਿਤ ਛਕ ਕੇ ਘਰ ਜਾ ਵੜੇ ਤੇ ਪਿਉ ਦੇ ਘਰ ਵਿਚ ਜਿਵੇਂ ਮਾਤਮ ਛਾਅ ਜਾਂਦਾ ਤੇ ਕਹਿੰਦਾ ਹੈ ਮੁੰਡੇ---- ਨੇ ਅੰਮ੍ਰਿਤ ਛਕ ਲਿਆ ਤੇਰਾ ਬੇੜਾ ਗਰਕ ਜਾਏ, ਇਹੋ ਜਿਹਾ ਪਿਉ ਵੀ ਹੁੰਦਾ ਹੈ। ਜਿਸ ਦਿਨ ਮੁੰਡਾ ਬਰਾਂਡੀ ਦੀ ਬੋਤਲ ਪੀ ਆਵੇ, ਉਸ ਦਿਨ ਚਾਅ ਤੇਰੇ ਘਰ ਘਿਉ ਦੇ ਦੀਵੇ; ਔਰ ਅੱਜ ਮੁੰਡੇ ਨੇ ਅੰਮ੍ਰਿਤ ਛਕ ਲਿਆ ਤੇਰੇ ਘਰ ਮਾਤਮ ਛਾਅ ਗਿਆ! ਮੈਂ ਮੁਸਲਮਾਨਾਂ ਨੂੰ ਵੇਖਿਆ ਜਿਸ ਦਿਨ ਮੁੰਡੇ ਦੇ ਖਤਨੇ ਹੋਣੇ ਹੋਣ ਨਾ, ਕਰਜ਼ਾ ਚੁੱਕ ਕੇ ਉਸ ਦਿਨ ਮਿਆਦ ਵੰਡਦੇ ਨੇ ਕਿ ਅੱਜ ਮੁੰਡਾ ਪੱਕਾ ਮੁਸਲਮਾਨ ਬਣ ਗਿਆ ਹੈ।

'ਮਾਨ ਸਿੰਘ ਜੀ ਝੋਰ' ਦੱਸਦੇ ਹਨ ਕਿ ਮੇਰੇ ਪਿੰਡ ਵਿਚ ਮਾਈ-ਮਾਈ ਨਾਮ ਦਾ ਤੇਲੀ ਹੁੰਦਾ ਸੀ। ਔਰ ਮੈਂ ਕਰਾਚੀਓਂ ਕਥਾ ਕਰਕੇ ਆਇਆ ਤਾਂ ਮੈਂ ਵੇਖਿਆ ਦੂਰੋਂ ਕਿ ਮਾਈ ਦੇ ਘਰ ਆਤਿਸ਼ਬਾਜ਼ੀ ਚਲੇ, ਵਾਜੇ ਵੱਜਣ। ਮੈਂ ਪੁਛਿਆ ਘਰ ਆ ਕੇ ਤੇ ਕਹਿਣ ਲੱਗੇ ਇਹਦੇ ਮੁੰਡੇ ਦੀਆਂ ਸੁਨਤਾਂ ਨੇ ਤੇ ਕੇਸਰ ਸਿੰਘ ਕੋਲੋਂ ਤਿੰਨ ਰੁਪਏ ਮਹੀਨੇ ਦੇ ਦਿੱਤੇ ਨੇ ਤੇ ਮਿਆਦ ਬੁਲਾਈ ਹੈ ਕਿ ਮੁੰਡਾ ਪੱਕਾ ਮੁਸਲਮਾਨ ਬਣ ਗਿਆ ਹੈ। ਮੁਸਲਮਾਨਾਂ ਦਾ ਮੁੰਡਾ ਪੱਕਾ ਮੁਸਲਮਾਨ ਬਣੇ, ਉਹ ਤਾਂ ਕਰਜ਼ੇ ਉੱਤੇ ਮਿਆਦਾਂ ਲਿਆ ਕੇ ਰੁਪਏ ਵੰਡਣ! ਮੈਂ ਅੰਮ੍ਰਿਤਸਰ ਵੇਖਿਆ, ਇਕ ਸੇਠ ਦੇ ਮੁੰਡੇ ਨੂੰ ਜਨੇਊ ਪਾਉਣਾ ਸੀ ਤੇ ਕਾਂਸ਼ੀਓਂ ਬ੍ਰਾਹਮਣ ਸੱਦਿਆ ਤੇ ਚੌਹਾਂ ਘੋੜਿਆਂ ਦੀ ਬੱਘੀ ਵਿਚ ਉਸ ਦਾ ਜਲੂਸ ਕੱਢਿਆ ਕਿ ਐਸ ਬ੍ਰਾਹਮਣ ਨੇ ਭਲਕੇ

ਜਨੇਊ ਪਾਉਂਣਾ ਹੈ। ਇਸ ਲਈ ਦਰਸ਼ਨ ਕਰੋ ਤਾਂਕਿ ਤੁਹਾਡੇ ਪਾਪ ਧੋਤੇ ਜਾਣ!

'ਮਾਨ ਸਿੰਘ ਜੀ ਝੌਰ' ਕਹਿੰਦੇ ਹਨ ਕਿ ਮੈਂ ਕਿੰਨੇ ਵਾਰਾਂ ਪ੍ਰਚਾਰ ਕੀਤਾ ਹੈ, ਹੋਵੇਗਾ ਕੋਈ ਸਿੱਖ ਗੁਰੂ ਦਾ ਪਿਆਰਾ ਪਰ ਮੈਨੂੰ ਨਹੀਂ ਲੱਭਾ ਕਿ ਜਿਸ ਨੇ ਏਸ ਕਰਕੇ ਅਖੰਡ-ਪਾਠ ਰਖਵਾਇਆ ਹੋਵੇ ਕਿ ਅੱਜ ਮੇਰੇ ਕਾਕੇ ਨੇ ਅੰਮ੍ਰਿਤ ਛਕਣਾ ਹੈ। ਅੱਜ ਖ਼ੁਸ਼ੀ ਦਾ ਦਿਨ ਹੈ ਔਰ ਅੱਜ ਮੈਂ ਇਸ ਕਰਕੇ ਅਖੰਡ ਪਾਠ ਕਰਵਾਇਆ, ਤਾਂਕਿ ਅੱਜ ਕਾਕੇ ਨੇ ਅੰਮ੍ਰਿਤ ਛਕਣਾ ਹੈ। ਇਹ ਅੰਮ੍ਰਿਤ ਵਾਸਤੇ ਵੀ ਦਲੀਲਾਂ ਮੰਗਦਾ ਹੈ। ਗੁਰੂ ਕੇ ਸਿੱਖਾ, ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਸ ਰਾਜਪੂਤ ਦੀਆਂ ਸਾਰੀਆਂ ਗੱਲਾਂ ਸੁਣੀਆਂ ਔਰ ਉਸ ਨੇ ਚਾਰ ਤਾਅਨੇ ਮਾਰੇ 'ਗੁਰੂ ਗੋਬਿੰਦ ਸਿੰਘ ਸਾਹਿਬ' ਸੱਚੇ ਪਾਤਸ਼ਾਹ ਨੂੰ। ਪਹਿਲਾਂ ਤਾਅਨਾ ਇਹ ਮਾਰਿਆ ਕਿ ਜਿਹੜਾ ਤੇਰਾ ਖਾਲਸਾ ਹੈ ਨਾ, ਉਹ ਨੇ ਭੇਡਾਂ ਤੇ ਜਿਹੜੇ ਮੁਗਲ ਨੇ ਉਹ ਨੇ ਸ਼ੇਰ, ਚੌੜੀਆਂ ਛਾਤੀਆਂ ਉਹਨਾਂ ਸ਼ੇਰਾਂ ਨੇ ਆ ਕੇ ਜਿਸ ਵੇਲੇ ਬੱੜਕ ਮਾਰੀ , ਅੱਲਾ ਹੂ ਅਕਬਰ ਆਖਿਆ ਤੇ ਤੇਰੀਆਂ ਭੇਡਾਂ ਦੌੜ ਜਾਣੀਆਂ ਨੇ, ਇਹਨਾਂ ਦਾ ਦਮ ਸੁਕ ਜਾਣਾ ਏ, ਇਹਨਾਂ ਭੱਜਦੀਆਂ ਹੋਈਆਂ ਨੇ ਲੱਭਣਾ ਨਹੀਂ। ਇਕ ਦੂਸਰਾ ਤਾਅਨਾ ਇਹ ਮਾਰਿਆ ਸੀ ਰਵਾਲਸਰ ਦੇ ਮੁਕਾਮ ਉੱਤੇ ਰਾਜਿਆਂ ਨੇ ਕਿ ਭਈ ਤੇਰਾ 'ਖਾਲਸਾ' ਜਿਹੜਾ ਗਰੀਬ, ਮਹਾਂ ਕੰਗਲਾ, ਨਾ ਇਹਦਾ ਪਿੰਡ ਨਾ ਪੀੜ, ਨਾ ਘਰ ਨਾ ਘਾਟ। ਮੁਗਲਾਂ ਦੀਆਂ ਹਵੇਲੀਆਂ ਦੇ ਕਿਲ੍ਹੇ ਜ਼ਮੀਨਾਂ ਦੇ ਮਾਲਿਕ! ਉਹਨਾਂ ਦੇ ਸਾਹਮਣੇ ਤੇਰੇ ਇਸ ਗਰੀਬ ਖਾਲਸੇ ਨੇ ਕੀ ਡਟਣਾ ਹੈ! ਤੀਸਰਾ ਤਾਅਨਾ ਮਾਰਿਆ ਸੀ ਰਾਜਪੂਤ ਰਾਜੇ ਨੇ ਕਿ ਜਿਹੜਾ ਤੇਰਾ ਖਾਲਸਾ ਹੈ ਨਾ, ਖਾਨਾਬਦੋਸ਼, ਕੰਗਲ। ਮੁਗਲ ਰਾਥ ਦੇ ਰਾਥਾਂ ਨਾਲ ਤੇਰੇ ਇਸ ਖਾਲਸੇ ਕੋਲੋਂ ਨਹੀਂ ਲੜਿਆ ਜਾਣਾ! ਚੌਥਾ ਤਾਅਨਾ ਮਾਰਿਆ ਸੀ ਕਿ ਤੇਰਾ 'ਖਾਲਸਾ' ਚਿੜੀਆਂ! ਮੁਗਲ ਨੇ ਬਾਜ ਤੇ ਬਾਜ ਜਿਸ ਵੇਲੇ ਅਸਮਾਨ 'ਤੇ ਉਡੱਦਾ ਹੈ ਤਾਂ ਉਹਦਾ ਪਰਛਾਵਾਂ ਜਿਸ ਤਰਫ਼ ਦੀ ਵੀ ਲੰਘ ਜਾਏ ਤਾਂ ਚਿੜੀਆਂ ਦਾ ਦੰਮ ਸੁਕ ਜਾਂਦਾ ਹੈ। ਤੇਰੇ ਖਾਲਸੇ ਦੇ ਦੰਮ ਸੁਕ ਜਾਣੇ ਨੇ, ਤੇਰੇ ਖਾਲਸੇ ਦੀ ਜੁਰਅਤ ਕੀ ਹੋਈ ਮੁਗਲਾਂ ਦੇ ਸਾਹਮਣੇ ਡੱਟਣ ਦੀ। ਇਹ ਚਾਰ ਗੱਲਾਂ ਕਹਿ ਕੇ ਤਾਅਨੇ ਮਾਰ ਕੇ, ਤੀਰ ਮਾਰ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਛਾਤੀ ਵਿਚ ਹਿਰਦੇ-ਵੇਦਕ ਬਚਨ ਕਰਕੇ ਰਾਜਪੂਤ ਨੇ ਆਖਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾ ਚੌਹਾਂ ਦਾ ਜਵਾਬ ਦਿੱਤਾ :- ਮੇਰੇ ਇਤਿਹਾਸ ਵਿਚ ਜਵਾਬ ਚਮਕਦਾ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਕਹਿਣ ਲੱਗੇ, ਰਾਜਿਓ! ਤੁਸਾਂ ਮੇਰੇ ਖਾਲਸੇ ਨੂੰ ਕਿਹਾ ਹੈ ਭੇਡਾਂ! ਤੇ ਜੇ ਮੇਰੀ ਅਰਦਾਸ ਅਕਾਲ ਪੁਰਖ ਨੇ ਸੁਣ ਲਈ, ਜੇ ਸੱਚੇ ਪਾਤਸ਼ਾਹ ਨੇ ਅਰਦਾਸ ਸੁਣ ਲਈ ਤਾਂ ਮੈਂ ਇਨ੍ਹਾਂ ਭੇਡਾਂ ਨੂੰ ਸ਼ੇਰ ਬਣਾਵਾਂਗਾ। ਇਹਨਾਂ ਭੇਡਾਂ ਕੋਲੋਂ ਮੁਗਲ ਡਰਨਗੇ। ਇਹ ਸ਼ੇਰ ਬਣ ਕੇ ਹਾਵੀ ਹੋਣਗੇ ਮੁਗਲਾਂ 'ਤੇ!

**"ਭੇਡੋਂ ਸੇ ਮੈਂ ਸ਼ੇਰ ਬਣਾਊ॥**

*ਭੂਪ ਗਰੀਬ ਕੋ ਕਹਾਊਂ॥"*

'ਗੁਰੂ ਗੋਬਿੰਦ ਸਿੰਘ ਜੀ' ਕਹਿਣ ਲੱਗੇ ਤੁਸੀਂ ਇਹਨਾਂ ਨੂੰ ਗਰੀਬ ਕਹਿੰਦੇ ਹੋ ਤੇ ਮੈਂ ਇਹਨਾਂ ਗਰੀਬਾਂ ਨੂੰ ਭੂਪ ਅਰਥਾਤ 'ਰਾਜੇ' ਬਣਾ ਦਿਆਂਗਾ। ਔਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣਾ ਬਚਨ ਸੱਚ ਕੀਤਾ। ਪਟਿਆਲਾ ਰਿਆਸਤ ਬਣੀ, ਨਾਭਾ ਰਿਆਸਤ ਬਣੀ, ਕਈ ਰਿਆਸਤਾਂ ਬਣੀਆਂ ਸਿੱਖਾਂ ਦੀਆਂ।

*"ਭੂਪਤ ਗਰੀਬ ਕੋ ਕਹਾਊਂ॥*
*ਰਾਥ ਕੇ ਸੰਗ ਰੰਕ ਲੜਾਊਂ॥"*

ਤੁਸੀਂ ਮੇਰੇ ਖਾਲਸੇ ਨੂੰ ਕਹਿੰਦੇ ਹੋ ਰੰਕ, ਕੰਗਲਾ, ਸ਼ੋਹਦਾ। ਔਰ ਮੁਗਲਾਂ ਨੂੰ ਕਹਿੰਦੇ ਹੋ ਰਾਥ! ਜੇ ਅਕਾਲ ਪੁਰਖ ਦੀ ਕਿਰਪਾ ਹੋਈ ਤੇ ਇਹਨਾਂ ਸ਼ੋਹਦਿਆਂ, ਕੰਗਲਾਂ ਨੂੰ ਮੈਂ ਰਾਥਾਂ ਨਾਲ ਲੜਾਅ ਕੇ ਵਿਖਾਅ ਦਿਆਂਗਾ! ਰਾਥਾਂ ਦੇ ਸਾਹਮਣੇ ਖੜ੍ਹੇ ਕਰ ਦਿਆਂਗਾ ਔਰ ਰਾਥ ਇਹਨਾਂ ਨੂੰ ਵੇਖ ਕੇ ਘਬਰਾਇਆ ਕਰਣਗੇ।

*"ਰਾਥੋਂ ਕੇ ਸੰਗ ਰੰਕ ਲੜਾਊਂ॥"*

ਤੁਸਾਂ ਮੇਰੇ ਖਾਲਸੇ ਨੂੰ ਆਖਿਆ ਚਿੜੀਆਂ ਤੇ ਮੁਗਲਾਂ ਨੂੰ ਆਖਿਆ ਬਾਜ! ਓ ਰਾਜਿਓ।

SIKHBOOKCLUB.COM

*"ਚਿੜੀਓਂ ਸੇ ਮੈਂ ਬਾਜ ਤੁੜਾਊਂ॥"*

ਅਗਰ ਅਕਾਲ-ਪੁਰਖ ਦੀ ਕਿਰਪਾ ਹੋ ਗਈ ਤਾਂ ਇਹਨਾਂ ਚਿੜੀਆਂ ਕੋਲੋਂ ਮੈਂ ਬਾਜ਼ਾਂ ਦੀਆਂ ਬੋਟੀਆਂ ਤੁੜਵਾ ਕੇ ਵਿਖਾ ਦੇਵਾਂਗਾ, ਮੈਂ ਬਾਜ਼ਾਂ ਨੂੰ ਵਖਤ ਪਾ ਦੇਵਾਂਗਾ। ਇਹ ਚਿੜੀਆਂ ਉਹਨਾਂ 'ਤੇ ਹਾਵੀ ਹੋ ਜਾਣਗੀਆਂ। ਓ ਰਾਜਿਓ! ਤੁਸੀਂ ਤਾਂ ਚਾਰ ਬਚਨ ਕੀਤੇ ਨੇ, ਪਰ ਪੰਜਵਾਂ ਬਚਨ ਮੈਂ ਕਰਦਾ ਹਾਂ ਰਵਾਲਸਰ ਦੇ ਮੁਕਾਮ ਉਤੇ! ਕਾਰਖਾਨਾ ਮੇਰਾ ਕੋਈ ਨਹੀਂ, ਫੌਜ ਮੇਰੀ ਕੋਈ ਨਹੀਂ, ਤੀਰਾਂ-ਤਲਵਾਰਾਂ ਦਾ ਜ਼ਖੀਰਾ ਮੇਰਾ ਕੋਈ ਨਹੀਂ, ਤੋਪਾਂ-ਬੰਦੂਕਾਂ ਦਾ ਜ਼ਖੀਰਾ ਮੇਰੇ ਕੋਲ ਕੋਈ ਨਹੀਂ। ਪਰ ਮੈਂ ਇਕ ਪੰਜਵਾਂ ਬਚਨ ਕਹਿਣ ਲੱਗਾ ਹਾਂ, ਰਵਾਲਸਰ ਦੇ ਮੁਕਾਮ ਉਤੇ ਕਹਿਣ ਲੱਗਾ ਹਾਂ, ਅਕਾਲ ਪੁਰਖ ਦੀ ਹਾਜ਼ਰੀ ਵਿਚ ਇਕ ਮੈਂ ਪ੍ਰਤਗਿਆ ਕਰਨ ਲੱਗਾ ਹਾਂ। ਸਾਰੇ ਗੁਰਮੁਖ ਉਹ ਅੱਖਰ ਆਪਣੇ ਦਿੱਲ ਦੇ ਕਾਗਜ਼ 'ਤੇ ਲਿਖੋ! ਸਾਹਿਬ ਕਹਿਣ ਲੱਗੇ :-

*"ਭੇਡੋਂ ਸੇ ਮੈਂ ਸ਼ੇਰ ਬਣਾਊਂ॥ ਭੂਪਤ ਗਰੀਬ ਕੋ ਕਹਾਊਂ।*
*ਰਾਥੋਂ ਕੇ ਸੰਗ ਰੰਕ ਲੜਾਊਂ॥ ਚਿੜੀਓਂ ਸੇ ਮੈਂ ਬਾਜ਼ ਤੁੜਾਊਂ॥*
*ਸਵਾ ਲਾਖ ਸਿਉਂ ਏਕ ਲੜਾਊਂ॥ ਤਬਹਿ ਗੋਬਿੰਦ ਸਿੰਘ ਨਾਮ ਕਹਾਊਂ॥"*

ਇਹ ਪੰਜ ਕੰਮ ਪੂਰੇ ਕਰਨ ਦੇ ਬਾਅਦ, ਤਾਂ ਫਿਰ ਮੈਂ ਗੁਰੂ ਗੋਬਿੰਦ ਸਿੰਘ ਆਪਣੇ ਆਪ ਨੂੰ ਕਹਾਊਂਗਾ। ਇਹ ਹਜ਼ੂਰ ਨੇ ਵਾਇਦਾ ਕੀਤਾ। ਜਦੋਂ ਹਜ਼ੂਰ ਦਾ ਕੋਈ ਕਿਲ੍ਹਾ ਨਹੀਂ ਸੀ,

ਕੋਈ ਫੌਜਾਂ ਨਹੀਂ ਸਨ, ਉਦੋਂ ਸਰਕਾਰ ਨੇ ਵਾਇਦਾ ਕੀਤਾ ਰਵਾਲਸਰ। ਫਿਰ ਉਸ ਵਾਇਦੇ ਨੂੰ ਪੂਰਾ ਵੀ ਕੀਤਾ। ਚਿੜੀਆਂ ਨੂੰ ਸੱਚੀ-ਮੁੱਚੀਂ ਬਾਜ਼ ਬਣਾ ਕੇ ਵਿਖਾਅ ਦਿੱਤਾ। ਭੇਡਾਂ ਨੂੰ ਵੀ ਸ਼ੇਰ ਬਣਾ ਕੇ ਵਿਖਾਅ ਦਿੱਤਾ ਤੇ ਉਹਨਾਂ ਨੂੰ ਮੁਗਲਾਂ ਨਾਲ ਲੜਾਅ ਵੀ ਦਿੱਤਾ। ਇਹ ਤਾਂ ਹੀ ਹੋ ਸਕਦਾ ਹੈ ਜੇ ਉਸ ਸਿੱਖ ਵਿਚ ਸਿਦਕ ਹੋਵੇ, ਗੁਰੂ ਗੋਬਿੰਦ ਸਿੰਘ ਦਾ ਧਿਆਨ ਹੋਵੇ ਤੇ ਉਹ ਉਹਨਾਂ ਉੱਤੇ ਹਾਵੀ ਹੀ ਹੋਵੇਗਾ! ਔਰ ਅੱਜ ਮੁਗਲਾਂ ਦਾ ਆਦਮੀ ਕੋਈ ਵੀ ਨਜ਼ਰ ਨਹੀਂ ਆਵੇਗਾ।

ਸੋ ਗੁਰਮਖੋ ! ਕੋਈ ਵੀ ਇਨਸਾਨ ਜ਼ਿੰਦਗੀ ਵਿਚ ਕੰਗਲਾ ਨਹੀਂ, ਕੋਈ ਵੀ ਭੇਡ ਨਹੀ। ਜੇ ਅਸੀਂ ਚਾਹੀਏ ਤਾਂ ਅਸੀਂ ਵੀ ਕੰਗਲੇ ਤੋਂ ਰਾਜੇ ਬਣ ਸਕਦੇ ਹਾਂ, ਭੇਡਾਂ ਤੋਂ ਸ਼ੇਰ ਬਣ ਸਕਦੇ ਹਾਂ, ਪਰ ਸਾਨੂੰ ਆਪਣੇ ਗੁਰੂ ਦੇ ਬਚਨ ਮੰਨਣੇ ਪੈਣਗੇ। ਗੁਰੂ ਦੇ ਅਸੂਲਾਂ ਉੱਤੇ ਚਲਣਾ ਪਵੇਗਾ ਤਾਂ ਹੀ ਅਸੀਂ ਜ਼ਿੰਦਗੀ ਵਿਚ ਜਿੱਤ ਪ੍ਰਾਪਤ ਕਰ ਸਕਦੇ ਹਾਂ। ਅਸੀਂ ਵੀ ਉਹਨਾਂ ਸਿੱਖਾਂ ਵਾਗੂੰ ਗੁਰਮਤਿ ਦਾ ਤੱਪ ਹਾਸਿਲ ਕਰਨਾ ਹੈ ਅਰਥਾਤ ਉਹਨਾਂ ਵਰਗਾ ਬਣਨਾ ਹੈ ਕਿ ਜੇ ਕੋਈ ਜੰਮ ਗਿਆ ਹੈ ਤਾਂ ਠੀਕ ਹੈ, ਜੇ ਕੋਈ ਮਰ ਗਿਆ ਹੈ ਤਾਂ ਠੀਕ ਹੈ, ਕਿਉਂਕਿ ਗੁਰਮਤਿ ਵਿਚ ਰੋਣਾ ਮਨ੍ਹਾਂ ਹੈ। ਔਰ ਅਸੀਂ ਗੁਰਮਤਿ ਦੇ ਦੱਸੇ ਹੋਏ ਅਸੂਲਾਂ 'ਤੇ ਹੀ ਚੱਲਣਾ ਹੈ ਤਾਂ ਹੀ ਅਸੀਂ ਗੁਰਮਤੀਆ ਸਿੱਖ ਬਣ ਸਕਦੇ ਹਾਂ!

SIKHBOOKCLUB.COM

# ਗੁਰੂ ਗੋਬਿੰਦ ਸਿੰਘ ਜੀ ਦੇ ਗੁਣ

*"ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥* (ਪੰਨਾ ੩੮੩)
*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ*
*ਕਿਆ ਲਾਗੈ ਮੇਰਾ॥* (ਪੰਨਾ ੧੩੭੫)
*ਭੂਲੇ ਮਾਰਗੁ ਜਿਨਹਿ ਬਤਾਇਆ*
*ਐਸਾ ਗੁਰੁ ਵਡਭਾਗੀ ਪਾਇਆ॥*
*ਸਿਮਰਿ ਮਨਾ ਰਾਮ ਨਾਮੁ ਚਿਤਾਰੇ॥*
*ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥ ੧॥ ਰਹਾਉ॥*
*ਕਾਮਿ ਕ੍ਰੋਧਿ ਮੋਹਿ ਮਨੁ ਲੀਨਾ॥*
*ਬੰਧਨ ਕਾਟਿ ਮੁਕਤਿ ਗੁਰਿ ਕੀਨਾ॥ ੨॥*
*ਅਗਨਿ ਸਾਗਰ ਬੂਡਤ ਸੰਸਾਰਾ॥*
*ਨਾਨਕ ਬਾਹ ਪਕਰਿ ਸਤਿਗੁਰ ਨਿਸਤਾਰਾ ॥ ੪॥ ੩॥ ੮॥* (ਪੰਨਾ ੮੦੩)

ਗੁਰੂ ਕਾ ਰੂਪ, ਸਰੂਪ ਸਾਧ-ਸੰਗਤਿ ਜੀ! ਗੁਰੂ ਕੇ ਖਾਸ ਰੂਪ ਖਾਲਸਾ ਸਾਹਿਬ, ਗੁਰਮੁਖ ਮਾਈ ਭਾਈ! ਜਿਨ੍ਹਾਂ-ਜਿਨ੍ਹਾਂ ਨੇ ਸਾਹਿਬ "ਸ੍ਰੀ ਗੁਰੂ ਗ੍ਰੰਥ" ਸਾਹਿਬ ਜੀ ਦੇ ਦਰਸ਼ਨ ਕਰਕੇ ਆਪਣੇ ਨੇਤਰ ਸਫਲ ਕੀਤੇ ਹਨ, ਉਹ ਸਾਰੇ ਦੇ ਸਾਰੇ ਭਾਗਸ਼ਾਲੀ ਹੋ!

"ਗਿ: ਮਾਨ ਸਿੰਘ ਜੀ ਝੌਰ" ਨੇ ਅੱਜ 'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੀਵਨ ਸਮੁੰਦਰ ਦੀਆਂ ਕੁਝ ਕੁ ਲਹਿਰਾਂ, ਉਹਨਾਂ ਦੇ ਜੀਵਨ ਸਾਗਰ ਦੇ ਕੁਝ ਇਕ ਤਰੰਗ ਤੁਹਾਡੇ ਸਾਹਮਣੇ ਬਿਆਨ ਕਰਨ ਦਾ ਯਤਨ ਕੀਤਾ ਹੈ। ਆਪ ਦੇ ਜੀਵਨ ਦੇ ਅਨੰਤ ਗੁਣਾਂ ਵਿਚੋਂ 'ਪਹਿਲਾ ਗੁਣ' ਮੈਂ ਆਪ ਦੇ ਸਾਹਮਣੇ ਅਰਜ਼ ਕੀਤਾ ਹੈ ਕਿ ਛੋਟੀ ਉਮਰ ਵਿਚ ਹੀ ਸਾਹਿਬਾਂ ਨੇ ਤਮਾਮ ਹਿੰਦੂ, ਮੁਸਲਮਾਨ, ਇਸਤਰੀ, ਪੁਰਸ਼, ਬਿਰਧ, ਬਾਲਕ ਨੂੰ ਆਪਣੇ ਪਿਆਰ ਰੰਗ ਵਿਚ ਰੰਗ ਦਿੱਤਾ ਹੈ, ਜਿਸ ਤੋਂ ਸਾਨੂੰ ਇਹ ਸਿੱਖਿਆ ਪ੍ਰਾਪਤ ਹੋਣੀ ਚਾਹੀਦੀ ਹੈ ਕਿ ਇਤਨਾ ਪਿਆਰ ਕਰੀਏ ਗੁਰੂ ਦੀ ਜਨਤਾ ਨਾਲ, ਇੰਨੀ ਮੁਹੱਬਤ ਹੋਵੇ ਗੁਰੂ ਦੇ ਸਾਜੇ ਹੋਏ ਜੀਵਾਂ

ਨਾਲ ਕਿ ਉਹ ਪਿਆਰ ਕਰਨ ਵਾਲਿਆਂ ਦੇ ਪੈਰਾਂ ਹੇਠਾਂ ਨੇਤਰ ਵਿਛਾ ਸਕਦੇ ਹੋਣ! ਔਰ 'ਦੂਸਰਾ ਗੁਣ' ਮੈਂ ਆਪ ਦੇ ਸਾਹਮਣੇ ਨਿਰੂਪਨ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ ਕਿ ਆਪ 'ਦਾਨੀ' ਕਿਤਨੇ ਕੁ ਸਨ? ਛੋਟੀ ਜਿਹੀ ਉਮਰ ਵਿਚ ਦਾਨ ਦੇ ਮੈਦਾਨ ਵਿਚ ਇੰਨੀ ਅਗਾਂਹ ਵਧ ਕੇ ਛਲਾਂਗ ਮਾਰੀ ਕਿ ਦੇਸ਼ ਦੇ ਭਲੇ ਲਈ ਹਿੰਦੂ ਧਰਮ, ਜਿਸ ਧਰਮ ਦੇ ਉੱਤੇ ਆਪ ਦਾ ਰੰਚਕ ਮਾਤਰ ਵਿਸ਼ਵਾਸ ਨਹੀਂ ਸੀ। ਆਪ ਅਕਾਲ ਦੇ ਪੁਜਾਰੀ ਸਨ ਤੇ ਸਿੱਖ ਧਰਮ ਉੱਤੇ ਯਕੀਨ ਰੱਖਦੇ ਸਨ, ਪਰ ਹਿੰਦੂ ਧਰਮ ਦੇ ਦੀਵੇ ਨੂੰ, ਬੁਝੱਦੇ ਹੋਏ ਦੀਵੇ ਨੂੰ ਸਦਾ ਵਾਸਤੇ ਜਗਦਾ ਰੱਖਣ ਵਾਸਤੇ ਆਪਣੇ ਪਿਤਾ ਜੀ ਦਾ ਦਾਨ ਕਰ ਦਿੱਤਾ। ਆਪਣੇ ਪਿਤਾ ਜੀ ਨੂੰ ਇਸ ਯੱਗ ਵੇਦੀ ਦੇ ਮੈਦਾਨ ਵਿੱਚ ਬਲੀਦਾਨ ਦੇ ਦਿੱਤਾ, ਤਾਂਕਿ ਸੰਸਾਰ ਵਿਚੋਂ ਜ਼ੁਲਮ ਦੀ ਭੜਕਦੀ ਹੋਈ ਅੱਗ ਬੁਝ ਸਕੇ। ਔਰ ਉਹਦੇ ਉੱਤੇ ਮੈਨੂੰ ਦੋ ਦਿਨ ਲਗਾਉਣੇ ਪਏ ਕਿ ਸਾਹਿਬਾਂ ਨੇ, ਇਕ ਇਨਕਲਾਬ ਜਿਸਨੂੰ ਆਖਦੇ ਹਾਂ, ਅਦਲੀ-ਬਦਲੀ ਜਿਸ ਨੂੰ ਆਖਦੇ ਹਾਂ ਪਰਿਵਰਤਨ ਜਿਸ ਨੂੰ ਆਖਦੇ ਹਾਂ, ਐਸਾ ਕੀਤਾ ਕਿ ਦਾਨੇ-ਪਰਦਾਨੇ, ਸਿਆਣੇ ਮੂੰਹ 'ਚ ਉਗਲਾਂ ਪਾਉਂਦੇ ਨੇ ਕਿ 'ਧੰਨ ਗੁਰੂ ਗੋਬਿੰਦ ਸਿੰਘ ਸਾਹਿਬ' ਜਿਨ੍ਹਾਂ ਨੇ ਇਹ ਕਰਾਮਾਤ ਕਰਕੇ ਵਿਖਾਈ।

ਜਿੰਨਾ ਚਿਰ ਭਗਤੀ ਔਰ ਸ਼ਕਤੀ ਵੱਖੋ-ਵੱਖਰੀ ਹੈ ਤਾਂ 'ਗੁਰੂ ਗੋਬਿੰਦ ਸਿੰਘ' ਸਾਹਿਬ ਦੇ ਖਿਆਲ ਮੁਤਾਬਿਕ ਓਨਾ ਚਿਰ ਦੁਨੀਆਂ ਤੇ ਸ਼ਾਂਤੀ ਨਹੀਂ ਹੋ ਸਕਦੀ। ਔਰ ਜਦੋਂ ਭਗਤੀ ਤੇ ਸ਼ਕਤੀ ਇਕੱਠੀਆਂ ਹੋ ਜਾਣਗੀਆਂ, ਉਦੋਂ ਦੁਨੀਆਂ ਉੱਤੇ ਅਮਨ-ਚੈਨ ਹੋ ਸਕਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਹ ਜਾਦੂਗਰੀ ਹੈ ਕਿ ਚੋਹਾਂ ਹਿੱਸਿਆਂ ਵਿਚ ਵੰਡੀ ਹੋਈ ਦੁਨੀਆਂ, ਉਸ ਨੂੰ ਇਕ ਸਟੇਜ ਤੇ ਲਿਆ ਕੇ ਖੜਾ ਕਰ ਦਿੱਤਾ ਔਰ ਜਿਨ੍ਹਾਂ ਸਬਦਾਂ ਦੀ ਸੰਸਾਰ ਦੀ ਮਾਰਕੀਟ ਵਿਚ ਕੀਮਤ ਹੀ ਕੋਈ ਨਹੀਂ ਰਹੀ ਸੀ, ਉਹਨਾਂ ਨੂੰ ਸਰਦਾਰੀ ਝੋਲੀ ਵਿਚ ਪਾ ਦਿੱਤੀ! ''ਗੁਰੂ ਗੋਬਿੰਦ ਸਿੰਘ'' ਸਾਹਿਬ ਸੱਚੇ ਪਾਤਸ਼ਾਹ ਨੇ ਅੰਮ੍ਰਿਤ ਦਾਨ ਦੇ ਕੇ ਉਹਨਾਂ ਵਿਚ ਇਕ 'SPIRIT' ਪੈਦਾ ਕੀਤੀ। ਮਿ: ਕਨਿੰਘਮ ਨੇ ਹਿੰਦੂਆਂ ਦਾ ਇਤਿਹਾਸ ਵੀ ਲਿਖਿਆ, ਮੁਸਲਮਾਨਾਂ ਦਾ ਇਤਿਹਾਸ ਵੀ ਲਿਖਿਆ, ਇੰਨਾ ਗਜ਼ਬ ਦਾ ਲਿਖਾਰੀ। ਉਸ ਨੇ 'ਸਿੱਖ ਇਤਿਹਾਸ' ਵੀ ਲਿਖਿਆ ਔਰ ਉਹਦੇ ਅੱਖਰ ਨੇ ਕਿ ਮੈਂ ਬੜੀਆਂ ਕੌਮਾਂ ਦਾ ਇਤਿਹਾਸ ਲਿਖਿਆ ਹੈ, ਪਰ ਜੋ ਸਵਾਦ ਮੈਨੂੰ ਸਿੱਖਾਂ ਦਾ ਇਤਿਹਾਸ ਲਿਖਦਿਆਂ ਆਇਆ ਹੈ ਨਾ, ਉਹ ਹੋਰ ਕਿਤੇ ਆਇਆ ਨਹੀਂ! ਕਹਿੰਦਾ 'ਗੁਰੂ ਗੋਬਿੰਦ ਸਿੰਘ' ਸੱਚੇ ਪਾਤਿਸ਼ਾਹ ਦੀ ਕਰਾਮਾਤ ਹੈ ਕਿ ਜਿਨ੍ਹਾਂ ਨੂੰ ਨਾਈ, ਛੀਂਬੇ ਮਜ਼੍ਹਬੀ, ਅਛੂਤ ਕਹਿ ਕੇ ਠੁਕਰਾ ਦਿੱਤਾ ਮਨੂ ਭਗਵਾਨ ਨੇ, ਜਿਹੜੇ ਚਿੱਟਾ ਕਪੜਾ ਨਹੀਂ ਸੀ ਪਾ ਸਕਦੇ, ਜਿਹੜੇ ਮੰਦਿਰ ਵਿਚ ਨਹੀਂ ਸੀ ਜਾ ਸਕਦੇ, ਜਿਹੜੇ ਆਪਣੀ ਰਸਨਾ ਨਾਲ ਰਾਮ ਦਾ ਨਾਂ ਨਹੀਂ ਸਨ ਲੈ ਸਕਦੇ, ਜਿਨ੍ਹਾਂ ਦੇ ਪਰਛਾਵੇਂ ਤੋਂ ਵੱਡੀਆਂ ਜਾਤਾਂ ਵਾਲੇ ਡਰਦੇ ਸਨ ਤੇ ਸੰਸਾਰ ਦੇ ਹਰ ਸੁੱਖ

ਤੋਂ ਜਿਨ੍ਹਾਂ ਨੂੰ ਵਾਂਝਿਆ ਕਰ ਦਿੱਤਾ ਗਿਆ ਸੀ, ਉਹਨਾਂ ਵਿਚ ਇਕ ਐਸੀ 'SPIRIT' ਭਰ ਦਿੱਤੀ "ਗੁਰੂ ਗੋਬਿੰਦ ਸਿੰਘ" ਸਾਹਿਬ ਨੇ ਕਿ ਉਹ ਤਿੰਨ-ਤਿੰਨ ਸੌ ਮੀਲ ਸਫਰ ਘੋੜੇ ਦੀ ਪਿੱਠ ਉਤੇ ਕਰਦੇ ਰਹੇ। ਕਹਿਣ ਨੂੰ ਤਾਂ ਭਾਵੇਂ, ਸੁਣਨ ਨੂੰ ਤਾਂ ਭਾਵੇਂ ਇਹ ਗੱਲ ਸੌਖੀ ਹੋਵੇ, ਲੇਕਿਨ ਕਿਤੇ ਅਮਲ ਵਿਚ ਲਿਆਣਾ ਪਵੇ ਤਾਂ ਭਾਈ ਸਾਹਿਬ, ਬੜੀ ਕਠਿਨ ਗੱਲ ਹੈ ਕਿ ਤਿੰਨ ਸੌ ਮੀਲ ਤੱਕ ਘੋੜੇ ਦੀ ਪਿੱਠ ਤੇ ਰਹਿਣਾ, ਉੱਤੇ ਹੀ ਸੌਣਾ, ਉਥੇ ਹੀ ਨਿਤਨੇਮ ਕਰਨਾ ਔਰ ਇਹ ਸਾਰੀ ਕੁਰਬਾਨੀ ਦੇਸ਼ ਦੇ ਭਲੇ ਖਾਤਿਰ ਕਰਨੀ!

'ਮਿ: ਕਨਿੰਘਮ' ਕਹਿੰਦਾ ਹੈ, ਜਿਨ੍ਹਾਂ ਪੱਸਰੀਆਂ ਹੋਈਆਂ ਸ਼੍ਰੇਣੀਆਂ ਨੇ, ਠੁਕਰਾਈਆਂ ਹੋਈਆਂ ਸ਼੍ਰੇਣੀਆਂ ਨੂੰ 'ਗੁਰੂ ਗੋਬਿੰਦ ਸਿੰਘ' ਸਾਹਿਬ ਨੇ ਅੰਮ੍ਰਿਤ ਦੀ ਦਾਤ ਦਿੱਤੀ ਤੇ ਜਿਸ ਦਿਨ ਤੋਂ ਉਹ ਸਿੱਖ ਧਰਮ ਵਿਚ ਆ ਗਏ, ਉਸ ਦਿਨ ਤੋਂ ਉਹਨਾਂ ਦਾ ਜੀਵਨ ਇੰਨੀਆਂ ਚੜ੍ਹਦੀਆਂ ਕਲਾਂ ਦਾ ਹੋ ਗਿਆ ਕਿ ਉਹ ਹੁਣ ਵਾਹਤ ਲਫਜ਼ ਨਹੀਂ ਬੋਲਦੇ ਅਰਥਾਤ ਕਿ ਤੂੰ ਕਿਥੋਂ ਆਇਆ ਹੈਂ? ਤੂੰ ਕਿਥੇ ਜਾਏਂਗਾ? ਬਲਕਿ ਹੁਣ ਉਹ ਇਸ ਤਰ੍ਹਾਂ ਬੋਲਦੇ ਨੇ ਕਿ ਫੌਜਾਂ ਕਿਥੋਂ ਆਈਆਂ ਨੇ ਤੇ ਕਿਥੇ ਜਾਣਗੀਆਂ? ਜੇ ਕਿਤੇ ਪੰਦਰਾਂ ਦਿਨਾਂ ਦਾ ਭੁੱਖਾ ਸਿੱਖ ਹੋਵੇ ਔਰ ਉਹਨੂੰ ਬਾਜਰੇ ਦੇ ਚਾਰ ਦਾਨੇ ਮਿਲ ਜਾਣ ਤੇ ਪੀਹ ਕੇ, ਰੋਟੀ ਬਣਾ ਕੇ ਖਾ ਲਵੇ, ਔਰ ਦੂਜਾ ਸਿੱਖ ਪੁੱਛੇ ਕਿ ਭਾਈ ਜੀ, ਲੰਗਰ ਪ੍ਰਸ਼ਾਦਿ ਪਾਣੀ ਦਾ ਕੀ ਹਾਲ ਹੈ? ਔਰ ਇਹ ਨਹੀਂ ਕਹਿੰਦਾ ਕਿ ਮੈਂ ਭੁੱਖਾ ਮਰ ਗਿਆ, ਮੈਂ ਬਾਜਰੇ ਦੀ ਰੋਟੀ ਖਾਧੀ। ਉਹ ਬਾਜਰੇ ਨੂੰ ਇਲਾਇਚੀ ਦਾਣਾ ਕਹਿੰਦੇ ਸਨ। ਔਰ ਦਸਾਂ ਦਿਨਾਂ ਦੇ ਭੁੱਖਿਆਂ ਨੂੰ ਜੇ ਛੋਲਿਆਂ ਦੀ ਮੁੱਠ ਮਿਲ ਜਾਏ ਤਾਂ ਉਬਾਲ ਕੇ ਖਾ ਲੈਣ, ਰੋਟੀ ਬਣਾ ਕੇ ਖਾ ਲੈਣ। ਔਰ ਕੋਈ ਪੁੱਛੇ ਜੀ ਪ੍ਰਸ਼ਾਦਿ-ਪਾਣੀ ਬਾਰੇ ਕੋਈ ਗੱਲ ਦੱਸੋ? ਔਰ ਹੱਸ ਕੇ ਕਹਿੰਦਾ ਹੈ ਕਿ ਅੱਜ ਖਾਲਸੇ ਨੇ ਬਦਾਮ ਛਕੇ ਨੇ। ਇਹ ਨਹੀਂ ਕਹਿੰਦਾ ਕਿ ਮੈਂ ਭੁੱਖਾ ਮਰ ਗਿਆ, ਮੈਂ ਛੋਲਿਆਂ ਦੇ ਦਾਣੇ ਖਾਧੇ ਨੇ! ਇੰਨੀਆਂ ਚੜ੍ਹਦੀਆਂ ਕਲਾਂ ਵਾਲਾ ਜੀਵਨ ਬਣਾ ਦਿੱਤਾ ਗੁਰੂ ਨੇ ਕਿ ਜੇ ਭੁੱਖੇ ਨੂੰ ਪੁੱਛੇ ਨਾ ਦੂਜਾ ਸਿੱਖ ਭਈ ਤੇਰਾ ਕੀ ਹਾਲ ਹੈ? ਉਹ ਇਹ ਨਹੀਂ ਕਹਿੰਦਾ ਕਿ ਮੈਂ ਅੱਠਾਂ ਦਿਨਾਂ ਦਾ ਭੁੱਖਾ ਹਾਂ, ਕੋਈ ਅੰਨ ਨਹੀਂ ਲੱਭਾ, ਕਿਸੇ ਮੇਰੀ ਬਾਤ ਨਹੀਂ ਪੁੱਛੀ, ਇਹੋ ਜਿਹਾ ਰੋਣਾ ਨਹੀਂ ਰੋਂਦਾ! ਬਲਕਿ ਕਹਿੰਦਾ ਹੈ ਮੈਂ ਪੰਦਰਾਂ ਦਿਨਾਂ ਤੋਂ ਰੱਜ ਕੇ ਖਾਧਾ ਹੈ। ਇਹ ਸਾਹਿਬ 'ਗੁਰੂ ਗੋਬਿੰਦ ਸਿੰਘ' ਸਾਹਿਬ ਦੀ ਦਾਤ ਹੈ ਜਿਹੜੀ ਉਹਨਾਂ ਨੇ ਖਾਲਸੇ ਨੂੰ ਬਖਸ਼ੀ ਔਰ ਬਖਸ਼ੀ ਅੰਮ੍ਰਿਤ ਦੇ ਜ਼ਰੀਏ!

'ਮਾਨ ਸਿੰਘ ਜੀ ਝੌਰ' ਦੱਸਦੇ ਨੇ ਇਕ ਸਰਦਾਰ 'ਗੁਰਦਿੱਤ ਸਿੰਘ' ਹੁੰਦਾ ਸੀ ਮੇਰੇ ਪਿੰਡ ਵਿਚ ਤੇ ਇਕ ਬਾਬਾ ਆਪਣੇ ਆਪ ਨੂੰ ਫੱਕਰ ਨਾਲ ਸਰਦਾਰ ਅਖਵਾਉਂਦਾ ਸੀ ਤੇ ਲੋਕੀਂ ਉਹਨੂੰ ਪ੍ਰਧਾਨ-ਪ੍ਰਧਾਨ ਆਖਦੇ ਸਨ। ਦੋਵੇਂ ਇਕ ਉਮਰ ਦੇ ਸਨ ਤੇ ਜਦੋਂ ਆਪਸ ਵਿਚ ਮਿਲਣਾ ਹੁੰਦਾ ਤਾਂ 'ਗੁਰਦਿੱਤ ਸਿੰਘ' ਨੇ ਇਹ ਗੱਲ ਕਹਿਣੀ, "ਪ੍ਰਧਾਨ ਜੀ! ਕਾਹਦੀ

ਜ਼ਿੰਦਗੀ ਹੈ, ਐਵੇਂ ਚਾਰ ਦਿਨ ਦਾ ਮੇਲਾ ਈ ਹੈ, ਖਬਰੇ ਸਵਾਸ ਆਉਣਾ ਹੈ ਕਿ ਨਹੀਂ ਆਉਣਾ। ਔਰ ਪ੍ਰਧਾਨ ਮੁੱਛਾਂ ਨੂੰ ਤਾਅ ਦੇ ਕੇ ਕਹਿੰਦਾ, ਭਾਈ ਗੁਰਦਿੱਤ ਸਿੰਘਾ, ਤੈਨੂੰ ਮਾਰ ਕੇ ਮਰਨਾ ਹੈ। ਤੈਨੂੰ ਸਾੜ ਕੇ ਮੈਂ ਮੜ੍ਹੀਆਂ ਵਿਚ ਜਾਣਾ ਹੈ। ਓ ਤੈਨੂੰ ਮੋਇਆ ਹੋਏ ਨੂੰ ਮੈਂ ਕੀ ਮਾਰਨਾ ਹੈ? ਜਦੋਂ ਵੀ ਮਿਲਦਾ ਹੈ, ਇਹੀ ਕਹਿੰਦਾ ਹੈ, ਦੁਨੀਆਂ ਵਿਚ ਚਾਰ ਦਿਨਾਂ ਦਾ ਹੀ ਮੇਲਾ ਹੈ। ਤੂੰ ਤਾਂ ਮੋਇਆ ਹੀ ਹੋਇਆ ਹੈ? ਔਰ ਮੈਨੂੰ 'ਗੁਰੂ ਗੋਬਿੰਦ ਸਿੰਘ' ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖਸ਼ੀ ਹੋਈ ਹੈ ਕਿ ਖਾਲਸਾ ਕਦੇ ਮਰਦਾ ਨਹੀਂ, ਖਾਲਸਾ ਤਾਂ ਸਦਾ ਜੀਊਂਦਾ ਹੈ। ਚੜ੍ਹਦੀਆਂ ਕਲਾਂ ਵਾਲਾ ਜੀਵਨ ਬਣਾ, ਢਹਿਦੀਆਂ ਕਲਾਂ ਵਾਲਾ ਜੀਵਨ ਨਾ ਬਣਾ! ਔਰ ਇਹ ਅਮਲ ਵਿਚ ਕਿਸ ਤਰ੍ਹਾਂ ਆਈ ਹੋਈ ਗੱਲ?

ਵਿਸਾਖੀ ਦਾ ਦਿਨ ਮੁਬਾਰਕ ਹੈ ਔਰ ਸਿੱਖਾਂ ਵਿਚ ਖਾਸ ਤੌਰ ਤੇ ਵਡਿਆਈ ਦਾ ਪਾਤਰ ਹੈ। ਵਿਸਾਖ ਦੇ ਮਹੀਨੇ ਦਾ ਸਿੱਖ ਇਤਿਹਾਸ ਨਾਲ ਬੜਾ ਗੂੜ੍ਹਾ ਤਾਲੁਕ ਹੈ। ਵਿਸਾਖ ਦੇ ਮਹੀਨੇ ਹੀ, ਸੰਗਰਾਂਦ ਵਾਲੇ ਦਿਨ "ਗੁਰੂ ਗੋਬਿੰਦ ਸਿੰਘ" ਸਾਹਿਬ ਨੇ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਹੈ। ਚੋਣ 'ਰਾਮ ਚੰਦਰ' ਜੀ ਨੇ ਵੀ ਕੀਤੀ ਹੈ। ਬੜੀ ਲੰਬੀ ਉਮਰ ਲਿਖੀ ਰਾਮ ਚੰਦਰ ਜੀ ਦੀ ਵੀ, ਦਸ ਹਜ਼ਾਰ ਬਰਸ! ਦਸ ਹਜ਼ਾਰ ਦੀ ਲੰਬੀ ਜ਼ਿੰਦਗੀ ਵਿਚ 'ਸ੍ਰੀ ਰਾਮ ਚੰਦਰ ਜੀ' ਨੇ ਇਕ ਹੀਰੋ ਬਣਾਇਆ, ਜਿਸ ਨੂੰ ਅਸੀਂ ਲਛਮਣ ਕਹਿੰਦੇ ਹਾਂ। ਕ੍ਰਿਸ਼ਨ ਦੀ ਜ਼ਿੰਦਗੀ ਹੋਰ ਲੰਬੀ ਹੈ, ਇੰਨੀ ਲੰਬੀ ਜ਼ਿੰਦਗੀ ਵਿਚ ਕ੍ਰਿਸ਼ਨ ਜੀ ਨੇ ਸਾਰੇ ਜੀਵਨ ਵਿਚ ਇਕ ਹੀਰੋ ਬਣਾਇਆ ਜਿਸ ਨੂੰ ਅਸੀ 'ਅਰਜਨ' ਕਹਿੰਦੇ ਹਾਂ। ਤੇ ਸਾਹਿਬ 'ਸ੍ਰੀ ਗੁਰੂ ਗੋਬਿੰਦ' ਸਿੰਘ' ਦੀ ਸਾਰੀ ਜ਼ਿੰਦਗੀ ਬਤਾਲੀ ਬਰਸ ਦੀ ਸੀ। ਔਰ ੪੨ ਬਰਸ ਦੀ ਉਮਰ ਵਿਚ ਹਿੰਦੀ ਪੜ੍ਹਨੀ, ੪੨ ਬਰਸ ਉਮਰ ਵਿਚ ਹੀ ਸੰਸਕ੍ਰਿਤ ਪੜ੍ਹਨੀ, ੪੨ ਬਰਸ ਦੀ ਉਮਰ ਵਿਚ ਅਰਬੀ ਤੇ ਫ਼ਾਰਸੀ ਪੜ੍ਹਨੀ, ਤੇ ੪੨ ਬਰਸ ਦੀ ਉਮਰ ਵਿਚ ਹੀ ਆਪਣੇ ਸਾਰੇ ਖਾਨਦਾਨ ਨੂੰ ਜਗਤ ਦੇ ਭਲੇ ਵਾਸਤੇ ਕੁਰਬਾਨ ਕਰ ਦੇਣਾ। ਔਰ ਉਸੇ ਉਮਰ ਵਿਚ ਹੀ ਸਰਕਾਰ ਨੇ ਇਨਕਲਾਬ ਲਿਆਂਦਾ ਹੈ, ਅਦਲਾ-ਬਦਲੀ ਕੀਤੀ ਹੈ, ਤਬਦੀਲੀ ਕੀਤੀ ਹੈ ਔਰ ਐਸੀ ਤਬਦੀਲੀ ਕੀਤੀ ਹੈ ਕਿ ਚਿੱਠੀਆਂ ਲਿਖ-ਲਿਖ ਕੇ ਸੰਗਤਾਂ ਨੂੰ ਬੁਲਾਇਆ ਤੇ ੮੦ ਹਜ਼ਾਰ ਦੀ ਗਿਣਤੀ ਖਾਲਸਾ ਤਾਰੀਖ ਦੱਸਦੀ ਹੈ। ਔਰ ਬੜਾ ਭਾਰਾ ਦਰਬਾਰ ਸਜਿਆ। ਦੇਸ਼-ਦੇਸ਼ਾਂਤਰਾਂ ਦੀਆਂ ਸੰਗਤਾਂ, ਸ਼ਰਧਾਲੂ ਸੰਗਤਾਂ ਸਾਹਿਬਾਂ ਦੇ ਦਰਬਾਰ ਵਿਚ ਸਮਾਧੀਆਂ ਲਾ ਕੇ ਬੈਠੀਆਂ ਸਨ ਔਰ ਏਸ ਗੱਲ ਦੇ ਇੰਤਜ਼ਾਰ ਵਿਚ ਬੈਠੇ ਸਨ ਕਿ ਕਿਹੜੀ ਭਾਗਾਂ ਵਾਲੀ ਘੜੀ ਹੈ ਜਦੋਂ ਸਟੇਜ ਦੇ ਉੱਤੇ 'ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ' ਸਾਹਿਬ ਆਉਣ। ਅੰਮ੍ਰਿਤ ਬਾਣੀ ਪੜ੍ਹੀ ਜਾ ਰਹੀ ਸੀ, ਨਿਰੰਕਾਰ ਦੇ ਗੁਣ ਗਾਏ ਜਾ ਰਹੇ ਸਨ। 'ਨਾਨਕ-ਨਿਰੰਕਾਰੀ' ਤੋਂ ਲੈ ਕੇ ਅੱਜ ਤੱਕ ਖਾਲਸਾ ਪੰਥ ਨੂੰ ਅਗਰ ਕੋਈ ਟੇਕ ਹੈ ਤਾਂ ਕੇਵਲ 'ਸਤਿਨਾਮ-ਵਾਹਿਗੁਰੂ' ਦੀ! ਔਰ ਸਾਹਿਬ 'ਗੁਰੂ ਗੋਬਿੰਦ ਸਿੰਘ' ਨੂੰ ਨੇੜੇ ਹੋ

ਕੇ ਪੜ੍ਹਨ ਦੀ ਕੋਸ਼ਿਸ਼ ਕਰੋ, ਅਸੀਂ ਹਜ਼ੂਰ ਦਾ ਰਾਜਨੀਤਿਕ ਪੱਖ ਤੇ ਬੜਾ ਬਿਆਨ ਕਰਦੇ ਹਾਂ, ਲੇਕਿਨ ਆਪ ਦੀ ਰੂਹਾਨੀ ਅਵੱਸਥਾ ਕੈਸੀ ਸੀ? ਇਸ ਦੇ ਵੱਲ ਆਪਾਂ ਘੱਟ ਧਿਆਨ ਦਿੱਤਾ ਹੈ। ਇਹ ਸੰਸਾਰ ਦੀ ਨਦਰ ਹੈ, ਗੁਰੂ ਦੀ ਨਦਰ ਹੈ, ਗੁਰੂ ਦੀ ਅਵੱਸਥਾ ਹੈ:-

*"ਜਲਸ ਤੁਹੀ॥ ਥਲਸ ਤੁਹੀ॥ ਬ੍ਰਿਛਸ ਤੁਹੀ॥*
*ਜਿਮੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥*

ਔਰ ਤੂੰ ਹੀ, ਤੂੰ ਹੀ ਵਿਚ ਐਸੀ ਬਿਰਤੀ ਜੁੜੀ ਕਿ ਸਿੱਖ ਇਤਿਹਾਸ ਕਹਿੰਦਾ ਕਿ ਆਪ ਸੋਲਾਂ ਪਹਿਰ ਸਮਾਧੀ ਲਾ ਕੇ ਬੈਠੇ ਰਹੇ ਤੇ ਸੋਲਾਂ ਪਹਿਰ ਜ਼ਬਾਨੇ-ਪਾਕ ਵਿਚੋਂ ਨਿਕਲਦਾ ਰਿਹਾ, ਤੂੰ ਹੀ, ਤੂੰ ਹੀ! ਕਿੰਨੀ ਇਕਾਗਰਤਾ ਹੋਵੇਗੀ! ਜਿੰਨੇ ਗੁਰੂ ਕੇ ਸਿੱਖ ਹੋ ਭਾਈ, ਧੀਆਂ, ਬੱਚੀਆਂ, ਸ਼ਰਧਾਲੂ, ਸਿੱਖ, ਤੁਸੀਂ ਵੀ ਅੱਧਾ ਕੁ ਮਿੰਟ ਆਪਣੀ ਰਸਨਾ ਪਵਿੱਤਰ ਕਰੋ :-

*"ਮੇਰੀ ਰਸਨਾ ਜਪਦੀ ਤੂੰ ਹੀ, ਤੂੰ ਹੀ,*
*ਮੇਰੀ ਰਸਨਾ ਜਪਦੀ ਤੂੰ ਹੀ, ਤੂੰ ਹੀ------*
*ਮੈਂ ਤੁਧ ਬਿਨ ਅਵਰ ਨਾ ਦੇਖਾਂ ਜੀ,*
*ਮੇਰੀ ਰਸਨਾ ਜਪਦੀ ਤੂੰ ਹੀ---ਤੂੰ ਹੀ!"*

ਦਰਬਾਰ ਵਿਚ ਇਲਾਹੀ ਬਾਣੀ ਪੜ੍ਹੀ ਜਾ ਰਹੀ ਸੀ :-

*'ਦੇਵ ਦੇਵ ਦਾਨਵਾਨ ਕੋ'*

ਇਹ ਸਾਹਿਬ 'ਸ੍ਰੀ ਗੁਰੂ ਗੋਬਿੰਦ ਸਿੰਘ' ਜੀ ਦਾ ਬਚਨ ਹੈ ਕਿ ਮੇਰਾ ਵਾਹਿਗੁਰੂ ਦੇਵਤਿਆਂ ਦਾ ਭੀ ਦੇਵਤਾ ਹੈ।

*'ਸੁਰੇਸ ਦਾਨਵਾਨ ਕੋ'*

ਦਾਨਵਾਨ ਦਾ ਅਰਥ ਹੈ ਰਾਕਸ਼। ਜਿਹੜੇ ਰਾਕਸ਼ ਨੇ ਉਹਨਾਂ ਦਾ ਵੀ ਮਾਲਿਕ ਹੈ।

*'ਮਹੇਸ਼ ਗੰਗ ਦਾਨ ਕੋ'*

ਜਿਹਨੂੰ ਅਸੀਂ ਮਹੇਸ਼ਵਰ ਕਹਿੰਦੇ ਹਾਂ ਸ਼ਿਵਜੀ, ਜਿਸ ਦੀਆਂ ਜਟਾਂ ਵਿਚ ਆਖਦੇ ਨੇ ਗੰਗਾ ਸਮਾਈ ਹੋਈ ਹੈ। ਗਰੀਬ-ਨਿਵਾਜ਼ 'ਗੁਰੂ ਗੋਬਿੰਦ ਸਿੰਘ' ਕਹਿੰਦੇ ਨੇ ਉਹਦਾ ਸੁਆਮੀ, ਉਹਦਾ ਮਾਲਿਕ ਵੀ ਕੇਵਲ 'ਸਤਿਨਾਮ-ਵਾਹਿਗੁਰੂ' ਹੈ।

*'ਅਭੇਸ ਕਹੀਤ ਹੈਂ'*

ਅਰਥਾਤ ਉਸ ਵਾਹਿਗੁਰੂ ਦਾ ਭੇਸ ਕੋਈ ਨਹੀਂ। ਉਹ ਖੱਟਾ ਚੋਲਾ ਪਾਉਂਦਾ ਹੈ, ਬਸੰਤੀ ਚੋਲਾ ਪਾਉਂਦਾ ਹੈ, ਨੀਲਾ ਚੋਲਾ ਪਾਉਂਦਾ ਹੈ, ਕੋਈ ਐਸਾ ਉਹਦਾ ਵੇਸ ਨਹੀਂ। ਉਹਦੀਆਂ ਲੰਬੀਆਂ ਜਟਾਂ ਨੇ ਜਾਂ ਉਹਨੇ ਰੋਡ ਮੋਡ ਮੁੰਡਾਇਆ ਹੋਇਆ ਹੈ, ਕੋਈ ਐਸਾ ਉਹਦਾ ਵੇਸ ਨਹੀਂ! 'ਸ੍ਰੀ ਜਾਪੁ ਸਾਹਿਬ' ਦਾ ਪਾਠ ਜੇ ਤੁਸੀਂ ਕਰਦੇ ਹੋ ਤਾਂ ਮੁਬਾਰਕ ਹੋ ਔਰ ਜੇ ਨਹੀਂ

ਕਰਦੇ ਤਾਂ ਜ਼ਰੂਰ ਕਰਿਆ ਕਰੋ, ਕਿਉਂਕਿ ਸਰਕਾਰ ਕਹਿੰਦੇ ਨੇ :-

*'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥"*

ਪਿੰਗਲ ਦੇ ਲਿਹਾਜ਼ ਨਾਲ ਛਪਹਿ ਦੀ ਚਾਲ ਹੈ, ਜਿਹੜੀ ਮੈਂ ਤੁਹਾਡੇ ਸਾਹਮਣੇ ਪੜ੍ਹੀ ਹੈ, ਇਹਨੂੰ ਢਿੱਲਾ ਜਿਹਾ ਰੱਖ ਕੇ ਤੁਸੀਂ ਪੜ੍ਹੋ ਤੁਹਾਨੂੰ ਬਿਲਕੁਲ ਰੱਸ ਨਹੀਂ ਆਵੇਗਾ। ਜਦੋਂ ਤੁਸੀਂ ਇਹਨੂੰ ਕਾਵ ਦੇ ਸਾਹਮਣੇ ਰੱਖ ਕੇ ਪੜ੍ਹੋਗੇ, ਪਿੰਗਲ ਨੂੰ ਸਾਹਮਣੇ ਰੱਖ ਕੇ ਪੜ੍ਹੋਗੇ, ਛੰਤ ਦੀ ਚਾਲ ਦੇ ਮੁਤਾਬਿਕ ਪੜ੍ਹੋਗੇ ਤਾਂ ਤੁਹਾਨੂੰ ਜ਼ਰੂਰ ਇਸ ਵਿਚੋਂ ਇਕ ਰੱਸ ਆਵੇਗਾ।

*"ਚਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਨਉ*
*ਕਹਿ ਨ ਸਕਤਿ ਕਿਹ॥-----*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ*
*ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ*
*ਕਵਨ ਕਰਮ ਨਾਮ ਬਰਣਤ ਸੁਮਤਿ॥ ੧॥*

SIKHBOOKCLUB.COM

ਜਿਹਦਾ ਚਿਹਨ ਨਹੀਂ, ਚੱਕਰ ਨਹੀਂ, ਰੰਗ ਨਹੀਂ, ਰੂਪ ਨਹੀਂ। ਜਿਹਦਾ ਘਰ ਨਹੀਂ, ਘਾਟ ਨਹੀਂ। ਐਸਾ ਤੇ ਉਹ ਸ੍ਰੀ ਅਕਾਲ ਪੁਰਖ ਹੈ, ਉਸ ਦੀ ਉਪਮਾ ਬਾਬੇ 'ਗੁਰੂ ਗੋਬਿੰਦ ਸਿੰਘ' ਦੇ ਦਰਬਾਰ ਵਿਚ ਹੋ ਰਹੀ ਹੈ।

*'ਰੰਗ ਮੇਂ ਰੰਗੀਨ ਹੈ।*
*ਰਾਗ ਰੂਪ ਮੇਂ ਪਰਬੀਨ ਹੈ।*
*ਕਾਹੂੰ ਪੇ ਨਦੀਨ, ਸਾਧ ਅਧੀਨ ਕਹੀਤ ਹੈ।'* *(ਦਸਮ ਗ੍ਰੰਥ)*

ਤਮਾਮ ਖ਼ੂਬਸੂਰਤਾਂ ਵਿਚੋਂ ਅਗਰ ਕੋਈ ਖ਼ੂਬਸੂਰਤ ਹੈ ਤਾਂ ਉਹ ਕੇਵਲ 'ਸਤਿਨਾਮ-ਵਾਹਿਗੁਰੂ, ਔਰ ਬੜੀਆਂ-ਬੜੀਆਂ ਸੂਰਤਾਂ ਬਣਾਉਣ ਵਿੱਚ, ਉਹ ਬੜਾ ਚਤੁਰ ਹੈ, ਬੜਾ ਸਿਆਣਾ ਹੈ, ਬੜਾ ਦਾਨਾ ਹੈ। ਕਿਸੇ ਸਾਹਮਣੇ ਨਹੀਂ ਝੁਕਦਾ, ਕਿਸੇ ਅੱਗੇ ਜ਼ੋਰ ਨਹੀਂ ਹੁੰਦਾ, ਕਿਸੇ ਅੱਗੇ ਉਹਨੂੰ ਹੱਥ ਜੋੜਨ ਦੀ ਲੋੜ ਨਹੀਂ ਪੈਂਦੀ। ਪਰ ਜਿਹੜੇ ਰੱਬ ਦੇ ਪਿਆਰੇ ਨੇ, ਜਿਹੜੇ ਸਿਮਰਨ ਕਰਨ ਵਾਲੇ ਉਹਦੇ ਭਗਤ ਨੇ, ਇਹ ਉਹਨਾਂ ਦੇ ਅਧੀਨ ਹੈ, ਉਹਨਾਂ ਦਾ ਕਹਿਣਾ ਮੰਨਦਾ ਹੈ, ਉਹ ਜੋ ਆਖਣ ਕਰਕੇ ਵਿਖਾ ਦਿੰਦਾ ਹੈ। ਇਹ ਬਾਬੇ ਦਾ ਦਰਬਾਰ ਹੈ, 'ਗੁਰੂ ਗੋਬਿੰਦ ਸਿੰਘ' ਦਾ ਦਰਬਾਰ ਹੈ, ਜਿਹਦੇ ਵਿੱਚ 'ਨਿਰੰਕਾਰ' ਦੀਆਂ ਖ਼ੂਬੀਆਂ ਬਿਆਨ ਕੀਤੀਆਂ ਜਾ ਰਹੀਆਂ ਨੇ! ਸਾਹਿਬਾਂ ਦੀ ਬਾਣੀ ਦਾ ਇਕ ਬਚਨ ਹੈ, ਜਿੰਨੇ ਗੁਰੂ ਕੇ ਸਿੱਖ ਬੈਠੇ ਹੋ, ਧਿਆਨ ਕਰਿਓ :

*"ਕੁੱਲ ਕਲੰਕ ਕਰਹੀਣ ਕ੍ਰਿਪਾ,*
*ਸਾਗਰ ਕਰੁਣਾ ਕਰਨ।"*

ਇਕ ਹੋਰ ਚਾਲ ਹੈ ਛੰਤ ਦੀ ਪਿੰਗਲ ਦੇ ਲਿਹਾਜ਼ ਨਾਲ! ਮਹਾਰਾਜ ਕਹਿੰਦੇ ਨੇ ਇਕ ਐਸੀ ਸ਼ਕਤੀ ਹੈ, ਜਿਹਨੂੰ ਕੋਈ ਕਲੰਕ ਹੈ ਨਹੀਂ! 'ਚੰਦਰਮਾਂ' ਨੂੰ ਕਲੰਕ ਹੈ, ਬ੍ਰਹਮਾ ਨੂੰ ਕਲੰਕ, ਵਿਸ਼ਨੂੰ ਨੂੰ ਕਲੰਕ ਹੈ, ਲੇਕਿਨ ਇਕ ਐਸੀ ਸ਼ਕਤੀ ਹੈ ਜਿਹਨੂੰ ਕਲੰਕ ਕੋਈ ਨਹੀਂ, ਸਾਰਿਆਂ ਕਲੰਕਾਂ ਤੋਂ ਉਹ ਮੁਸਤਕ ਨਹਿ ਹੈ। ਉਹ ਸ਼ਕਤੀ ਕ੍ਰਿਪਾ ਦਾ ਸਮੁੰਦਰ ਹੈ ਅਤੇ ਉਹ ਸ਼ਕਤੀ ਦਿਨੇ-ਰਾਤ, ਸਵੇਰੇ-ਸ਼ਾਮ ਕ੍ਰਿਪਾ ਕਰਦੀ ਹੀ ਰਹਿੰਦੀ ਹੈ। ਉਹਨੇ ਆਪਣੀ ਕ੍ਰਿਪਾ ਦੀ ਕੋਠੜੀ ਨੂੰ, ਦਰਵਾਜ਼ੇ ਨੂੰ ਕਦੇ ਤਾਲਾ ਨਹੀਂ ਲਾਇਆ।

*"ਕੁੱਲ ਕਲੰਕ ਕਰਹੀਣ ਕ੍ਰਿਪਾ,*
*ਸਾਗਰ ਕਰੁਣਾ ਕਰਨ, ਕਰਣ ਕਾਰਨ ਸਮਰੱਥ।'*

ਸੰਸਾਰ ਦੇ ਸਾਜਣ ਵਿਚ ਉਹ ਸ਼ਕਤੀ ਸਮਰੱਥ ਹੈ। ਉਸ ਨੂੰ ਕਿਸੇ ਦੀ ਸਹਾਇਤਾ ਨਹੀਂ ਲੈਣੀ ਪੈਂਦੀ। ਸਾਹਿਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਹਿੰਦੇ ਨੇ :-

*ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ॥*
*ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ॥ ੩॥* (ਪੰਨਾ ੩੯੮)

ਉਹ ਕਿਸੇ ਦੀ ਮਤਲਬ ਦੂਜੇ ਨੂੰ ਪੁੱਛ ਕੇ ਸਲਾਹ ਨਹੀਂ ਲੈਂਦਾ। ਬਲਕਿ ਸਲਾਹ ਉਹ ਲਵੇ, ਜਿਹੜਾ ਕਮਜ਼ੋਰ ਹੋਵੇ। ਸਰਬ ਸ਼ਕਤੀਮਾਨ ਹੈ, ਜੋ ਕੁੱਝ ਕਰਦਾ ਹੈ ਆਪਣੀ ਇੱਛਾ ਅਨੁਸਾਰ ਕਰਦਾ ਹੈ। ਕਿਸੇ ਨੂੰ ਪੁੱਛਣ ਦੀ ਲੋੜ ਨਹੀਂ ਪੈਂਦੀ। ਕਿਉਂਕਿ ਉਹ ਕ੍ਰਿਪਾ ਦੀ ਤਸਵੀਰ ਹੈ, ਤੇ ਜਿਹੜਾ ਸੰਸਾਰ ਉਸ ਨੇ ਬਣਾਇਆ ਹੋਇਆ, ਉਹਨੂੰ ਉਸ ਨੇ ਧਾਰਨ ਵੀ ਕੀਤਾ ਹੋਇਆ, ਨਿਯਮਾਂ ਵਿਚ ਵੀ ਬੱਧਾ ਹੋਇਆ। ਜਿੰਨੇ ਕਲਯੁਗ ਦੇ ਕਾਲੇ ਕਰਮ ਹਨ ਨਾ, ਇਹਨਾਂ ਸਾਰਿਆਂ ਤੋਂ ਉਹ ਖਾਲੀ ਹੈ। ਕਰਮ-ਕਾਂਡੀ, ਚਿੜਚਿੜਾ ਜਿਹਾ, ਇਕ ਦੂਜੇ ਨੂੰ ਵੇਖ ਕੇ ਨਫਰਤ ਕਰਕੇ ਸੱੜ-ਬਲ ਕੇ ਕੋਲਾ ਹੋ ਜਾਣ ਵਾਲਾ ਹੈ ਨਾ ਜਿਹੜਾ ਉਹ ਉਹਨਾਂ ਨੂੰ ਨਹੀਂ ਸਮਝ ਸਕਦਾ। ਕਰਮ-ਕਾਂਡੀ ਉਸ ਨੂੰ ਸਮਝ ਹੀ ਨਹੀਂ ਸਕਦਾ। ਉਹ ਕਿਥੇ ਰਹਿੰਦਾ, ਕੋਈ ਦਾਅਵੇ ਨਾਲ ਦੱਸ ਹੀ ਨਹੀਂ ਸਕਦਾ। ਉਹ ਕੀ ਆਖਦਾ ਹੈ? ਉਹ ਕਿਹੜੀ ਭਾਸ਼ਾ ਬੋਲਦਾ ਹੈ? ਉਹਦੀ ਨਿੱਜੀ ਜ਼ਬਾਨ ਕਿਹੜੀ ਹੈ? ਕੋਈ ਨਹੀਂ ਦੱਸ ਸਕਦਾ। ਕਿਨ੍ਹਾਂ ਕਾਰਨਾਂ ਨਾਲ, ਕਿਨ੍ਹਾਂ ਉਪਾਵਾਂ ਨਾਲ, ਕਿਨ੍ਹਾਂ ਤਰੀਕਿਆਂ ਨਾਲ ਉਹਦਾ ਗਿਆਨ ਹੋ ਸਕਦਾ ਹੈ, ਕੋਈ ਨਹੀਂ ਤਸੱਲੀ-ਬਖਸ਼ ਕਹਿ ਸਕਦਾ। ਉਹ ਜਿਹੜੀ ਸ਼ਕਤੀ ਹੈ ਨਾ, 'ਗੁਰੂ ਗੋਬਿੰਦ ਸਿੰਘ ਸਾਹਿਬ' ਕਹਿੰਦੇ ਉਹ ਜਿਹੜੀ ਸ਼ਕਤੀ ਹੈ ਨਾ, ਉਹਦੇ ਜਿਹੜੇ ਨੇਤਰ ਹੈ ਨਾ, ਉਹ 'ਕਮਲ ਫੁੱਲ' ਵਰਗੇ ਨੇ! ਉਸ ਸ਼ਕਤੀ ਦੀ ਜਿਹੜੀ ਗਰਦਨ ਹੈ ਉਹ

ਸੰਖ ਵਰਗੀ ਹੈ। ਔਰ ਉਸ ਸ਼ਕਤੀ ਦਾ ਜੋ ਲੱਕ ਹੈ, ਉਹ 'ਸ਼ੇਰ' ਵਰਗਾ ਹੈ। ਉਸ ਦਾ ਜੋ ਚਲੱਣਾ ਹੈ, ਉਹ 'ਹਾਥੀ' ਵਰਗਾ ਮਸਤ ਹੈ। ਝੂਮ-ਝੂਮ ਕੇ ਹਾਥੀ ਵਾਂਗੂੰ ਚਲਦੀ ਹੈ। ਪੰਜਾਬੀ ਦਾ ਇਕ ਮੁਹਾਵਰਾ ਹੈ ਕਿ :

*'ਹਾਥੀ ਚਲੇ ਬਾਜ਼ਾਰ, ਤਾਂ ਕੁੱਤਾ ਭੌਂਕੇ ਹਜ਼ਾਰ।'*

ਤਾਂ ਹਾਥੀ ਕਿਹੜਾ ਤੁਰਨੋਂ ਹਟ ਜਾਂਦਾ ਹੈ। ਉਹ ਆਪਣੀ ਮਸਤ ਚਾਲ ਚਲਿਆ ਹੀ ਜਾਂਦਾ ਹੈ, ਕੁੱਤੇ ਭੌਂਕਦੇ ਹੀ ਰਹਿੰਦੇ ਨੇ। ਉਸ ਸ਼ਕਤੀ ਦੇ ਬਰਖਿਲਾਫ਼ ਕਈ ਪਾਰਟੀਆਂ ਗੱਲਾਂ ਕਰਦੀਆਂ ਹਨ, ਪਰ ਉਹ ਸ਼ਕਤੀ ਮਸਤ ਚਾਲ ਵਿਚ ਚਲੀ ਹੀ ਜਾਂਦੀ ਹੈ। ਮੈਂ ਇਕ ਫ਼ਾਰਸੀ ਦਾ ਮੁਹਾਵਰਾ ਪੜ੍ਹਿਆ, ਉਹ ਕਹਿੰਦਾ :-

*'ਆਵਾਜ਼ੇ ਸਗਾਂ----*

ਜਿਹੜਾ ਕੁੱਤਿਆਂ ਦਾ ਭੌਂਕਣਾ ਹੈ ਨਾ ਇਹ ਫਕੀਰ ਦੇ ਰਿਜ਼ਕ ਵਿੱਚ ਕੋਈ ਘਾਟਾ ਨਹੀਂ ਪਾ ਸਕਦਾ। ਕਿਉਂਕਿ ਜਦੋਂ ਫਕੀਰ ਆਉਂਦਾ ਹੈ ਤਾਂ ਕਈ ਕੁੱਤੇ ਭੌਂਕਦੇ ਨੇ, ਪਰ ਉਸ ਨੂੰ ਕੋਈ ਘਾਟਾ ਨਹੀਂ ਪੈਣਾ। ਜਿਹੜਾ ਆਟਾ ਮਾਈ ਨੇ ਦੇਣਾ ਹੈ ਨਾ ਉਹ ਕੁੱਤਿਆਂ ਦੇ ਭੌਂਕਦਿਆਂ ਵੀ ਦੇ ਦੇਣਾ ਹੈ। ਬੇਪਰਵਾਹ ਰਹੁ, ਤੇਰਾ ਉਹ ਰਾਖਾ ਆਪ ਹੀ ਹੈ। ਤੈਨੂੰ ਕੋਈ ਘਾਟਾ ਪਾਉਣ ਵਾਲਾ ਜੰਮਿਆ ਨਹੀਂ!

ਉਹ ਸ਼ਕਤੀ ਜੋ ਹੈ 'ਕੇਲੇ' ਵਰਗੀ ਮੁਲਾਇਮ ਹੈ, ਕੇਲੇ ਵਰਗੀ ਹਰੀ ਭਰੀ ਹੈ। ਉਹ ਸ਼ਕਤੀ 'ਹਰਨ' ਵਰਗੀ ਚੁਸਤ ਹੈ, ਹਰਨ ਵਰਗੀ ਚਲਾਕ ਹੈ, ਹਰਨ ਵਰਗੀ ਉਹ ਚੌਦਾਂ ਹੱਥ ਦੀ ਉਹ ਛਲਾਂਗ ਮਾਰਦੀ ਹੈ। ਉਸ ਦੀ ਹਾਲਤ 'ਕਪੂਰ' ਵਰਗੀ ਹੈ। ਜਿਵੇਂ ਕਪੂਰ ਐ--- ਬੇਲਾਗ-ਦਾਗ ਹੈ, ਜਿਵੇਂ ਕਪੂਰ ਚਮਕਦਾ ਹੈ, ਜਿਵੇਂ ਕਪੂਰ ਸੁਗੰਧੀ ਦਿੰਦਾ ਹੈ। ਇਸ ਤਰ੍ਹਾਂ ਉਹ ਸ਼ਕਤੀ ਨਿਰਮਲ ਹੈ, ਚਮਕਦੀ ਹੈ। ਸਿੱਖ ਹੈਰਾਨ ਹੋ ਗਿਆ ਭਈ ਮਹਾਰਾਜ! ਇਹ ਤੁਸੀਂ ਕਿਸ ਨੂੰ ਬਿਆਨ ਕਰਦੇ ਪਏ ਹੋ? ਕਿ ਕਮਲ ਫੁੱਲ ਵਰਗੀਆਂ ਅੱਖਾਂ, ਸੰਖ ਵਰਗੀ ਧੌਣ, ਸ਼ੇਰ ਵਰਗਾ ਲੱਕ, ਹਾਥੀ ਵਰਗੀ ਚਾਲ! ਇਹ ਤਾਂ ਜਿਹੜੇ ਸੋਹਣੀ-ਮਹੀਂਵਾਲ ਗਾਉਣ ਵਾਲੇ ਨੇ, ਹੀਰ-ਰਾਂਝੇ ਗਾਉਣ ਵਾਲੇ ਨੇ, ਉਹ ਇਹੋ ਜਿਹੇ ਫ਼ੁਰਮਾਣ ਦਿੰਦੇ ਨੇ, ਤੁਸੀਂ ਕਿਹਨੂੰ ਬਿਆਨ ਕਰਦੇ ਪਏ ਹੋ? ਤਾਂ ਸਾਹਿਬ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਨੇ ਇਕ ਸ਼ਬਦ ਵਿਚ ਲੋਕਾਂ ਦਾ ਸ਼ੰਕਾ ਦੂਰ ਕੀਤਾ। ਇਹੋ ਜਿਹਾ ਸੋਹਣਾ, ਇਹੋ ਜਿਹਾ ਮਨਮੋਹਣਾ, ਇਹੋ ਜਿਹਾ ਮਨ ਨੂੰ ਵੱਸ ਕਰ ਲੈਣ ਵਾਲਾ ਬਗੈਰ 'ਸਤਿਨਾਮ-ਵਾਹਿਗੁਰੂ' ਦੇ ਹੋਰ ਕੌਣ ਹੋ ਸਕਦਾ ਹੈ!

''ਬੇਦ-ਭੇਦ ਨਹ ਲਖਹਿ ਬ੍ਰਹਮਾ ਨਹਿ ਬੂਝੇ।' ਚਾਰ ਵੇਦ ਨੇ, ਚਾਰ ਵੇਦਾਂ ਦੇ ਚਾਰ ਉਪਦੇਵ ਨੇ, ਇਹ ਨਿਰੰਕਾਰ ਦਾ ਭੇਦ ਨਹੀਂ ਜਾਣ ਸਕਦੇ। ਉਸ ਬ੍ਰਹਮ ਨੂੰ, ਵਾਹਿਗੁਰੂ ਨੂੰ,

ਉਸ ਸਿਰਜਣਹਾਰ ਨੂੰ ਬ੍ਰਹਮਾ ਨਹੀਂ ਜਾਣ ਸਕਿਆ। ਹਾਥੀ ਦੀ ਚੀਖ ਲੋਕਾਂ ਨੂੰ ਡਰਾ ਦੇਣ ਵਾਲੀ, ਹਾਥੀ ਦਾ ਬੋਲਣਾ ਲੋਕਾਂ ਦੇ ਕਲੇਜੇ ਕੰਬਾ ਦੇਣ ਵਾਲਾ, ਉਸ ਦੀ ਆਵਾਜ਼ ਭਾਵੇਂ ਉਥੇ ਵੀ ਪਿੱਛੋਂ ਹੀ ਪਹੁੰਚੇ, ਪਰ ਕੀੜੀ ਦੀ ਨਿੱਕੀ ਜਿਹੀ ਚੀਖ ਉਥੇ ਪਹਿਲਾਂ ਹੀ ਪਹੁੰਚ ਜਾਂਦੀ ਹੈ। ਗਰੀਬਾਂ ਦੀ ਉਹ ਪਹਿਲਾਂ ਸੁਣਦਾ ਹੈ, ਗਰੀਬਾਂ ਦੀ ਉਹ ਪਹਿਲਾਂ ਰਖਿਆ ਕਰਦਾ ਹੈ। ਹਾਥੀ ਵਰਗੇ ਹੰਕਾਰੇ ਜਿਹੜੇ ਫੂੰ-ਫੂੰ ਕਰਦੇ ਫਿਰਦੇ ਹੈ ਨਾ, ਉਹਨਾਂ ਦੀ ਆਵਾਜ਼ ਨਹੀਂ ਉਥੇ ਸੁਣੀ ਜਾਂਦੀ। ਉਥੇ ਤਾਂ ਉਹਦੀ ਆਵਾਜ਼ ਸੁਣੀ ਜਾਂਦੀ ਹੈ ਜੋ ਨਿਰਮਾਨ ਸੇਵਕ, ਜੋ ਨਿਰਮਾਨ ਗੁਰਮੁਖ। 'ਗੁਰੂ ਗੋਬਿੰਦ ਸਿੰਘ' ਸਾਹਿਬ ਸ਼ਸ਼ਤਰਾਂ ਦੇ ਕਾਲ ਹੁੰਦਿਆਂ ਹੋਇਆਂ ਸ਼ਸਤਰਾਂ ਨੂੰ ਆਪਣੇ ਪੀਰ ਮੰਨਦਿਆਂ ਹੋਇਆਂ, ਸ਼ਸ਼ਤਰਾਂ ਦਾ ਆਦਰ ਕਰਦਾ ਹੋਇਆ ਤੇ ਜਿਸ ਵੇਲੇ ਅਕਾਲ ਦਾ ਖਿਆਲ ਆਇਆ ਤਾਂ ਉਸ ਵੇਲੇ ਹਜ਼ੂਰ ਦੀ ਜ਼ਬਾਨੋਂ ਬਦੋ-ਬਦੀ ਨਿਕਲ ਗਿਆ :-

*"ਤੁਮ ਹੋ ਸਭ ਰਾਜਨ ਕੇ ਰਾਜਾ*
*ਸਭ ਰਾਜਨ ਕੇ ਰਾਜਾ-----*
*ਆਦਿ ਅਭੈ ਅਣਗਾਤ ਸਰੂਪਨ।*

ਵਾਹਿਗੁਰੂ ਆਦਿ ਤੋਂ ਹੈ ਜਦੋਂ ਕੋਈ ਚੀਜ਼ ਹੈ ਨਹੀਂ ਸੀ। ਅਭੈ, ਅਰਥਾਤ ਕਿਸੇ ਦਾ ਭੈਅ ਨਹੀਂ, ਕਿਸੇ ਦਾ ਡਰ ਨਹੀਂ, ਕਿਸੇ ਕੋਲੋਂ ਘਬਰਾਉਣਾ ਨਹੀਂ ਉਸ ਦਾ ਕੋਈ ਐਸਾ ਵਿਚਿਰਤ ਸਰੂਪ ਹੈ ਕਿ ਉਹਦੀ ਥਾਂ ਕੋਈ ਨਹੀਂ ਲੈ ਸਕਦਾ, ਉਸ ਨੂੰ ਕੋਈ ਤੋਲ-ਮਿਣ ਨਹੀਂ ਸਕਦਾ। ਕਿਤੇ ਕੰਗਾਲ ਹੋ ਕੇ ਫਿਰਦਾ ਹੈ, ਕਿਤੇ ਛੋਟੀ ਜਿਹੀ ਰਿਆਸਤ ਦਾ ਮਾਲਿਕ ਬਣਿਆ ਫਿਰਦਾ ਹੈ। ਕਿਤੇ ਕਈਆਂ ਰਿਆਸਤਾਂ ਦਾ ਚੱਕਰਵਤੀ ਰਾਜਾ ਬਣਿਆ ਫ਼ਿਰਦਾ ਹੈ। ਕਿਤੇ ਉਹ ਸਮੁੰਦਰ ਦਾ ਰੂਪ ਹੈ, ਕਿਤੇ ਉਹ ਨਦੀ ਦਾ ਰੂਪ ਹੈ ਤੇ ਕਿਤੇ ਉਹ ਖੂਹ ਦਾ ਰੂਪ ਹੈ! ਨਿਰੰਕਾਰ ਦੀ ਅਗਾਂਹ ਗਤੀ ਹਜ਼ੂਰ ਬਿਆਨ ਕਰਦੇ ਨੇ ਕਿ ਜਿਨ੍ਹਾਂ ਨੂੰ ਆਸਰਾ ਨਹੀਂ ਉਹਨਾਂ ਨੂੰ ਆਸਰਾ ਦੇਣ ਵਾਲਾ ਕੇਵਲ 'ਸਤਿਨਾਮ-ਵਾਹਿਗੁਰੂ' ਹੈ। ਜਿਸ ਨੂੰ ਹਜ਼ੂਰ ਸਿਰ ਝੁਕਾ ਕੇ ਕਹਿ ਰਹੇ ਨੇ :-

*"ਤੁਮ ਹੋ ਸਭ ਰਾਜਨ ਕੇ ਰਾਜਾ ਸਭ ਰਾਜਨ ਕੇ ਰਾਜਾ-----"*

ਅਨੰਦਪੁਰ ਵਿਚ ਸਜਿਆ ਹੋਇਆ ਦਰਬਾਰ ਹੈ, ਹਜ਼ਾਰਾਂ ਸੰਗਤਾਂ ਆਈਆਂ ਹੋਈਆਂ ਨੇ। ਜਿਥੇ ਅਕਾਲ ਦੀ ਉਪਮਾ ਬਿਆਨ ਕੀਤੀ ਜਾ ਰਹੀ ਹੈ, ਉਥੇ ਕਈ ਹੱਥ ਜੋੜ ਕੇ ਖੜੇ ਨੇ ਉਹਦੇ ਦਰਬਾਰ ਵਿਚ, ਉਹਦੇ ਦਰਬਾਰ ਵਿਚ ਕਈ ਬ੍ਰਹਮਾ ਬੈਠੇ ਹੋਏ ਨੇ ਉਹਦਾ ਜੱਸ ਗਾਉਣ ਵਾਸਤੇ। ਉਥੇ ਕਈ ਮੁਰਲੀ ਮਨੋਹਰ ਨੇ, ਉਥੇ ਕਈ ਰਾਮ-ਚੰਦਰ ਨੇ ਤੇ ਇਹ ਸਾਰੇ ਰਲ ਕੇ ਉਸ ਅਕਾਲ-ਪੁਰਖ ਦੀ ਵਿਚਾਰ ਤਾਂ ਕਰਦੇ ਨੇ, ਉਹਦੇ ਸਬੰਧ ਵਿਚ ਚਰਚਾ ਤਾਂ ਕਰਦੇ ਨੇ, ਉਹਦੇ ਮੁਤੱਲਕ ਕਥਾ ਕਹਾਣੀਆਂ ਤੇ ਕਰਦੇ ਨੇ, ਪਰ ਦੁਹਾਈ ਰੱਬ ਦੀ ਉਸ

ਪੂਰਨ ਪ੍ਰਭੂ ਦਾ ਪਾਰਾਵਾਰ ਨਹੀਂ ਪਾ ਸਕਦੇ। ਉਹ ਕਿਸੇ ਦੇ ਆਸਰੇ ਨਹੀਂ, ਨਿਰਾਹਾਰ ਹੈ। ਉਸ ਦਾ ਕਿਸੇ ਨੇ ਅੱਜ ਤੱਕ ਪਾਰਾਵਾਰ ਨਹੀਂ ਪਾਇਆ। ਉਹ ਪ੍ਰਕਾਸ਼ ਦਾ ਕਲਪ ਬ੍ਰਿਛ ਹੈ। ਉਹ ਰਾਜਨੀਤੀ ਦਾ ਸਮੁੰਦਰ ਹੈ। ਸ਼ੁਧਤਾਈ ਦਾ, ਪਵਿੱਤਰਤਾ ਦਾ ਉਹ ਘਰ ਹੈ ਤੇ ਮੁਕਤੀ ਦਾ ਉਹ ਨਿਚੋੜ ਹੈ। ਕੋਸ਼ਿਸ਼ ਕਰੋ ਕਿ ਸਭ ਮਾਈਂ ਭਾਈ ਜੁੜੋ। ਜਿੰਨੀਆਂ ਮਨੁੱਖ ਦੀਆਂ ਕਾਮਨਾਂ ਨੇ, ਸਾਰੀਆਂ ਨੂੰ ਪੂਰੀਆਂ ਕਰਨ ਵਿਚ ਅਗਰ ਕੋਈ ਸਮਰਥ ਹੈ ਨਾ ਤਾਂ ਕੇਵਲ 'ਸਤਿਨਾਮ-ਵਾਹਿਗੁਰੂ'। ਉਹਦਾ ਸੁਭਾਅ ਹੈ ਬਿਰੱਕਤ, ਤਿਆਗ। ਸਾਡੇ ਘਰ ਕਾਕਾ ਜੰਮ ਪਵੇ ਤਾਂ ਅਸੀਂ ਉਸ ਦਿਨ ਵਿਸਕੀਆਂ ਦੀਆਂ ਪੇਟੀਆਂ ਖੁਲ੍ਹਾਅ ਕੇ ਭੰਗੜਾ ਪਾਉਂਦੇ ਹਾਂ। ਵਾਹਿਗੁਰੂ ਨਾ ਕਰੇ ਕਿ ਚੌਹਾਂ ਕੁ ਵਰ੍ਹਿਆਂ ਬਾਅਦ ਉਹ ਅੱਖੀਆਂ ਮੀਟ ਜਾਵੇ ਤਾਂ ਸਾਡੇ ਘਰ ਸਿਆਪਾ ਪੈ ਜਾਂਦਾ ਹੈ ਤੇ ਅਸੀਂ ਕੰਧਾਂ ਨਾਲ ਸਿਰ ਮਾਰ-ਮਾਰ ਕੇ ਪਾੜ ਲੈਂਦੇ ਹਾਂ। ਵਾਹਿਗੁਰੂ ਦੇ ਕਰੋੜਾਂ ਜੀਅ ਰੋਜ਼ ਮਰਦੇ ਨੇ ਤੇ ਰੋਜ਼ ਜੰਮਦੇ ਨੇ। ਨਾ ਉਹ ਭੰਗੜਾ ਪਾਉਂਦਾ ਹੈ ਤੇ ਨਾ ਉਹਦੇ ਮਾਤਮ ਦੀ ਬਿਸ਼ਟੀ ਹੈ। ਉਹ ਐਂ ਇਕ ਰੱਸ ਹੈ। ਸਾਧਾਂ ਦੀ ਰਖਿਆ ਕਰਨ ਵਾਲਾ, ਗੁਣਾਂ ਦਾ ਉਹ ਉਪਹਾਰ ਸਮੇਤ ਪਰਬਤ ਹੈ।

*"ਤੁਮ ਹੋ ਸਭ ਰਾਜਨ ਕੇ ਰਾਜਾ, ਸਭ ਰਾਜਨ ਕੇ ਰਾਜਾ।"*

ਅੰਦਰੂਨੀ ਤੌਰ ਤੇ ਮਾਈ-ਭਾਈ, ਸਭ ਜਗਿਆਸੂ ਮੁੰਤਜ਼ਿਰ ਹਨ ਕਿ ਸਾਹਿਬਾਂ ਦੇ ਦੀਦਾਰ ਕਦੋਂ ਹੋਣ? ਔਰ ਹਜ਼ੂਰ ਆਪਣੇ ਠਾਟ-ਬਾਟ ਸਮੇਤ ਕਿਸ ਵੇਲੇ ਸਟੇਜ ਉੱਤੇ ਆ ਕੇ ਦੀਦਾਰ ਬਖਸ਼ਣਗੇ। ਕਹਿੰਦੇ ਨੇ ਬਗੀਚਾ ਉਦੋਂ ਤੱਕ ਚੰਗਾ ਨਹੀਂ ਲਗਦਾ ਜਦੋਂ ਤੱਕ ਵਿਚ ਸਰੂ ਨਾ ਹੋਵੇ। 'ਨੰਦ ਲਾਲ' ਕਹਿੰਦੇ ਨੇ ਦੁਨੀਆਂ ਇਕ ਬਗੀਚਾ ਹੈ ਔਰ ਇਸ ਬਗੀਚੇ ਦਾ ਸ਼ਿੰਗਾਰ ਸਰੂ 'ਸਾਹਿਬ ਗੁਰੂ ਗੋਬਿੰਦ ਸਿੰਘ' ਹਨ। ਇਹ ਨਦਰ ਹੈ ਨੰਦ ਲਾਲ ਦੀ, ਪਰ ਗੁਰੂ ਨੂੰ ਵੇਖਣ ਵਾਸਤੇ ਨਦਰ ਪੈਦਾ ਕਰਨੀ ਪਵੇਗੀ। ਵਾਹਿਗੁਰੂ ਕਿਸੇ ਨੂੰ ਗੁਰੂ ਵੇਖਣ ਵਾਲੀ ਨਦਰ ਬਖਸ਼ੇ! ਨੰਦ ਲਾਲ ਨੂੰ ਉਹ ਨਦਰ ਮਿਲੀ ਤੇ ਨੰਦ ਲਾਲ ਗੁਰੂ ਗੋਬਿੰਦ ਸਿੰਘ' ਦੇ ਗਲੀਂ ਪੈ ਗਏ ਕਿ ਜਹਾਨ ਤੇ ਹਨੇਰਾ ਹੋ ਗਿਆ ਗੁਰੂ ਜੀ! ਕਿਸੇ ਪਾਸੇ ਚਾਨਣੇ ਦੀ ਆਸ ਨਹੀਂ ਰਹੀ, ਕੋਈ ਚਾਨਣੇ ਦੀ ਕਿਰਨ ਨਹੀਂ ਚਮਕ ਰਹੀ ਤੇ ਸਾਹਿਬ ਮੁਸਕਰਾ ਕੇ ਪੁਛਣ ਲੱਗੇ, "ਨੰਦ ਲਾਲ! ਤੇਰਾ ਮਕਸਦ ਕੀ ਹੈ? ਤੂੰ ਚਾਹੁੰਨਾ ਕੀ ਹੈਂ?" ਕਹਿਣ ਲੱਗਾ, ਗਰੀਬ-ਨਿਵਾਜ਼! ਜਹਾਨ ਤਾਰੀਕ ਸ਼ੁੱਧ ਜਾਣ ਹੈ, ਐ ਸਤਿਗੁਰ ਪਿਆਰੇ ਜਹਾਨ ਤੇ ਹਨੇਰਾ ਹੋ ਗਿਆ ਹੈ। ਐ ਗੁਰੂ! ਤੂੰ ਇਸ਼ਨਾਨ ਕਰਨ ਵਾਸਤੇ ਕੱਪੜੇ ਉਤਾਰ ਤੇ ਜਦੋਂ ਇਸ਼ਨਾਨ ਕਰਨ ਵਾਸਤੇ ਕਪੜੇ ਉਤਾਰੋਗੇ ਤਾਂ ਤੁਹਾਡੀ ਕਾਇਆ ਨੰਗੀ ਹੋ ਜਾਏਗੀ ਤੇ ਤੁਹਾਡੀ ਕਾਇਆ ਦੇ ਚਾਨਣੇ ਨਾਲ ਦੁਨੀਆਂ ਦੇ ਤਖਤੇ ਉਤੋਂ ਹਨੇਰਾ ਗਾਇਬ ਹੋ ਜਾਏਗਾ। ਹਜ਼ੂਰ ਜਿਹੜਾ ਤੁਸੀਂ ਕਲਗੀ ਦੀ ਜਗ੍ਹਾ ਸਿਰ ਤੇ ਤੋੜਾ ਲਾਇਆ ਹੋਇਆ ਹੈ ਨਾ, ਇਹਦੇ ਪਰਛਾਵੇਂ ਨੇ ਹੀ ਤੁਹਾਡੇ ਚਿਹਰੇ ਨੂੰ ਢੱਕਿਆ ਹੋਇਆ ਹੈ। ਇਹ ਤੋੜਾ ਤੁਸੀਂ ਲਾਂਭੇ ਕਰ ਲਵੋ

ਤਾਂਕਿ ਤੁਹਾਡੇ ਚਿਹਰੇ ਦਾ ਚਿਰਾਗ਼ ਦਮਕ ਮਾਰੇ, ਤੁਹਾਡੇ ਚਿਹਰੇ ਦਾ ਦੀਵਾ ਚਮਕ ਮਾਰੇ, ਤਾਂਕਿ ਜਹਾਨ ਵਿਚੋਂ ਹਨੇਰਾ ਉੱਡ ਜਾਏ। ਜਿਸ ਦਿਨ ਤੋਂ ਤੁਰਨ-ਫਿਰਨ ਵਾਲਾ ਸਰੂ, 'ਗੁਰੂ ਗੋਬਿੰਦ ਸਿੰਘ' ਸਾਹਿਬ ਨੂੰ ਕਿਹਾ ਤੁਰਨ ਫਿਰਨ ਵਾਲਾ ਸਰੂ ਤੇ ਸੰਸਾਰ ਦੇ ਬਗੀਚੇ ਦਾ ਸਰੂ ਹੈ 'ਗੁਰੂ ਗੋਬਿੰਦ' ਸਿੰਘ ਸਾਹਿਬ' ਐ ਤੁਰਨ-ਫਿਰਨ ਵਾਲੇ ਸਰੂ, ਜਿਸ ਦਿਨ ਤੋਂ ਤੁਸਾਂ ਮੇਰੀਆਂ ਅੱਖਾਂ ਵਿਚ ਆਪਣਾ ਥਾਂ ਬਣਾਇਆ, ਤੁਸਾਂ ਮੇਰੀਆਂ ਅੱਖਾਂ ਵਿਚ ਆਪਣਾ ਵਾਸਾ ਕੀਤਾ, ਤੇ ਉਸ ਦਿਨ ਤੋਂ ਮੇਰੀਆਂ ਅੱਖਾਂ ਨੇ ਤੁਹਾਡੇ ਤੋਂ ਬਾਅਦ ਹੋਰ ਕੋਈ ਵੇਖਿਆ ਹੀ ਨਹੀਂ ਜੇ।

ਬਿਠਾ ਆਪਣੀਆਂ ਅੱਖਾਂ ਵਿਚ 'ਗੁਰੂ ਗੋਬਿੰਦ ਸਿੰਘ ਸਾਹਿਬ' ਨੂੰ , ਐਸਾ ਬਿਠਾ, ਐਸਾ ਬਿਠਾ ਕਿ ਫੇਰ ਤੈਨੂੰ ਹੋਰ ਕਿਸੇ ਨੂੰ ਵੇਖਣ ਦੀ ਲੋੜ ਹੀ ਨਾ ਪਏ। 'ਭਾਈ ਗੁਰਦਾਸ' ਜੀ ਦੀਆਂ ਵਾਰਾਂ ਵਿਚ ਇਕ ਤੁੱਕ ਆਉਂਦੀ ਹੈ;

"ਸਤਿਗੁਰ ਦਰਸਨ ਦੇਖਣਾ....... ਅਰਥਾਤ ਜਿਨ੍ਹਾਂ ਨੇ ਸਤਿਗੁਰ ਦਾ ਦਰਸ਼ਨ ਕਰ ਲਿਆ, ਉਹ ਫਿਰ ਛੇਹਾਂ ਭੇਖਾਂ ਦੇ ਦਰਸ਼ਨਾਂ ਨੂੰ ਕਿਸੇ ਲੇਖੇ ਵਿਚ ਨਹੀਂ ਗਿਣਦਾ, ਪਰ ਜਿਸ ਨੂੰ ਦਰਸ਼ਨ ਕਰਨਾ ਆ ਜਾਵੇ, ਜਿਸ ਨੂੰ ਦੀਦਾਰ ਕਰਨਾ ਆ ਜਾਵੇ। ਤੇ ਦੀਦਾਰ ਤਾਂ ਹੀ ਹੋ ਸਕਦੇ ਨੇ ਜਦੋਂ ਅਸੀਂ ਇਕ ਦੇ ਬਣਾਂਗੇ ਅਰਥਾਤ 'ਸਤਿਨਾਮ ਵਾਹਿਗੁਰੂ'----- ਦੇ।

ਸੋ ਅੰਤ ਵਿਚ 'ਗੁਰੂ ਗੋਬਿੰਦ ਸਿੰਘ ਜੀ' ਕਹਿੰਦੇ ਹਨ ਕਿ ਸਾਨੂੰ 'ਨਿਰੰਕਾਰ' ਦੇ ਇੰਨੇ ਨੇੜੇ ਆਉਂਦਾ ਚਾਹੀਦਾ ਹੈਂ ਤਾਂਕਿ ਅਸੀਂ 'ਨਿਰੰਕਾਰ' ਦੀਆਂ ਖੂਬੀਆਂ ਜਾਣ ਸਕੀਏ। ਉਸ ਦੇ ਗੁਣਾਂ ਨੂੰ ਜਾਣ ਸਕੀਏ। ਕਿਉਂਕਿ ਨਿਰੰਕਾਰ ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਹੈ, ਭੁੱਖਿਆਂ ਹੋਇਆਂ ਨੂੰ ਰੋਟੀ ਦੇਣ ਵਾਲਾ ਹੈ। ਬੱਸ ਅਸੀਂ ਉਸੇ ਨਿਰੰਕਾਰ ਦੇ ਲੜ ਲੱਗ ਜਾਈਏ ਤਾਂ ਸਾਨੂੰ ਹਰ ਚੀਜ਼ ਦੀ ਪ੍ਰਾਪਤੀ ਹੋ ਸਕਦੀ ਹੈ, ਪਰ ਜੇ ਅਸੀਂ ਇਕੋ ਦਾ ਪੱਲਾ ਫੜਾਂਗੇ, ਕਿਉਂਕਿ 'ਗੁਰੂ ਗੋਬਿੰਦ ਸਿੰਘ ਜੀ' ਨੇ ਆਪ ਕਿਹਾ ਹੈ ਕਿ ਮੇਰਾ ਨਿਰੰਕਾਰ, ਮੇਰਾ ਵਾਹਿਗੁਰੂ ਦੇਵਤਿਆਂ ਦਾ ਵੀ ਦੇਵਤਾ ਹੈ, ਵੱਖ-ਵੱਖ ਦਰ ਭਟਕਣ ਦੀ ਬਜਾਏ ਕੇਵਲ ਇਕੋ ਦੇ ਲੜ ਲੱਗ ਜਾਉ, ਤਾਂ ਫਿਰ ਤੁਹਾਡੇ ਲੋਕ ਵੀ ਸੁਹੇਲੇ ਤੇ ਪਰਲੋਕ ਵੀ ਸੁਹੇਲੇ !

# ਮਨ ਨੂੰ ਸਮਝਾਉਣ ਦੇ ਉਪਾਅ

ਗੁਰੂ ਪਿਆਰੀ ਸਾਧ ਸੰਗਤ ਜੀ! ਸੰਸਾਰੀ ਢਾਂਚਾ ਐਸੀ ਢਾਲਣਾ ਵਿੱਚ ਢਾਲਿਆ ਗਿਆ ਹੈ, ਜਿਸ ਵਿੱਚ ਹਰ ਇੱਕ ਮਨੁੱਖ ਆਪਣੇ ਆਪ ਨੂੰ ਸਮਝਦਾਰ ਸਾਬਿਤ ਕਰਨਾ ਚਾਹੁੰਦਾ ਹੈ। ਲੇਕਿਨ ਗੁਰੂ ਜੀ ਕਹਿੰਦੇ ਹਨ, ਕਿ ਦੁਨੀਆਂ ਵਿੱਚ ਕਈ ਐਸੇ ਮਨੁੱਖ ਹਨ, ਜਿਨ੍ਹਾਂ ਨੇ ਆਪਣੇ ਆਪ ਨੂੰ ਸਮਝਦਾਰ ਸਾਬਿਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਲੇਕਿਨ ਫਿਰ ਵੀ "ਗੁਰੂ ਗ੍ਰੰਥ ਸਾਹਿਬ ਜੀ" ਕਹਿੰਦੇ ਹਨ ਕਿ ਰੱਬ ਨੂੰ ਅਗਰ ਪੂਜਣਾ ਹੈ ਤਾਂ ਮੁਨਸਬ ਵਾਂਗੂੰ ਨਾ ਪੂਜਨਾ, ਮਾਂ ਵਾਂਗੂੰ ਪੂਜਣਾ, ਦਿਆਲੂ ਮਾਂ ਵਾਂਗੂੰ ਪੂਜਣਾ।

"ਮਾਨ ਸਿੰਘ ਜੀ ਝੋਰ" ਦੱਸਦੇ ਹਨ ਕਿ ਮਾਂ ਦਿਆਲੂ ਹੈ ਤੇ ਪਿਉ ਮੁਨਸਬ ਹੈ, ਔਰ ਮਾਂ ਅਤੇ ਪਿਉ ਦੀ ਜ਼ਿੰਦਗੀ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਉਹ ਇਸ ਲਈ ਕਿ ਇੱਕ ਦਿਨ ਐਤਵਾਰ ਨੂੰ ਪਿਉ ਘਰ ਰਹਿ ਪਿਆ, ਕਿਉਂਕਿ ਛੁੱਟੀ ਦਾ ਦਿਨ ਸੀ। ਉਸ ਦੇ ਦੋ ਕਾਕੇ ਸਨ "ਸੋਹਣ ਤੇ ਮੋਹਨ"। ਉਹ ਕਿਤੇ ਗੁੱਲੀ-ਡੰਡਾ ਖੇਡਦੇ-ਖੇਡਦੇ ਲੜ ਪਏ ਤੇ ਮੁਨਸਬ ਨੇ ਇਨਸਾਫ਼ ਕਰਨ ਲਈ ਪਿਉ ਨੇ ਪੁੱਛਿਆ, "ਉਏ ਮੋਹਨ! ਕਿਉਂ ਰੋਇਆ ਹੈਂ ਤੂੰ?" ਕਹਿੰਦਾ ਜੀ ਸੋਹਣ ਨੇ ਮੈਨੂੰ ਗੁੱਲੀ ਮਾਰੀ ਹੈ ਤੇ ਮੁਨਸਬ ਨੇ ਫੜ ਲਿਆ ਗੁਲੀ ਮਾਰਨ ਵਾਲੇ ਨੂੰ, ਬੇਵਕੂਫ਼ਾ, ਨਲਾਇਕਾ, ਜਾਹਿਲਾ ਭਰਾ ਨੂੰ ਗੁੱਲੀ ਮਾਰੀ ਆ, ਚਪੇੜਾਂ ਤਿੰਨ ਮਾਰੀਆਂ। ਸੋਹਣ ਤੇ ਇਸ ਕਰਕੇ ਰੋਂਦਾ ਸੀ, ਕਿਉਂਕਿ ਭਰਾ ਨੇ ਗੁੱਲੀ ਮਾਰੀ ਹੈ ਤੇ ਮੋਹਨ ਇਸ ਕਰਕੇ ਰੋਇਆ, ਕਿਉਂਕਿ ਪਿਉ ਨੇ ਕੁੱਟ ਕੱਢਿਆ। ਮੁਨਸਬ ਦੀ ਮਿਹਰਬਾਨੀ ਨਾਲ ਦੋਵੇਂ ਹੀ ਰੋਂਦੇ ਹਨ ਐਤਵਾਰ ਨੂੰ। ਫਿਰ ਵਿਚਾਰੇ ਕਿਤੇ ਚੁੱਪ ਕਰ ਗਏ। ਹੁਣ ਕਿਤੇ ਮੋਹਨ ਕੋਲੋਂ ਗਲਤੀ ਹੋ ਗਈ ਤੇ ਸੋਹਣ ਰੋਣ ਲੱਗ ਪਿਆ। ਫਿਰ ਪਿਉ ਨੇ ਪੁੱਛਿਆ, "ਕਿਉਂ ਰੋਣਾ ਹੈਂ ਸੋਹਣ?" ਕਹਿੰਦਾ ਮੋਹਨ ਨੇ ਸੋਟਾ ਮਾਰਿਆ ਹੈ ਤੇ ਮੁਨਸਬ ਨੇ ਕੋਲ ਸੱਦ ਲਿਆ ਕਿਹਾ, ਕਿਉਂ ਸੋਟਾ ਮਾਰਿਆ ਈ ਵੱਡੇ ਭਰਾ ਨੂੰ? ਵੱਡਾ ਭਰਾ ਤੇ ਪਿਉ ਵਰਗਾ ਹੁੰਦਾ ਹੈ, ਬੇਵਕੂਫ਼ਾ, ਜਾਹਿਲਾ! ਚਪੇੜਾਂ ਪੰਜ ਮਾਰੀਆਂ ਇਸ ਨੂੰ। ਮੁਨਸਬ ਦੀ ਮਿਹਰਬਾਨੀ ਨਾਲ ਦੋਵੇਂ ਰੋਣ ਲੱਗ ਪਏ। ਪੰਦਰਾਂ ਕੁ ਮਿੰਟਾਂ ਤੱਕ ਰੋ-ਰਾ ਕੇ ਚੁੱਪ ਕਰ ਗਏ। ਔਰ ਇਕ ਭੈਣ ਸੀ ਇਹਨਾਂ ਦੀ, ਉਸ ਦਾ ਨਾਂ ਸੀ ਕੁਸ਼ੱਲਿਆ ਦੇਵੀ। ਕਿਤੇ ਉਸ ਕੋਲੋਂ ਗਲਤੀ ਹੋ ਗਈ ਤੇ ਸੋਹਣ ਤੇ ਮੋਹਨ ਦੋਵੇਂ ਰੋਣ ਲੱਗ ਪਏ। ਫਿਰ ਪਿਉ ਨੇ ਪੁਛਿਆ, "ਕਿਉਂ ਰੋਂਦੇ ਪਏ ਹੋ?"

ਕਹਿੰਦੇ ਭੈਣ ਜੀ ਨੇ ਮਾਰਿਆ ਤੇ ਮੁਨਸਬ ਨੇ ਫੜ ਕੇ ਭੈਣ ਨੂੰ ਚਾਰ-ਪੰਜ ਚਪੇੜਾਂ ਮਾਰੀਆਂ ਬੇਵਕੂਫੇ! ਵਾਹਯਾਤੇ! ਮੇਰੇ ਮਰ ਜਾਣ ਦੇ ਬਾਅਦ ਮੱਸਿਆ, ਸੰਗਰਾਂਦ ਵੈਸਾਖੀ, ਲੋਹੜੀ ਨੂੰ ਇਹਨਾਂ ਭਰਾਵਾਂ ਹੀ ਤੈਨੂੰ ਪੁਜਿਆ ਕਰਨਾ ਹੈ, ਇਹਨਾਂ ਹੀ ਤੈਨੂੰ ਸੂਟ ਦੇਣੇ, ਔਰ ਤੂੰ ਭਰਾਵਾਂ ਨਾਲ ਹੀ ਲੜਨੀ ਹੈਂ! ਸੋਹਣ ਤੇ ਮੋਹਨ ਇਸ ਕਰਕੇ ਰੋਂਦੇ ਪਏ ਨੇ ਕਿਉਂਕਿ ਕੁਸ਼ੱਲਿਆ ਨੇ ਮਾਰਿਆ ਹੈ, ਔਰ ਕੁਸ਼ੱਲਿਆ ਇਸ ਕਰਕੇ ਰੋਂਦੀ ਪਈ ਹੈ ਕਿਉਂਕਿ ਮੁਨਸਬ ਨੇ ਕੁੱਟ ਕੱਢਿਆ ਹੈ। ਇਸ ਲਈ ਸਾਰਾ ਘਰ ਪਿਆ ਹੈ ਕੰਬਣ! ਵਿਚਾਰੀ ਰੋ ਕੇ ਚੁੱਪ ਕਰ ਗਈ। ਹੁਣ ਫੇਰ ਕਿਤੇ ਸੋਹਣ ਕੋਲੋਂ ਗਲਤੀ ਹੋ ਗਈ ਤੇ ਮੋਹਨ ਰੋਣ ਲੱਗ ਪਿਆ ਤੇ ਹੁਣ ਮੁਨਸਬ ਨੇ ਸੋਹਣ ਕੋਲੋਂ ਨਹੀਂ ਪੁਛਿਆ, ਮੋਹਨ ਕੋਲੋਂ ਨਹੀਂ ਪੁੱਛਿਆ, ਕੁਸ਼ੱਲਿਆ ਨੂੰ ਨਹੀਂ ਪੁਛਿਆ ਤੇ ਦੌੜ ਕੇ ਇਹਨਾਂ ਦੀ ਮਾਂ ਕੋਲ ਚਲਾ ਗਿਆ। ਉਸ ਨੂੰ ਫੜ ਕੇ ਉਹਦੀ ਬਾਂਹ ਮਰੋੜ ਕੇ ਤੇ ਹਾਕੀ ਇਸ ਦੇ ਕੋਲ ਸੀ ਤੇ ਇਸ ਨੇ ਚਾਰ-ਪੰਜ ਗਰਮਾ-ਗਰਮ ਜੜ ਦਿੱਤੀਆਂ । ਔਰ ਕਹਿਣ ਲੱਗਾ, "ਬੇਵਕੂਫੇ! ਸਾਰਾ ਹਫ਼ਤਾ ਘਰ ਵਿਚ ਰਹਿਣੀ ਹੈਂ, ਡਬਲ-ਰੋਟੀਆਂ ਮੱਖਣ ਲਾ ਕੇ ਖਾ ਕੇ, ਮੰਜਾ ਤੋੜ ਸੁਟਿਆ ਤੂੰ ਪਾਸੇ ਪਰਤਦੀ-ਪਰਤਦੀ ਨੇ!" ਤੇਰੇ ਕੋਲੋਂ ਔਲਾਦ ਨਾ ਸਾਂਭੀ ਗਈ! ਉਹ ਜਿਸ ਮਾਂ ਨੂੰ ਹਾਕੀਆਂ ਵੱਜਣ ਉਸ ਨੇ ਤੇ ਰੋਣਾ ਹੀ ਹੈ ਨਾ! ਮਾਂ ਤੇ ਇਸ ਕਰਕੇ ਰੋਂਦੀ ਪਈ ਹੈ ਕਿਉਂਕਿ ਹਾਕੀਆਂ ਵੱਜੀਆਂ ਨੇ, ਔਰ ਧੀਆਂ-ਪੁੱਤ ਇਸ ਕਰਕੇ ਰੋਂਦੇ ਪਏ ਨੇ ਕਿਉਂਕਿ ਮੁਨਸਬ ਨੇ ਫਿਰ ਮਾਰਨਾ ਹੈ। ਐਤਵਾਰ ਵਾਲੇ ਦਿਨ ਸਾਰੇ ਘਰ ਦੀਆਂ ਕੰਧਾਂ ਕੰਬਦੀਆਂ ਨੇ ਮੁਨਸਬ ਦੀ ਮਿਹਰਬਾਨੀ ਨਾਲ। ਔਰ ਮਾਂ ਸਾਰਾ ਹਫ਼ਤਾ ਘਰ ਵਿਚ ਰਹਿੰਦੀ ਹੈ, "ਦਿਆਲੂ ਮਾਂ ਬਣ ਕੇ"। ਉਸ ਦੇ ਹੁੰਦਿਆਂ ਵੀ ਸੋਹਣ ਤੇ ਮੋਹਨ ਲੜਦੇ ਈ ਹੈ ਨਾ! ਸੋਹਣ ਕੋਲੋਂ ਗਲਤੀ ਹੋ ਗਈ ਤੇ ਮੋਹਨ ਰੋ ਪਿਆ, ਮਾਂ ਨੇ ਕਲੇਜੇ ਨਾਲ ਲਾਇਆ ਤੇ ਕਿਹਾ, "ਮੇਰਾ ਬੇਟਾ ਮੋਹਣ! ਕਿਉਂ ਰੋਇਆ ਹੈਂ?" ਮਾਂ ਜੀ, ਮੈਨੂੰ ਸੋਹਣ ਨੇ ਮਾਰਿਆ ਹੈ ਤੇ ਕੱਢ ਕੇ ਦਸ ਪੈਸੇ ਕਹਿਣ ਲੱਗੀ ਲੈ, ਏਸ ਦਰਵਾਜ਼ੇ ਨਿਕਲ ਜਾ, ਲੈ ਕੇ ਲੱਡੂ ਖਾ ਲਈ ਤੇ ਮੈਂ ਮੋਹਨ ਨੂੰ ਧੇਲਾ ਨਹੀਂ ਦੇਣਾ ਬੜਾ ਬੇਵਕੂਫ ਹੈ ਉਹ! ਸੋਹਣ ਏਸ ਦਰਵਾਜ਼ਿਓਂ ਲੱਡੂ ਲੈਣ ਲਈ ਨਿਕਲ ਗਿਆ ਤੇ ਮੋਹਨ ਨੂੰ ਵੀ ਦੇ ਦਿੱਤੇ ਪੈਸੇ ਔਰ ਕਿਹਾ, ਤੂੰ ਉਸ ਦਰਵਾਜ਼ਿਓਂ ਨਿਕਲ ਜਾ ਔਰ ਤੂੰ ਵੀ ਲੱਡੂ ਲੈ ਲਈ। ਸਾਰਾ ਹਫ਼ਤਾ ਕੁਕੜੀ ਦੇ ਬੱਚਿਆਂ ਵਾਂਗੂੰ ਮਾਂ ਆਪਣੀ ਔਲਾਦ ਨੂੰ ਸਾਂਭ-ਸਾਂਭ ਕੇ ਰੱਖਦੀ ਹੈ। ਔਰ ਮੁਨਸਬ ਇਕ ਦਿਨ ਘਰ ਵਿਚ ਰਹਿ ਜਾਏ ਤੇ ਕੰਧਾਂ ਕੰਬਣ ਲੱਗ ਪੈਂਦੀਆਂ ਨੇ। ਇਸ ਲਈ ਤਾਂ ਮੇਰਾ "ਗੁਰੂ ਗ੍ਰੰਥ ਸਾਹਿਬ" ਕਹਿੰਦਾ ਹੈ ਕਿ ਰੱਬ ਨੂੰ ਮੁਨਸਬ ਜਾਣ ਕੇ ਨਾ ਪੂਜਿਓ, ਬਲਕਿ ਰੱਬ ਨੂੰ 'ਮਾਂ' ਵਰਗਾ ਦਿਆਲੂ ਜਾਣ ਕੇ ਪੂਜਿਓ!

*"ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"*

*ਕਹਿੰਦੇ ਨੇ ਐ ਮੇਰੇ ਵਾਹਿਗੁਰੂ !*

"ਸੁਤ ਅਪਰਾਧ ਕਰਤ ਹੈ ਜੇਤੇ--।"

ਜਿੰਨੇ ਗੁਨਾਹ ਬੇਟਾ ਕਰਦਾ ਹੈ, ਔਰ ਮਾਂ ਗਈ ਹੋਏ ਵਿਆਹ ਤੇ ਥਾਲ ਭਰਿਆ ਹੋਇਆ ਆ ਜਾਏ ਅੱਗੇ ਤੇ ਇਹ ਲੱਗੇ ਖਾਣ ਔਰ ਪੁੱਤਰ ਕਰ ਦੇਵੇ ਪੇਸ਼ਾਬ ਥਾਲ ਦੇ ਵਿੱਚ ਤਾਂ ਮਾਂ ਰਗਾਂ ਤੇ ਨਹੀਂ ਨਾ ਘੁੱਟ ਦਿੰਦੀ। ਦਿਆਲੂ ਮਾਂ ਹੈ, ਇਸ ਲਈ ਥਾਲ ਬਦਲ ਲੈਂਦੀ ਹੈ, ਸੂਟ ਬਦਲ ਲੈਂਦੀ ਹੈ, ਪੁੱਤਰ ਦਾ ਸੂਟ ਬਦਲ ਦਿੰਦੀ ਹੈ। ਔਰ ਕਹਿੰਦੀ ਹੈ ਨਾਦਾਨ ਹੈ, ਅਣਜਾਨ ਹੈ, ਪਰ ਜਦੋਂ ਵੱਡਾ ਹੋਵੇਗਾ ਇਸ ਨੇ ਬੜੇ ਸੋਹਣੇ-ਸੋਹਣੇ ਸੂਟ ਲਿਆਉਣੇ ਨੇ ਮੇਰੇ ਲਈ।

"ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ ਨ ਰਾਖਸਿ ਤੇਤੇ॥ (ਪੰਨਾ ੪੭੮)

ਔਰ ਫਿਰ ਰੱਬ ਅੱਗੇ ਫਰਿਆਦ ਕੀਤੀ :-

ਰਾਮਈਆ ਹਉ ਬਾਰਿਕੁ ਤੇਰਾ॥

ਅਰਥਾਤ, ਮੇਰੇ ਵਾਹਿਗੁਰੂ ਤੂੰ ਮੇਰੀ ਮਾਂ ਹੈਂ, ਮੈਂ ਤੇਰਾ ਬੱਚੂ ਹਾਂ। ਇੱਕ ਦੁਨੀਆਂ ਦੀ ਮਾਂ ਆਪਣੇ ਪੁੱਤਰ ਦੇ ਹਜ਼ਾਰਾਂ ਗੁਣਾਹ ਮਾਫ ਕਰ ਦਿੰਦੀ ਹੈ। ਮੇਰੀ ਸੱਚੀ ਮਾਂ ਮੇਰੇ ਵਾਹਿਗੁਰੂ!

ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨ ਖੰਡਸਿ ਅਵਗਨੁ ਮੇਰਾ॥

"ਮਾਨ ਸਿੰਘ ਜੀ ਝੌਰ" ਦਸੱਦੇ ਹਨ ਕਿ ਮੈਂ ਇਕ ਛੋਟੀ ਜਿਹੀ ਕਿਤਾਬ ਲਿਖੀ ਹੈ ਚੌਥੇ ਨੰਬਰ ਦੀ, ਉਸ ਵਿੱਚ ਮੈਂ ਇਕ ਗੀਤ ਲਿਖਿਆ ਹੈ ਜੋ ਕਿ ਇਸ ਵੇਲੇ ਨਾਲ ਢੁੱਕਦਾ ਹੈ :-

"ਵੇ ਅਰਸ਼ੀਂ ਚੰਨਾਂ ਚਮਕਦਿਆ,
ਘਰ ਮੇਰੇ ਚਾਨਣ ਪਾ ਜਾਵੀਂ-----,
ਮੁਦਤਾਂ ਤੋਂ ਹੈ ਹਨੇਰ ਗਿਆ,
ਕੋਈ ਜੋਤ ਇਲਾਹੀ ਜਗਾ ਜਾਵੀਂ।
ਮੇਰੇ ਸੱਧਰ ਸੁੰਦਰਾਂ ਦੇ ਬੂਟੇ ਨੂੰ,
ਕੋਈ ਫੱਲ ਅਨੋਖਾ ਲਾ ਜਾਵੀਂ।
ਮੁਦਤਾਂ ਦੀ ਪਤਝੜ ਹੋ ਗਈ ਹੈ,
ਆ ਫੇਰ ਬਹਾਰ ਬਣਾ ਜਾਵੀਂ---
ਭੁੱਲ ਗਿਆ ਏਂ, ਭੁਲਣਹਾਰ ਜੋ ਸੀ,
ਉਹ ਪਰਮ ਪਿਤਾ ਸਮਝਾ ਜਾਵੀਂ।"

ਐ ਪਰਮ ਪਿਤਾ ਮੇਰੇ ਵਾਹਿਗੁਰੂ! ਮੈਂ ਭੁਲਣਹਾਰ ਭੁੱਲ ਗਿਆ ਹਾਂ, ਮੈਨੂੰ ਸਮਝਾ ਦੇ, ਪਾ ਦੇ ਸਿੱਧੇ ਰਾਹ, ਕਰ ਮੇਰੇ ਉਤੇ ਦਇਆ! ਸਾਹਿਬ ਕਹਿਣ ਲੱਗੇ, ਮਾਫ ਕਰ ਦੇਵਾਂਗਾ, ਕਿਉਂਕਿ ਮੇਰੇ ਵੱਡੇ-ਵਡੇਰੇ ਮੇਰੇ ਲਈ ਲਿਖ ਗਏ ਨੇ ਹਜ਼ਾਰਾਂ ਰੁਪਇਆ ਦਾ ਪਹਿਨਿਆ

ਹੋਇਆ ਜਾਮਾ, ਉਹਦੇ ਵੱਲ ਸਰਕਾਰੇ ਆਲਮ ਨੇ ਨਹੀਂ ਵੇਖਿਆ। ਲਹੂ ਮਿੱਝ ਦੀ ਧਰਤੀ ਵਿੱਚ ਬੈਠ ਗਏ, ਚੌਂਕੜਾ ਮਾਰ ਲਿਆ ਤੇ ਇੱਕ ਸਿੱਖ ਦਾ ਸਿਰ ਚੁੱਕਿਆ, ਗੋਦ ਵਿਚ ਰਖਿਆ ਤੇ ਮੂੰਹ ਤੇ ਹੱਥ ਰੱਖ ਕੇ ਵੇਖਿਆ ਤਾਂ ਅੰਦਰੋਂ ਕੋਈ ਗਰਮ ਹਵਾ ਨਾ ਆਈ ਤੇ ਸਰਕਾਰ ਕਹਿਣ ਲੱਗੇ ਮਰ ਗਿਆ, ਸ਼ਹੀਦ ਨਹੀਂ ਆਖਿਆ ਬੱਸ ਕਹਿਣ ਲੱਗੇ ਮਰ ਗਿਆ। ਮੋਏ ਹੋਏ ਨੂੰ ਵੇਖ ਕੇ ਕਹਿਣ ਲੱਗੇ, ਮੇਰਾ ਪੰਜ ਹਜ਼ਾਰੀ, ਦੂਜੇ ਨੂੰ ਵੇਖਿਆ ਤੇ ਕਹਿਣ ਲੱਗੇ, ਮੇਰਾ ਦਸ ਹਜ਼ਾਰੀ ਤੇ ਤੀਜੇ ਨੂੰ ਵੇਖਿਆ ਮੁਰਦਾ ਤੇ ਕਹਿਣ ਲੱਗੇ ਮੇਰਾ ਪੰਦਰਾਂ ਹਜ਼ਾਰੀ। ਰੁਤਬੇ ਦਿੰਦੇ-ਦਿੰਦੇ ਭਾਈ ਮਹਾਂ ਸਿੰਘ ਦੇ ਕੋਲ ਚਲੇ ਗਏ ਤੇ ਸਿਰ ਉਸ ਦਾ ਗੋਦ ਵਿਚ ਰੱਖ ਲਿਆ। ਮੂੰਹ ਤੇ ਹੱਥ ਰੱਖ ਕੇ ਵੇਖਿਆ ਤਾਂ ਅੰਦਰੋਂ ਗਰਮ ਹਵਾ ਆਈ ਤੇ ਸਾਹਿਬ ਅਨੁਭਵ ਕਰ ਗਏ ਕਿ ਜੀਉਂਦਾ ਹੈ। ਮਹਾਂ ਸਿੰਘ ਨੂੰ ਜੀਉਂਦਿਆਂ ਜਾਣ ਕੇ ਕਹਿਣ ਲੱਗੇ, "ਮਹਾਂ ਸਿੰਘਾ! ਤੂੰ ਮਰ ਚੱਲਿਆ, ਤੂੰ ਦੁਨੀਆਂ ਛੱਡ ਚੱਲਿਆ, ਇਹਨਾਂ ਦੀਦਿਆਂ ਨਾਲ ਤੂੰ ਮੁੜ ਕੇ ਜਹਾਨ ਨਹੀਂ ਵੇਖਣਾ। ਇਹ ਤੇਰੀਆਂ ਅੱਖੀਆਂ ਦੇ ਚਿਰਾਗ ਸਦਾ ਵਾਸਤੇ ਬੁੱਝ ਚੱਲੇ ਨੇ। ਉਹ ਮਹਾਂ ਸਿੰਘਾ, ਮੇਰੇ ਪਿਆਰਿਆ ਮਹਾਂ ਸਿੰਘਾ, ਮੈਂ ਤੇਰੇ ਨਾਲ ਬੜਾ ਪਿਆਰ ਕੀਤਾ ਹੈ, ਤੇਰੀ ਕੋਈ ਆਖਰੀ ਸੱਧਰ ਤੇ ਨਹੀਂ, ਤੇਰੀ ਕੋਈ ਆਖ਼ਰੀ ਤਮੰਨਾ ਤੇ ਨਹੀਂ, ਤੇਰੀ ਕੋਈ ਆਖ਼ਰੀ ਰੀਝ ਤੇ ਨਹੀਂ! ਅਗਰ ਤੇਰੀ ਕੋਈ ਆਖ਼ਰੀ ਰੀਝ ਹੈ ਤਾਂ ਮੈਨੂੰ ਦੱਸ, ਉਹ ਮੈਂ ਤੇਰੀ ਰੀਝ ਪੂਰੀ ਕਰਕੇ ਤੈਨੂੰ ਇਤਮੀਨਾਨ ਨਾਲ ਇਥੋਂ ਭੇਜਾਂ, ਹਾਵੇ-ਹੌਕੇ ਮਾਰਦਾ ਨਾ ਜਾਈਂ।" ਔਰ ਮਹਾਂ ਸਿੰਘ ਦਾ ਲਹੂ ਵੱਗ ਚੁੱਕਾ ਹੋਇਆ ਸੀ, ਬੇਹੋਸ਼ੀ ਵਿੱਚ ਸੀ ਤੇ ਮਹਾਂ ਸਿੰਘ ਨੇ ਪਹਿਚਾਣਿਆ ਨਹੀਂ ਕਿ ਮੇਰੇ ਨਾਲ ਕੌਣ ਗੱਲਾਂ ਪਿਆ ਕਰਦਾ। ਅਵਾਜ਼ ਸੁਣੀ ਤੇ ਜਿੰਨਾ-ਕੁ ਬਲ ਕਾਂਇਆਂ ਵਿਚ ਹੈਗਾ ਸੀ ਉਨੇ-ਕੁ ਬਲ ਨਾਲ ਬੋਲੇ, ਮੇਰੀ ਆਖ਼ਰੀ ਤਮੰਨਾ ਪੂਰੀ ਕਰਨ ਵਾਲੇ ਦਇਆ ਦੇ ਪੁਤਲਿਆ! ਮੇਰੀ ਆਖ਼ਰੀ ਰੀਝ ਪੂਰੀ ਕਰਨ ਵਾਲੇ ਪਰਉਪਕਾਰੀਆ! ਜੇ ਤੂੰ ਮੇਰੀ ਆਖ਼ਰੀ ਰੀਝ ਪੂਰੀ ਕਰਨ ਲਈ ਆ ਗਿਆ ਹੈਂ ਨਾ ਤੇ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਓ---, ਰੇਤ ਦੇ ਟਿੱਲੇ ਉੱਤੇ ਗੁਜਰੀ ਦਾ ਦੁਲਾਰਾ, ਸਾਹਿਬ ਸੱਚਾ ਪਾਤਿਸ਼ਾਹ "ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ" ਬੈਠਾ ਈ----, ਜਾ ਉਹਨੂੰ ਜਾ ਕੇ ਕਹਿ ਦੇ ਮੇਰੇ ਵਲੋਂ ਕਿ ਮਹਾਂ ਸਿੰਘ ਮਰ ਚੱਲਿਆ ਹੈ, ਮਹਾਂ ਸਿੰਘ ਸਦਾ ਦੀ ਨੀਂਦ ਸੌਂ ਚੱਲਿਆ ਹੈ। ਉਹ ਮਰਨ ਤੋਂ ਪਹਿਲਾਂ ਇਕ ਵਾਰੀ ਤੇਰੇ ਦਰਸ਼ਨ ਕਰਨੇ ਚਾਹੁੰਦਾ ਹੈ। ਉਸ ਦੇ ਸਾਰੇ ਜਿਸਮ ਚੋਂ ਜਾਨ ਨਿਕਲ ਕੇ, ਅੱਖਾਂ ਵਿੱਚ ਤਾਂਘ ਦਾ ਰੂਪ ਬਣ ਕੇ ਖਲੋਤੀ ਹੋਈ ਹੈ। ਉਹ ਕਹਿੰਦਾ ਮੈਨੂੰ ਆਖਿਰ ਵੇਲੇ ਆ ਕੇ ਮਿਲ ਜਾ।

*"ਜਿੰਦ ਰੋਕੀ ਨੈਣੀਂ ਮੈਂ ਵਾਸਤੇ ਤੇਰੇ।*
*ਜੇ ਆਉਣਾ ਈ ਤਾਂ ਅੱਟਕੇ, ਨਹੀਂ ਤਾਂ ਜਾ ਅਗੇਰੇ।"*

ਮੇਰੇ ਵਲੋਂ ਜਾ ਕੇ ਕਹਿ ਕੇ ਕਿ ਮਹਾਂ ਸਿੰਘ ਕਹਿੰਦਾ, ਮੈਂ ਤੇਰੇ ਦਰਸ਼ਨਾਂ ਵਾਸਤੇ ਜਿੰਦ ਅੱਖਾਂ ਵਿਚ ਤਾਂਘ ਦਾ ਰੂਪ ਬਣਾ ਕੇ ਰੋਕੀ ਹੋਈ ਹੈ। ਜੇ ਆਉਣਾ ਹੀ ਤਾਂ ਖਲੋਤੀ ਰਵੇ ਨਹੀਂ

ਤਾਂ ਚਲੇ ਜਾਏ। ਗਰੀਬ-ਨਿਵਾਜ਼ ਨੇ ਜਾਣਿਆ ਕਿ ਮਹਾਂ ਸਿੰਘ ਨੇ ਮੈਨੂੰ ਪਹਿਚਾਣਿਆ ਨਹੀਂ। ਆਪਣੀ ਕੱਪੜੇ ਦੀ ਮਸ਼ਕ ਵਿਚੋਂ ਪਾਣੀ ਕੱਢਿਆ, ਮਹਾਂ ਸਿੰਘ ਦਾ ਮੂੰਹ ਧੋਤਾ, ਮਹਾਂ ਸਿੰਘ ਦੇ ਹੱਲਕ ਵਿਚ, ਗਲ ਵਿਚ ਪਾਣੀ ਪਾਇਆ। ਪਾਣੀ ਦੇ ਸਪਰਸ਼ ਨਾਲ ਜਦ ਮਹਾਂ ਸਿੰਘ ਦੇ ਨੇਤਰ ਖੁੱਲ੍ਹੇ ਤਾਂ ਉਹ ਹੈਰਾਨ ਪਰੇਸ਼ਾਨ ਰਹਿ ਗਿਆ ਕਿ ਜਿਹੜੇ "ਗੁਰੂ ਗੋਬਿੰਦ ਸਿੰਘ ਸਾਹਿਬ" ਨੂੰ ਕਿਸੇ ਰੇਤ ਦੇ ਟਿੱਲੇ ਉੱਤੇ ਬੈਠਾ ਹੋਇਆ ਵੇਖਿਆ ਸੀ, ਉਸੇ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੋਦ ਵਿੱਚ ਮਹਾਂ ਸਿੰਘ ਨੇ ਆਪਣਾ ਸਿਰ ਵੇਖਿਆ, ਉਸ ਪਿਆਰੇ ਗੁਰੂ ਦਾ ਪਿਆਰ ਭਰਿਆ ਹੱਥ ਸਿਰ ਤੇ ਫਿਰਦਾ ਵੇਖਿਆ। ਜਿੰਨੇ ਵੀ ਬੈਠੇ ਹੋ ਜ਼ਰਾ-ਕੁ ਗੂੰਜ ਪਾਇਓ ਨਾਲ :

*"ਐਸਾ ਗੁਰੁ ਵਡਭਾਗੀ ਪਾਇਆ॥*
*ਐਸਾ ਗੁਰੁ ਵਡਭਾਗੀ ਪਾਇਆ॥"*

ਝੱਟ ਨੇਤਰ ਬੰਦ ਕਰ ਲਏ, ਖਿੜਕੀਆਂ ਬੰਦ ਹੋ ਗਈਆਂ ਅੱਖਾਂ ਦੀਆਂ ਤੇ ਸਾਹਿਬ "ਗੁਰੂ ਗੋਬਿੰਦ ਸਿੰਘ" ਕਹਿਣ ਲੱਗੇ, ਮਹਾਂ ਸਿੰਘਾ! ਤੂੰ ਤਾਂ ਦਰਸ਼ਨਾਂ ਦਾ ਪਿਆਸਾ ਸੀ ਔਰ ਜੇ ਦਰਸ਼ਨਾਂ ਦਾ ਵੇਲਾ ਆਇਆ ਹੈ ਤੇ ਦਰਸ਼ਨ ਰੱਜ ਕੇ ਕਿਉਂ ਨਹੀਂ ਕੀਤੇ? ਅੱਖਾਂ ਦੇ ਦਰਵਾਜ਼ੇ ਬੰਦ ਕਿਉਂ ਕਰ ਲਏ ਤੇ ਮਹਾਂ ਸਿੰਘ ਨੇ ਜ਼ਿੰਦਗੀ ਜਿੰਨਾ ਲੰਬਾ ਹੌਕਾ ਭਰ ਕੇ ਆਖਿਆ, "ਸਾਹਿਬ! ਮੈਂ ਅੱਖਾਂ ਆਪ ਤੇ ਨਹੀਂ ਬੰਦ ਕੀਤੀਆਂ ਮੈਂ ਆਪਣੀਆਂ ਪਲੱਕਾਂ ਨੂੰ ਆਪ ਤੇ ਨਹੀਂ ਹੇਠਾਂ ਸੁਟਿਆ ਫਿਰ ਕੀ ਹੋਇਆ? ਮਹਾਂ ਸਿੰਘ ਕਹਿਣ ਲੱਗਾ, "ਕਿ ਇਹ ਨਿਰਲਜ ਅੱਖਾਂ, ਇਹ ਬੇਸ਼ਰਮ ਅੱਖਾਂ, ਜਿਨ੍ਹਾਂ ਦਾ ਤੇਰੇ ਤੋਂ ਸਿਦਕ ਟੁੱਟ ਗਿਆ, ਜਿਨ੍ਹਾਂ ਨੇ ਤੈਨੂੰ ਬੇਦਾਵਾ ਲਿਖ ਦਿੱਤਾ, ਜਿਹੜੀਆਂ ਤੇਰੀਆਂ ਨਾ ਰਹੀਆਂ। ਇਹ ਅੱਖਾਂ ਲੱਜਾ ਤੇ ਸ਼ਰਮ ਦੀਆਂ ਮਾਰੀਆਂ ਆਪੇ ਹੀ ਬੰਦ ਹੋ ਗਈਆਂ, ਇਨ੍ਹਾਂ ਦੇ ਦਰਵਾਜ਼ੇ ਆਪੇ ਹੀ ਬੰਦ ਹੋ ਗਏ।" ਸਾਹਿਬਾਂ ਨੇ ਆਖਿਆ, ਮਹਾਂ ਸਿੰਘ! ਫਿਰ ਕੋਈ ਤਮੰਨਾ ਹੀ ਤਾਂ ਦੱਸ, ਆਪਣੀ ਕੋਈ ਆਖ਼ਰੀ ਇੱਛਾ ਈ ਦੱਸ! ਕੋਈ ਆਖਰੀ ਰੀਝ ਈ ਦੱਸ ਮੈਂ ਪੂਰੀ ਕਰ ਦਿਆਂ, ਤਾਂਕਿ ਤੂੰ ਕਲਪਦਾ ਨਾ ਜਾਏਂ। ਦੂਜੀ ਵਾਰੀ ਸਾਹਿਬਾਂ ਦਾ ਹੁਕਮ ਸੁਣ ਕੇ ਮਹਾਂ ਸਿੰਘ ਗੁਰੂ ਦੀ ਗੋਦ ਵਿਚ ਪਿਆ-ਪਿਆ ਬੋਲਿਆ :

*"ਦੇਖ ਸਰਹਾਨੇ ਤੈਨੂੰ,*
*ਭਾਰੇ ਭਈ ਅਕ੍ਰਿਤਘਣ।*
*ਮੰਦੇ ਅਸੀਂ ਹਾਂ ਪਿਆਰਿਆ---*
*ਭੁੱਲ ਕੇ ਭੁਲਾਈਆਂ ਤੇਰੀਆਂ---*
*ਤੈਨੂੰ ਮਨੋਂ ਵਿਸਾਰਿਆ।*
*ਪਰ ਭੁੱਲਾ ਹੋਇਆ ਪ੍ਰਭਾਤ ਦਾ,*

*ਘਰ ਆ ਜਾਏ ਜੇ ਰਾਤ ਨੂੰ,*
*ਤਾਂ ਭੁੱਲਾ ਹੋਇਆ ਨਹੀਂ ਜਾਪਦਾ।*
*ਹੁਣ ਬੁੱਲ੍ਹ ਨਹੀਂ ਖੁਲ੍ਹਣ ਹੋਵੰਦਾ,*
*ਇਹ ਹੱਥ ਭੈੜੇ ਚੰਦਰੇ।*
*ਜਿਨ੍ਹਾਂ ਬੇਦਾਵਾ ਲਿਖਿਆ,*
*ਜੁੜੇ ਹੋਏ ਨਹੀਂ ਖੁਲ੍ਹਦੇ*
*ਮੰਗਣ ਲਈ ਤੇਰੇ ਤੋਂ ਭਿੱਖਿਆ।"*

ਓ ਰਾਜ-ਜੋਗੀ ਮਾਲਿਕਾ! ਓ ਨਿਰਧਨਾਂ ਦੇ ਪਾਲਕਾ ਬੱਸ ਫਾੜ ਦੇ ਦਾਤਾ, ਬੇਦਾਵਾ ਫਾੜ ਦੇ।

*"ਨਾਦਾਨ ਸਾਂ, ਇਨਸਾਨ ਸਾਂ,*
*ਨਾ ਤੇਰੇ ਵਾਂਗੂੰ ਪ੍ਰੀਤਮਾ---*
*ਬਲਵਾਨ ਸਾਂ, ਭਗਵਾਨ ਸਾਂ।*
*ਬੱਸ ਹੁਣ ਆਸ ਪੂਰੀ ਹੋ ਗਈ,*
*ਦਰਸ਼ਨਾਂ ਦੀਆਂ ਤਾਂਘਾਂ ਮੁਕੀਆਂ।*
*ਪ੍ਰੀਤਮ ਦੇ ਕੰਨੀ ਆਵਾਜ਼ ਪਹੁੰਚੀ,*
*ਮਿਲ ਗਈਆਂ ਸਭ ਮੁਕਤੀਆਂ।*
*ਬੱਸ ਆਸ ਨਹੀਂ ਹੁਣ ਹੋਰ ਦੀ,*
*ਇਕੋ ਤਮੰਨਾ ਰਹਿ ਗਈ---।*
*ਮਰਦੇ ਹੋਏ ਹਾਂ ਕਹਿ ਰਹੀ,*
*ਹੁਣ ਛੱਡ ਪਾਣੀ ਛਿਣਕਣਾ।*
*ਜੀਉਣਾ ਮੇਰਾ ਬੇਸੂਦ ਹੈ,*
*ਫਾੜ ਦੇ ਲਿਖਿਆ ਬੇਦਾਵਾ,*
*ਰੂਹ ਮੇਰੀ ਮੌਜੂਦ ਹੈ।"*

ਇਹ ਕਹਿ ਕੇ ਮਹਾਂ ਸਿੰਘ "ਗੁਰੂ ਗੋਬਿੰਦ ਸਿੰਘ ਜੀ" ਨੂੰ ਅੱਗੇ ਕਹਿਣ ਲੱਗਾ ਕਿ:-

*ਹੁਣ ਆਖਰੀ ਅਰਦਾਸ ਹੈ,*
*ਜੇ ਰਹਿ ਗਿਆ ਕੋਈ ਸਵਾਸ ਹੈ।*
*ਉਹ ਨਿਕਲੇ ਤੇਰੀ ਝੋਲੀ ਦੇ ਵਿੱਚ,*
*ਖੂਨਾਂ ਦੀ ਖੇਡੀ ਹੋਲੀ ਦੇ ਵਿੱਚ।*
*ਇਹ ਸੀਸ ਮੇਰਾ ਦਾਤਿਆ---।*

SIKHBOOKCLUB.COM

*ਚਰਨੀਂ ਤੇਰੀ ਝੁਕਿਆ ਰਹੇ।*
*ਵੀਰਾਂ ਦਾ ਕੀਤਾ ਐਬ ਦਾਤਾ--*
*ਇਸ ਤੱਲੇ ਲੁੱਕਿਆ ਰਹੇ।*
*ਇਹ ਮੁਕਤਸਰ ਦੀ ਕਰਬਲਾ,*
*ਦੁਨੀਆਂ ਭੁਲਾ ਸਕੇਗੀ ਨਾ।*
*ਗਾ-ਗਾ ਕੇ ਤੇਰੇ ਕਾਰਨਾਮੇ,*
*ਵੀਨਾ ਕਦੇ ਥੱਕੇਗੀ ਨਾ।*
*ਇਹ ਕਹਿੰਦੇ-ਕਹਿੰਦੇ ਰੁੱਕ ਗਿਆ,*
*ਦਸ਼ਮੇਸ਼ ਦਾ ਉਹ ਲਾਲ ਸੀ।*
*ਟੁੱਟੀ ਨੂੰ ਗੰਢਣ ਵਾਲੜਾ,*
*ਪ੍ਰੀਤਮ ਵੀ ਉਦੋਂ ਨਾਲ ਸੀ।"*

ਕਹਿੰਦਿਆਂ-ਕਹਿੰਦਿਆਂ ਕਹਿ ਕੇ ਮਹਾਂ ਸਿੰਘ ਚੁੱਪ ਹੋ ਗਿਆ ਤੇ ਟੁੱਟੀਆਂ ਗੰਢਣ ਵਾਲਾ, ਸਰਗੁਣ ਰੂਪ ਧਾਰ ਕੇ "ਗੁਰੂ ਗੋਬਿੰਦ ਸਿੰਘ" ਨਾਮ ਰਖਵਾ ਕੇ ਆਇਆ ਹੋਇਆ, ਜਿਸ ਨੂੰ ਬਾਪੂ ਪੰਜਵਾਂ ਇਹ ਗੱਲ ਕਹਿੰਦਾ ਹੈ :-

*"ਟੂਟੀ ਗਾਢਣਹਾਰ ਗੋਪਾਲ" ਟੂਟੀ ਗਾਢਣਹਾਰ ਗੋਪਾਲ॥* (ਪੰਨਾ ੨੮੨)

ਆਖਦਾ ਮਾਫ਼ ਕਰ ਦਿਓ ਮੇਰੇ ਸਾਥੀਆਂ ਨੂੰ, ਫਾੜ ਦਿਓ ਬੇਦਾਵਾ। ਸਾਹਿਬ ਨੇ ਕਮਰ-ਕੱਸੇ ਵਿਚੋਂ ਬੇਦਾਵੇ ਦਾ ਕਾਗਜ਼ ਕੱਢ ਕੇ ਆਖਿਆ, ਮਹਾਂ ਸਿੰਘਾ ! ਮੈਂ ਅਨੰਦਪੁਰ ਛੱਡ ਆਇਆਂ ਹਾਂ, ਪਿਆਰੀ ਮਾਂ ਮੇਰੀ ਵਿੱਛੜ ਗਈ, ਮੇਰੇ ਪੁੱਤਰ ਵਿੱਛੜ ਗਏ, ਪਿਆਰਾ ਪੰਥ ਮੇਰਾ ਵਿੱਛੜ ਗਿਆ। ਮਹਾਂ ਸਿੰਘਾ, ਮੈਂ ਸਭ ਕੁਝ ਛੱਡ ਕੇ ਆ ਗਿਆ ਹਾਂ, ਲੱਖਾਂ ਰੁਪਏ ਦੌਲਤ ਛੱਡ ਕੇ ਮੈਂ ਆਨੰਦਪੁਰ ਆ ਗਿਆ ਹਾਂ, ਪਰ ਮਹਾਂ ਸਿੰਘ, ਤੇਰਾ ਲਿਖਿਆ ਹੋਇਆ ਬੇਦਾਵਾ ਨਹੀਂ ਮੈਂ ਛੱਡ ਕੇ ਆਇਆ ਹਾਂ। ਆਹ ਵੇਖ ਨਾ, ਉਹੀ ਕਾਗਜ਼ ਹੈ ਨਾ ਤੇ ਮਹਾਂ ਸਿੰਘ ਦੀ ਚੀਖ ਨਿਕਲ ਗਈ ਕਿ ਦਾਤਾ ਇਹਦੇ ਅੱਖਰ ਨਾ ਵਿਖਾ, ਇਹਦੇ ਅੱਖਰ ਕਰੁੰਡੀਏ ਸੱਪ ਬਣ ਕੇ ਮੈਨੂੰ ਡੰਗਦੇ ਨੇ, ਇਸਦੇ ਅੱਖਰ ਪਹਾੜੀਏ ਬਿੱਛੂ ਬਣ ਕੇ ਡੰਗ ਮਾਰਦੇ ਨੇ, ਇਹਦੇ ਅਖੱਰ ਨਾ ਤਰੀ ਜਾਣ ਵਾਲੀ ਨਦੀ ਵਾਂਗੂੰ ਵੱਲ ਪਾ-ਪਾ ਕੇ ਨਜ਼ਰ ਆ ਰਹੇ ਨੇ। ਮਹਾਰਾਜ! ਮੇਰੇ ਤੇ ਦਇਆ ਕਰ ਦੇ, ਮੇਰੇ 'ਤੇ ਤਰੁੱਠ ਪਵੋ, ਮੇਰੇ ਤੇ ਰੀਝ ਪਵੋ, ਮੇਰੇ ਸਾਥੀਆਂ ਨੂੰ ਮਾਫ ਕਰਦੇ, ਸਾਂਈ ਬੇਦਾਵਾ ਫਾੜ ਦੇ। ਇਹ ਸੁਣ ਕੇ ਗਰੀਬ-ਨਿਵਾਜ਼ ਨੇ ਬੇਦਾਵਾ ਫਾੜਿਆ, ਉਹਦੇ ਪੁਰਜੇ ਖਿਲਾਰ ਦਿਤੇ, ਜਿਥੇ ਅੱਜ-ਕੱਲ੍ਹ ਗੁਰਦੁਆਰਾ "ਮੁਕਤਸਰ ਸਾਹਿਬ" ਹੈ।

"ਮਾਨ ਸਿੰਘ ਜੀ ਝੌਰ" ਕਹਿੰਦੇ ਹਨ ਬੜਾ ਸੁੰਦਰ ਮੰਦਿਰ ਹੈ, ਜਿਥੇ ਮੈਂ ਕਈ ਵਾਰੀ

ਗਿਆ ਹਾਂ। ਗੁਰੂ ਕੇ ਸਿੱਖੋ! ਸਾਹਿਬਾਂ ਨੇ ਮਹਾਂ ਸਿੰਘ ਨੂੰ ਕਲੇਜੇ ਨਾਲ ਲਾ ਲਿਆ। ਜਿਹੜੇ ਸ਼ਹੀਦ ਮੁੜ ਕੇ ਆਏ ਸੀ ਕਿ ਸਾਨੂੰ "ਸ਼ਹੀਦ ਗੰਜ" ਵਿਚ ਥਾਂ ਨਹੀਂ ਦਿੰਦਾ ਕੋਈ, ਇਹ ਕਾਫਲਾ ਫਿਰ ਸ਼ਹੀਦ ਗੰਜ ਤੁਰ ਪਿਆ। ਮੇਰੇ ਸ਼ਹੀਦ ਗੰਜ ਵਿੱਚ ਪਹਿਲੇ ਸ਼ਹੀਦ ਮੌਜੂਦ ਸਨ, ਜਿਨ੍ਹਾਂ ਨੂੰ ਲੈਣ ਲਈ ਆਏ ਸ਼ਹੀਦ ਗੰਜ ਦੇ ਸ਼ਹੀਦ, ਮਾਤ-ਲੋਕ ਦੇ ਸ਼ਹੀਦ। ਇਹ ਦੋਹਾਂ ਵਲੋਂ ਆਵਾਜ਼ ਆ ਰਹੀ ਸੀ :

*"ਐਸਾ ਗੁਰੁ ਵਡਭਾਗੀ ਪਾਇਆ ॥*
*ਐਸਾ ਗੁਰੁ ਵਡਭਾਗੀ ਪਾਇਆ ॥"* (ਪੰਨਾ ੮੦੩)
*ਦੁਖ ਸੁਖ ਕਰਤ ਜਨਮ ਮੂਆ ॥* (੮੦੪/੨)

ਇਹ ਜੀਵ ਦੁੱਖਾਂ ਵਿਚ, ਸੁਖਾਂ ਵਿੱਚ ਰੋਂਦਾ ਹੋਇਆ ਮਰ ਜਾਂਦਾ ਹੈ।

*'ਚਰਨ ਕਮਲ ਗੁਰਿ ਆਸ੍ਰਮੁ ਦੀਆ ॥ ੨ ॥*
*ਅਗਨਿ ਸਾਗਰ ਬੂਡਤ ਸੰਸਾਰਾ ॥* (ਪੰਨਾ ੮੦੪)

ਇਸ ਪੰਕਤੀ ਦੇ ਅਰਥ ਹਨ ਕਿ ਸਾਰਾ ਸੰਸਾਰ ਅੱਗ ਦੇ ਸਮੁੰਦਰ ਵਿਚ ਡੁੱਬ ਰਹਿਆ ਹੈ।

*'ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥*

SIKHBOOKCLUB.COM

ਜਿਹੜੇ ਸਤਿਗੁਰ ਨੇ ਬਾਂਹੋਂ ਫੜ ਕੇ ਪਾਰ ਕਰ ਦਿੱਤਾ, ਬੇਦਾਵਾ ਫਾੜ ਦਿੱਤਾ, ਟੁੱਟੀ ਗੰਢ ਲਈ, ਅੱਜ ਦੇ ਦਿਨ ਨੂੰ ਭਾਗ ਲਾਇਆ :

*"ਐਸਾ ਗੁਰੁ ਵਡਭਾਗੀ ਪਾਇਆ*
*ਐਸਾ ਗੁਰੁ ਵਡਭਾਗੀ ਪਾਇਆ ॥"* (ਪੰਨਾ ੮੦੩)

"ਮਾਨ ਸਿੰਘ ਜੀ ਝੌਰ" ਦੱਸਦੇ ਹਨ ਕਿ ਜੋ ਕੁਝ ਮੇਰਾ ਅਨੁਭਵ ਹੈ ਮਹਾਂਪੁਰਸ਼ਾਂ ਕੋਲ ਰਹਿ ਕੇ, ਸਾਧ-ਸੰਗਤਾਂ ਦੀ ਸੇਵਾ ਕਰਕੇ ਡੇਰਿਆਂ ਵਿੱਚ ਇਧਰ-ਉਧਰ ਚਾਰ ਅੱਖਰ ਪੜ੍ਹ ਕੇ ਮੈਂ ਏਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਬਾਣੀ ਵਿੱਚ ਬਹੁਤ ਯਤਨ ਹੈ ਕਿ ਏਸ ਗੱਲ ਵਾਸਤੇ ਕਿ ਮਨ ਸਮਝਾ। ਆਨੰਤ ਜ਼ਿਕਰ ਹੈ ਬਾਣੀ ਵਿਚ ਮਨ ਦਾ।

"ਨਾਨਕ ਜਿਨ ਕੋ ਮਨ ਕੀ ਪ੍ਰਤੀਤ ਨਹੀਂ? ਬਾਣੀ ਵਿੱਚ ਇਤਨਾ ਪ੍ਰਬਲ ਯਤਨ ਕੀਤਾ ਗਿਆ ਕਿ ਕਈ ਪ੍ਰਮਾਣ, ਕਈ ਜੁਗਤੀਆਂ ਨਾਲ ਦਿੱਤੇ, ਤਾਂਕਿ ਮਨ ਸਮਝੇ। ਜਿੰਨ੍ਹਾਂ ਵਿਚੋਂ ਇੱਕ ਪ੍ਰਮਾਣ ਇਹ ਹੈ ਕਿ ਇਕ 'ਸਮਾਂ' ਹੈ ਤੇ ਉਸ ਸਮੇਂ ਦਾ ਨਾਂ ਹੈ ਊਸ਼ਾ। 'ਊਸ਼ਾ' ਦਿਹਾੜੀ ਵਿੱਚ ਦੋ ਵੇਰਾਂ ਆਉਂਦੀ ਹੈ। ਜਦੋਂ ਵੀ ਦਿਹਾੜੀ ਵਿੱਚ ਦਿਨ ਤੇ ਰਾਤ ਦਾ ਮੇਲ ਹੋ ਜਾਏ, ਉਸ ਸਮੇਂ ਦਾ ਨਾਂ "ਊਸ਼ਾ" ਹੈ। ਦਿਨ ਬੀਤ ਗਿਆ, ਸੂਰਜ ਡੁੱਬਣ ਵਾਲਾ ਪਰ ਅਜੇ ਡੁੱਬਿਆ ਨਹੀਂ, ਮਾੜਾ ਜਿਹਾ ਚਾਨਣ ਹੈ ਤੇ ਰਾਤ ਪੈਣ ਵਾਲੀ ਹੈ ਪਰ ਅਜੇ ਰਾਤ ਦਾ

ਹਨੇਰਾ ਪਸੱਰਿਆ ਨਹੀਂ, ਉਹ ਜਿਹੜਾ ਸਾਂਝਾਂ ਸਮਾਂ ਹੈ ਨਾ ਦਿਨ ਤੇ ਰਾਤ ਦਾ ਮਿਲ ਕੇ ਇਸ ਦਾ ਨਾਮ ਊਸ਼ਾ ਹੈ। ਔਰ ਜਦੋਂ ਰਾਤ ਸਾਰੀ ਮੁੱਕ ਜਾਣੀ ਏ, ਸੂਰਜ ਚੜ੍ਹਣ ਦੇ ਆਰ-ਪਾਰ ਹੋਣਾ ਹੈ, ਅਜੇ ਕੋਈ ਕਿਰਨ ਪੱਸਰੀ ਨਹੀਂ ਪਰ ਪੱਸਰਨ ਵਾਲੀ ਹੈ। ਰਾਤ ਦਾ ਹਨੇਰਾ ਜਦੋਂ ਤੱਕ ਪੂਰਨ ਤੌਰ 'ਤੇ ਮੁੱਕਾ ਨਹੀਂ, ਐਵੇਂ ਮਾੜਾ-ਮਾੜਾ, ਧੁੰਦਲਾ-ਪਨ ਹੈ। ਇਹ ਜਿਹੜਾ ਦਿਨ ਤੇ ਰਾਤ ਦੇ ਮਿਲਾਪ ਦਾ ਸਮਾਂ ਹੈ, ਇਸ ਦਾ ਨਾਂ ਊਸ਼ਾ ਹੈ। ਉਸ ਸਮੇਂ ਵਿਚ ਦਿਨ ਆਪਣੀ ਰਾਤ ਵਿਚ ਮੁਕੰਮਲ ਹੈ। ਜਿੰਨਾ ਚਿਰ ਸੂਰਜ ਦੀ ਕੋਈ ਕਿਰਨ ਨਹੀਂ ਨਾ ਪੱਸਰੀ,ਓਨਾ ਚਿਰ ਦਿਨ ਆਪਣੀ ਰਾਤ ਵਿਚ ਮੁਕੰਮਲ ਹੈ। ਪਰ ਜਿਸ ਵੇਲੇ ਸੂਰਜ ਚੜ੍ਹ ਪਵੇ ਦੋ-ਚਾਰ ਕਿਰਨਾਂ ਪੱਸਰ ਜਾਣ ਨਾ, ਫਿਰ ਦਿਨ ਦੀ ਉਮਰ ਪੂਰੀ ਨਹੀਂ ਰਹੀ, ਉਸ ਦੇ ਚਾਰ ਟੁਕੜੇ ਹੋ ਜਾਂਦੇ ਹਨ। ਆ ਪਹਿਲਾ ਪਹਿਰ, ਦੂਜਾ ਪਹਿਰ, ਤੀਜਾ ਪਹਿਰ, ਚੌਥਾ ਪਹਿਰ। ਜਿਸ ਵੇਲੇ ਪਹਿਰ ਵਿਚੋਂ ਕੁਝ ਸਮਾਂ ਬੀਤ ਜਾਵੇ, ਫਿਰ ਉਸ ਦੀਆਂ ਘੜੀਆਂ ਬਣ ਜਾਂਦੀਆਂ ਨੇ, ਘੜੀਆਂ ਤੋਂ ਫਿਰ ਤਲਾਂ ਬਣਦੇ ਨੇ, ਤਲਾਂ ਤੋਂ ਫਿਰ ਵਿਸ਼ਵ ਬਣਦੇ ਨੇ। ਸਹਿਜੇ-ਸਹਿਜੇ ਸਾਰੇ ਦਾ ਸਾਰਾ ਦਿਨ ਖ਼ਤਮ ਹੁੰਦਾ ਹੈ, ਔਰ ਸਾਹਿਬਾਂ ਨੇ ਆਪਣੀ ਬਾਣੀ ਵਿਚ ਅੰਮ੍ਰਿਤ ਬਚਨ ਵੀ ਲਿਖਿਆ ਹੈ :-

*"ਦਿਨ ਤੇ ਪਹਰ ਪਹਰਤੇ ਘਰੀਆਂ*
*ਆਵ ਘਟੈ ਤਨੁ ਛੀਜੈ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ॥ ੧ ॥*
*ਸੋ ਦਿਨੁ ਆਵਨ ਲਾਗਾ॥*
*ਮਾਤ ਪਿਤਾ ਭਾਈ ਸੁਤ ਬਨਿਤਾ*
*ਕਹਹੁ ਕੋਊ ਹੈ ਕਾ ਕਾ ॥* (ਪੰਨਾ ੬੯੨)

ਐ ਮਨਾ! ਸਮਝ, ਜਿਸ ਤਰ੍ਹਾਂ ਦਿਨ ਸਹਿਜੇ-ਸਹਿਜੇ ਮੁੱਕ ਗਿਆ ਹੈ ਨਾ, ਇਸੇ ਤਰ੍ਹਾਂ ਤੇਰੀ ਉਮਰ ਵੀ ਸਵਾਸ ਗਿਣਦਿਆਂ-ਗਿਣਦਿਆਂ ਮੁੱਕ ਜਾਣੀ ਹੈ। ਮਨਾਂ ਸਮਝ! ਜੇ ਉਹ ਦਿਨ ਅਤੇ ਰਾਤ ਦੇ ਪ੍ਰਮਾਣ ਨਾਲ ਨਹੀਂ ਸਮਝਿਆ ਤਾਂ ਫਿਰ ਗਰੀਬ-ਨਿਵਾਜ਼ ਗੁਰੂ ਸਾਹਿਬ ਸੱਚੇ ਪਾਤਿਸ਼ਾਹ ਨੇ ਇਹਦੇ ਵਾਸਤੇ ਚਾਰ ਪਹਿਰ ਲਿਖ ਦਿੱਤੇ ਨੇ ਕਿ ਕਿਸੇ ਤਰ੍ਹਾਂ ਇਹ ਮਨ ਸਮਝੇ :-

*"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ*
*ਹੁਕਮਿ ਪਇਆ ਗਰਭਾਸਿ ਮਿਤ੍ਰਾ॥*
*ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ*
*ਖਸਮ ਸੇਤੀ ਅਰਦਾਸਿ॥"* (ਪੰਨਾ ੭੪)

ਫਿਰ ਦੂਜਾ ਪਹਿਰਾ, ਤੀਜਾ ਪਹਿਰਾ ਕਿ ਸਮਝ ਫਿਰ ਜੇ ਪਹਿਰਿਆ ਦੇ ਪ੍ਰਮਾਣ ਵਿੱਚ ਨਹੀਂ ਸਮਝਿਆ ਤੇ ਫਿਰ ਇਸ ਦੇ ਵਾਸਤੇ ਸੱਤ ਵਾਰ ਲਿਖ ਦਿੱਤੇ! ਅਸਾਂ ਉਹਨਾਂ ਵਾਰਾਂ ਦੀ ਡੂੰਘਿਆਈ ਤੇ ਨਹੀਂ ਵਿਚਾਰੀ ਪਰ ਜਿਹੜਾ ਉਤਲਾ ਹਿੱਸਾ ਸੀ ਉਹ ਵਿਚਾਰ ਲਿਆ।

*"ਭਈ ਐਤਵਾਰ ਤਰ ਜਾਣੀਏ, ਜਾਂ ਪੋਚਾ ਫੇਰਨ ਬਾਣੀਆ।"*

ਗਾਂ ਦੇ ਗੋਬਰ ਨਾਲ ਆਪਣੇ ਚੌਂਕੇ ਵਿਚ ਪੋਚਾ ਫੇਰਨ ਨਾਲ ਐਤਵਾਰ ਨਹੀਂ ਮਨਾਇਆ ਜਾਣਾ। ਐਤਵਾਰ ਮਨਾਉਣ ਦਾ ਢੰਗ ਦੱਸਿਆ ਹੈ ਹਜ਼ੂਰ ਨੇ, ਜਾਚ ਦੱਸੀ ਹੈ ਹਜ਼ੂਰ ਨੇ। ਐਤਵਾਰ ਤੇਰਾ ਤਦ ਮਨਾਇਆ ਜਾਏਗਾ ਜਦ ਭਗਤੀ ਆਰੰਭ ਕਰੇਂਗਾ। ਕੇਵਲ ਪੋਚਾ ਲਾਉਣ ਨਾਲ ਦੁਕਾਨ ਤੇ ਜਾ ਕੇ ਲੋਕਾਂ ਦੀ ਛਿਲ ਲਾਹੁਣ ਨਾਲ ਤੇ ਐਤਵਾਰ ਨਹੀਂ ਨਾ ਮਨਾਇਆ ਜਾਂਦਾ। ਜੇ ਤੇ ਤੂੰ ਐਤਵਾਰ ਨੂੰ ਭਗਤੀ ਆਰੰਭ ਕਰ ਦਿੱਤੀ ਹੈ, ਬਦੀਆਂ ਛੱਡ ਦਿੱਤੀਆਂ ਨੇ, ਨਿਤਨੇਮ ਕਰਨ ਲੱਗ ਪਿਆ ਹੈਂ ਤਾਂ ਐਤਵਾਰ ਮਨਾਇਆ ਗਿਆ।

*"ਸੋਮਵਾਰਿ ਸਸਿ ਅੰਮ੍ਰਿਤੁ ਝਰੈ॥* (੩੪੪)

ਜੋਤਿਸ਼ ਦੇ ਹਿਸਾਬ ਨਾਲ ਜਿਹੜੀ ਖੱਬੀ ਨਾੜ ਹੈ ਨਾਸਕਾ, ਇਸ ਨੂੰ ਚੰਦਰਮਾ ਦੀ ਨਾਸਕਾ ਕਹਿੰਦੇ ਨੇ। ਔਰ ਜਿਹੜੀ ਸੱਜੀ ਹੈ ਇਸ ਨੂੰ ਸੂਰਜ ਦੀ ਨਾਸਕਾ ਕਹਿੰਦੇ ਨੇ। ਜੋਗੀ ਅੱਗੇ ਕਹਿੰਦੇ ਨੇ ਕਿ ਖੱਬੀ ਨਾਸਕਾ ਵਿੱਚ ਦਸਮੇਂ ਦੁਆਰ ਤੋਂ ਅੰਮ੍ਰਿਤ ਡਿੱਗਦਾ ਹੈ। ਜੇ ਤਾਂ ਤੇਰੇ ਸੋਮਵਾਰ ਨੂੰ ਦੱਸਮੇਂ ਦੁਆਰ ਤੋਂ ਅੰਮ੍ਰਿਤ ਵਰਖਾ ਹੋਣ ਲੱਗ ਪਈ ਹੈ ਤਾਂ ਸਮਝ ਸੋਮਵਾਰ ਮਨਾਇਆ ਗਿਆ।

*"ਮੰਗਲਵਾਰੇ ਲੇ ਮਾਹੀਤਿ॥ ਪੰਚ ਚੋਰ ਕੀ ਜਾਣੈ ਰੀਤਿ॥"*

ਕਈ ਸੱਜਣ ਨੇ ਜੋ ਹਨੂਮਾਨ ਦੀ ਮੂਰਤੀ 'ਤੇ ਦੋ ਕੁ ਤੋਲੇ ਸੰਧੂਰ ਸੁੱਟ ਕੇ ਕਹਿੰਦੇ ਨੇ ਕਿ 'ਮੰਗਲਵਾਰ' ਮਨਾਇਆ ਗਿਆ। ਕਈ ਸੱਜਣ ਨੇ ਪਾ-ਕੁ ਆਟੇ ਦੀ ਮੋਟੀ-ਰੋਟੀ ਬਣਾ ਕੇ ਵਿਚ ਗੁੜ ਪਾ ਕੇ ਆਖਦੇ ਨੇ ਕਿ ਮੰਗਲਵਾਰ ਮਨਾਇਆ ਗਿਆ। ਲੇਕਿਨ ਸਾਹਿਬ ਕਹਿੰਦੇ ਨੇ :-

*"ਮੰਗਲਵਾਰੇ ਮਾਹੀਤਿ॥ ਪੰਚ ਚੋਰ ਕੀ ਜਾਣੈ ਰੀਤਿ॥"*

ਅਰਥਾਤ, ਜੇ ਤਾਂ ਮੰਗਲਵਾਰ ਵਾਲੇ ਦਿਨ ਨਿਰੰਕਾਰ ਨਾਲ ਤੈਨੂੰ ਜੁੜਨ ਦਾ ਢੰਗ ਆ ਜਾਏ, ਜੇ ਪੰਜ ਚੋਰ ਵੱਸ ਕਰਨ ਦੀ ਰੀਤ ਤੈਨੂੰ ਆ ਜਾਏ ਜਾਂ ਤੂੰ ਸਿੱਖ ਲਈ ਹੈ, ਪੰਜਾਂ ਚੋਰਾਂ ਨੂੰ ਕਾਬੂ ਕਰਨ ਵਾਲਾ ਰੱਸਾ ਜੇ ਤੂੰ ਵੱਟ ਲਿਆ ਹੈ ਤਾਂ ਸਮਝ ਮੰਗਲਵਾਰ ਮਾਨਾਇਆ ਗਿਆ। ਚੁਟਕੀ ਸੰਧੂਰ ਨਾਲ ਤੇ ਨਹੀਂ ਨਾ 'ਮੰਗਲਵਾਰ' ਮਨਾਇਆ ਜਾਣਾ।

*ਬੁਧਵਾਰਿ ਬੁਧਿ ਕਰੈ ਪ੍ਰਗਾਸ॥"*

ਅਰਥਾਤ, ਜੇ ਤਾਂ ਤੇਰੀ ਬੁੱਧੀ ਵਿਚ ਚਾਨਣਾ ਹੋ ਗਿਆ, ਰੋਸ਼ਨੀ ਹੋ ਗਈ ਤਾਂ ਸਮਝ

ਬੁੱਧੀ ਤੇਰੀ ਚਮਕ ਉੱਠੀ ਹੈ। ਫਿਰ ਸਮਝ ਬੁੱਧਵਾਰ ਤੇਰਾ ਮਨਾਇਆ ਗਿਆ। ਔਰ ਜੇ ਬੁੱਧੀ ਤੇਰੀ ਉਸੇ ਤਰ੍ਹਾਂ ਮੋਟੀ ਦੀ ਮੋਟੀ ਹੈ, ਭਾਵੇਂ ਜਿੰਨੇ ਮਰਜ਼ੀ ਉਪਾਅ ਕਰਦਾ ਫਿਰੇਂ ਪਰ ਬੁੱਧਵਾਰ ਨਹੀਂ ਮਨਾਇਆ ਜਾਏਗਾ। ਔਰ ਜੇ ਇਹ ਸੱਤਾਂ ਵਾਰਾਂ ਵਿੱਚ ਵੀ ਨਹੀਂ ਮੰਨਿਆ ਤਾਂ ਫਿਰ ਇਸ ਦੇ ਵਾਸਤੇ ਪੂਰੇ ਬਾਰ੍ਹਾਂ ਮਹੀਨੇ ਲਿਖ ਦਿੱਤੇ ਨੇ! ਫਿਰ ਦੱਸਿਆ ਹੈ ਕਿ ਮੱਸਿਆ ਔਰ ਸੰਗਰਾਂਦ ਹੈ ਕੀ ਚੀਜ਼ ਨੇ? ਦੱਸਿਆ ਹੈ ਜੋਤਿਸ਼ ਦੇ ਲਿਹਾਜ਼ ਨਾਲ ਬਾਰ੍ਹਾਂ ਰਾਸਾਂ ਨੇ। ਇਕ ਰਾਸ ਵਿਚੋਂ ਦੂਜੀ ਰਾਸ ਵਿੱਚ ਚੰਦਰਮਾ ਦਾ ਜਾਣਾ ਇਹ ਮੱਸਿਆ-ਪੁੰਨਿਆ ਹੁੰਦੀ ਹੈ। ਔਰ ਇਕ ਰਾਸ ਵਿਚੋਂ ਸੂਰਜ ਦਾ ਦੂਜੀ ਰਾਸ ਵਿਚ ਜਾਣਾ। ਸਾਡਾ ਕੋਈ ਇਸ ਦੇ ਨਾਲ ਵਾਸਤਾ ਨਹੀਂ ਪਰ ਬਦੋ-ਬਦੀ ਜੇ ਇਸ ਨੂੰ ਤਿਉਹਾਰ ਬਣਾ ਲਿਆ ਜਾਏ ਤਾਂ ਉਹ ਵੱਖਰੀ ਗੱਲ ਹੈ। ਪਰ ਇਤਿਹਾਸਕ ਨੁਕਤੇ ਨਾਲ ਬਾਣੀ ਦੇ ਸਿਧਾਂਤ ਨਾਲ ਸਾਡਾ ਇਸ ਨਾਲ ਲੰਬਾ ਨਾਤਾ ਕੋਈ ਨਹੀਂ, ਬੱਸ ਸ਼ੁਕਰਾਨਾ ਕਰਨ ਵਾਸਤੇ ਅਸੀਂ ਇਕੱਠੇ ਹੋਏ ਹਾਂ।

*"ਹਰਿ ਜੇਠਿ ਜੁੜੰਦਾ ਲੋੜੀਐ"*

ਇੱਕ ਹੋਰ ਕਹਿੰਦੇ ਨੇ ਨਾ :

*"ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥"*

ਅਰਥਾਤ, ਜਿਹੜਾ ਕੰਮ ਤੂੰ ਕੀਤਾ ਲੋੜਦਾ ਹੈਂ, ਕੀਤਾ ਚਾਹੁੰਦਾ ਹੈ, ਜਿਹੜਾ ਕੰਮ ਤੂੰ ਸਮਾਪਤ ਕਰਨਾ ਚਾਹੁੰਦਾ ਹੈਂ ਤਾਂ ਵਾਹਿਗੁਰੂ ਅੱਗੇ ਅਰਦਾਸ ਕਰ।

*"ਹਰਿ ਜੇਠਿ ਜੁੜੰਦਾ ਲੋੜੀਐ॥"*

ਜੇਠ ਦੇ ਮਹੀਨੇ ਵਿਚ ਉਹਦੇ ਨਾਲ ਜੁੜਨਾ ਚਾਹੀਦਾ ਹੈ, ਉਹਦੇ ਨਾਲ ਜੁੜਨ ਦੀ ਲੋੜ ਹੈ, ਉਹਦੇ ਨਾਲ ਇੱਕ-ਮਿੱਕ ਹੋਣ ਦੀ ਲੋੜ ਹੈ। ਪੰਜਾਬੀ ਜ਼ਬਾਨ ਵਿੱਚ ਪਤੀ ਦੇ ਵੱਡੇ ਭਰਾ ਨੂੰ ਵੀ ਜੇਠ ਕਹਿੰਦੇ ਨੇ, ਕਿਉਂਕਿ ਉਹ ਪਤੀ ਨਾਲੋਂ ਵੱਡਾ ਹੈ। ਏਸ ਮਹੀਨੇ ਦੇ ਦਿਨ ਵੀ ਬਾਕੀ ਦੇ ਮਹੀਨਿਆਂ ਨਾਲੋਂ ਕੁਝ ਬਹੁਤੇ ਹੁੰਦੇ ਨੇ, ਏਸ ਲਈ ਇਸ ਨੂੰ ਵੱਡਾ ਮਹੀਨਾ ਵੀ ਕਹਿੰਦੇ ਨੇ। ਔਰ ਵੱਡੇ ਮਹੀਨੇ ਤੋਂ ਮੁਰਾਦ ਹੈ ਜੇਠ ਤੇ ਜੇਠ ਮਤਲਬ ਵੱਡਾ ਔਰ ਵੱਡੇ ਤੋਂ ਮੁਰਾਦ ਹੈ "ਸਤਿਨਾਮੁ-ਵਾਹਿਗੁਰੂ"! ਏਸ ਮਹੀਨੇ ਵਿਚ ਵਾਹਿਗੁਰੂ ਨਾਲ ਜੁੜ। ਧੀਆਂ, ਪੁੱਤਰਾਂ, ਕੁਟੰਬ, ਖਾਣ, ਪੀਣ, ਪਹਿਨਣ, ਨੱਚਣ, ਕੁੱਦਣ ਨਾਲ ਤੇ ਤੂੰ ਅੱਗੇ ਜੁੜਿਆ ਹੀ ਹੋਇਆ ਹੈਂ। ਇਸ ਦਾ ਤੇ ਘਾਟਾ ਕੋਈ ਹੈ ਨਹੀਂ, ਬਲਕਿ ਘਾਟਾ ਜੀਵਨ ਵਿਚ ਏਸ ਗੱਲ ਦਾ ਹੈ ਕਿ ਪ੍ਰਭੂ ਨਾਲ ਨਹੀਂ ਜੁੜੇ। ਉਸ ਦੇ ਨਾਲੋਂ ਵਿਛੜਿਆ ਰਿਹਾ ਹੈਂ।

*"ਹਰਿ ਜੇਠਿ ਜੁੜੰਦਾ ਲੋੜੀਐ"*

ਉਹਦੇ ਨਾਲ ਜੁੜਨਾ ਚਾਹੀਦਾ ਹੈ, ਉਹਦੇ ਨਾਲ ਇੱਕ-ਮਿੱਕ ਹੋਣਾ ਚਾਹੀਦਾ ਹੈ :

*"ਜਿਸੁ ਅਗੈ ਸਭਿ ਨਿਵੰਨਿ॥"*

ਅਰਥਾਤ, ਜਿਸ ਵਾਹਿਗੁਰੂ ਦੇ ਅੱਗੇ ਪੀਰ-ਫ਼ਕੀਰ, ਦੇਵੀ-ਦੇਵਤੇ, ਤੱਪੀ ਤਮਾਮ ਜਿਹਦੇ ਅੱਗੇ ਝੁਕਦੇ ਨੇ, ਜਿਸ ਨੂੰ ਮੱਥਾ ਟੇਕਦੇ ਨੇ, ਸਭ ਜਿਸ ਦੇ ਹੁਕਮ ਵਿਚ ਚਲਦੇ ਨੇ, ਉਹਦੇ ਨਾਲ ਜੁੜ। ਇਕ ਨਿੱਕੀ ਜਿਹੀ ਗੱਲ ਹੋਰ ਸਮਝ ਲਓ ਤੇ ਚੰਗਾ ਰਹੇਗਾ ਕਿ ਸਾਹਿਬਾਂ ਨੇ ਸਾਨੂੰ ਸਮਝਾਇਆ ਹੈ ਕਿ :

*"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"*

ਜਿਹੜੇ ਮੁਗਲਾਂ ਦੇ ਵੇਲੇ ਦੇ ਪਟੇ ਨੇ ਨਾ ਜ਼ਮੀਨ ਦੇ, ਉਹਨਾਂ ਨੂੰ ਪੜ੍ਹਨਾ ਚਾਹੀਦਾ ਹੈ, ਉਹਨਾਂ ਵਿਚ ਜਾਗੀਰਾਂ ਦਾ ਬੜਾ ਜ਼ਿਕਰ ਹੈ ਤੇ ਉਹਨਾਂ ਜਾਗੀਰਾਂ ਵਿਚੋਂ ਇਕ ਜਾਗੀਰ ਹੈ, ਜਿਸ ਦਾ ਨਾਂ ਹੈ 'ਜਾਗੀਰੇ-ਖਾਲਸਾ'। ਜਾਗੀਰੇ ਖਾਲਸਾ ਉਹਨੂੰ ਕਹਿੰਦੇ ਨੇ ਜਿਸ ਦਾ ਸਿੱਧਾ ਤੁੱਅਲਕ ਬਾਦਸ਼ਾਹ ਸਲਾਮਤ ਨਾਲ ਹੋਵੇ। ਦਰਿਆਵਾਂ ਦੇ ਪਤਨਾਂ ਦਾ ਠੇਕਾ, ਏਸ ਰਕਮ ਦਾ ਤੁੱਅਲਕ ਬਾਦਸ਼ਾਹ ਨਾਲ ਹੁੰਦਾ ਹੈ। ਸ਼ਰਾਬ, ਅਫ਼ੀਮ ਸਭ ਰਕਮ ਦਾ ਸਬੰਧ ਸਿੱਧਾ ਬਾਦਸ਼ਾਹ ਨਾਲ ਹੁੰਦਾ ਹੈ। ਜ਼ਮੀਨ ਦਾ ਮਾਲੀਆ, ਜ਼ਮੀਨ ਦਾ ਬਿਆਨਾ ਉਸ ਦੀ ਰਕਮ ਦਾ ਸਿੱਧਾ ਤੁੱਅਲਕ ਬਾਦਸ਼ਾਹ ਨਾਲ ਹੁੰਦਾ ਹੈ। ਇਹ ਹੈ 'ਜਾਗੀਰੇ-ਖਾਲਸਾ' ਸਾਰਕਾਰ ਬਰਤਾਨੀਆ ਦੇ ਵੇਲੇ ਇਕ ਜਾਗੀਰ ਉਹ ਸੀ, ਜਿਹੜੀ ਰਾਜਿਆਂ-ਮਹਾਰਾਜਿਆਂ ਨੂੰ ਮਿਲਦੀ ਸੀ। ਇਕ ਹੋਰ ਉਹ ਜਾਗੀਰ ਸੀ ਜਿਸ ਦਾ ਸਿੱਧਾ ਤੁਅੱਲਕ ਮਹਾਰਾਣੀ ਵਿਕਟੋਰੀਆ ਨਾਲ ਸੀ, ਔਰ ਉਸ ਜਾਗੀਰ ਦਾ ਨਾਮ ਹੈ 'ਜਾਗੀਰੇ ਖਾਲਸਾ'। ਸਾਹਿਬ 'ਸ੍ਰੀ ਗੁਰ ਗੋਬਿੰਦ ਸਿੰਘ' ਸਾਹਿਬ ਨੇ ਇਹ ਜਿਹੜਾ ਖਾਲਸਾ ਬਣਾਇਆ ਹੈ ਨਾ, ਇਹ ਚੌਹ ਬਾਹਾਂ ਵਾਲੀ ਦੇਵੀ ਦੀ ਜਾਗੀਰ ਹੈ, ਇਹ ਅੱਠਾਂ ਬਾਹਾਂ ਵਾਲੀ ਦੇਵੀ ਦੀ ਜਾਗੀਰ ਹੈ, ਇਹ ਵਿਸ਼ਨੂੰ, ਬ੍ਰਹਮਾ ਦੀ ਜਾਗੀਰ ਨਹੀਂ, ਇਹ ਹੈ ਵਾਹਿਗੁਰੂ ਜੀ ਕਾ ਖਾਲਸਾ ਅਰਥਾਤ, ਜਾਗੀਰੇ ਖਾਲਸਾ। ਜਿਸ ਦਾ ਤੁਅੱਲਕ ਸਿੱਧਾ ਸਤਿਨਾਮ-ਵਾਹਿਗੁਰੂ ਨਾਲ ਹੈ। ਔਰ ਜੇ ਜਿੱਤ ਕੇ ਆ ਜਾਵੇ ਤਾਂ ਫਿਰ ਉਹ ਜਿੱਤ ਵੀ ਵਾਹਿਗੁਰੂ ਦੀ ਹੈ। ਇਸ ਦੇ ਅੰਦਰ ਹਉਮੈ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਹਿੰਦਾ ਹੈ ਜਿੱਤਿਆ ਵਾਹਿਗੁਰੂ, ਫਤਹਿ ਹੀ ਵਾਹਿਗੁਰੂ ਦੀ ਹੋਈ ਹੈ। ਸਾਨੂੰ ਸਾਹਿਬ ਸੱਚੇ ਪਾਤਿਸ਼ਾਹ ਨੇ ਇਕ ਨਿਰੰਕਾਰ ਨਾਲ ਜੋੜ ਕੇ ਇਹ ਜਾਗੀਰੇ ਖਾਲਸਾ ਬਣਾਇਆ ਹੈ। ਅਰਥਾਤ, ਇਹ ਰੱਬ ਦੀ ਜਾਗੀਰ ਹੈ, ਰੱਬ ਦੀ ਰਕਮ ਹੈ। ਨਾ ਇਸ ਦੇ ਨਾਲ ਗੁਰੂ ਦਾ ਤੁਅੱਲਕ ਹੈ, ਨਾ ਇਹਦੇ ਨਾਲ ਪੀਰ-ਫ਼ਕੀਰ ਦਾ ਤੁਅੱਲਕ ਹੈ। ਔਰ ਨਾਲ ਇਹ ਉਪਦੇਸ਼ ਦੇ ਗਏ ਨੇ ਕਿ ਇਸ 'ਤੇ ਜੁੜ, ਜਿਸ ਤੇ ਤਮਾਮ ਦੇਵੀ-ਦੇਵਤੇ, ਪੀਰ-ਫ਼ਕੀਰ ਨਿਉਂਦੇ ਨੇ ਉਸ ਦੇ ਨਾਲ ਜੁੜ।

*"ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥"*

ਉਹ ਜਿਹੜਾ ਹਰੀ ਸੱਜਣ ਹੈ ਨਾ, ਵਾਹਿਗੁਰੂ ਜੋ ਮਿੱਤਰ ਹੈ ਨਾ। ਜਿਹੜਾ ਉਹਦਾ ਪੱਲਾ ਫੜ ਲਏ ਨਾ, ਜਿਹੜਾ ਉਹਦੇ ਲੜ ਲੱਗ ਜਾਏ ਨਾ, ਉਹ ਫਿਰ ਆਪਣੇ ਲੜ ਲੱਗੇ

ਹੋਏ ਨੂੰ ਕਿਸੇ ਦੂਸਰੇ ਦੇ ਅੱਗੇ ਬੰਨ੍ਹ ਕੇ ਨਹੀਂ ਤੋਰਦਾ। ਉਹਨੂੰ ਫਿਰ ਧਰਮਰਾਜ਼ਾ ਦੇ ਦੂਤ ਬੰਨ੍ਹ ਕੇ ਧਰਮਰਾਜ਼ਾ ਦੀ ਕਚਹਿਰੀ ਵਿਚ ਨਹੀਂ ਪੇਸ਼ ਕਰ ਸਕਦੇ। ਉਹਦੇ ਵਾਸਤੇ ਸਾਹਿਬ 'ਸ੍ਰੀ ਗੁਰੂ ਗ੍ਰੰਥ'' ਸਾਹਿਬ ਜੀ ਨੇ ਹਜ਼ਾਰ ਸੂਰਜਾਂ ਨਾਲੋਂ ਵਧੇਰੇ ਚਮਕਣ ਵਾਲੇ ਅੱਖਰ ਲਿਖੇ ਨੇ :

*''ਧਰਮ ਰਾਇ ਦਰਿ ਕਾਗਦ ਫਾਰੇ*
*ਜਨ ਨਾਨਕ ਲੇਖਾ ਸਮਝਾ॥* (ਪੰਨਾ ੬੯੮)
*''ਦੂਰਿ ਰਹੀ ਉਹ ਜਨ ਤੇ ਬਾਟ॥''* (ਪੰਨਾ ੩੯੩)

ਜਿਨ੍ਹਾਂ ਰਸਤਿਆਂ 'ਤੇ ਲੋਕੀਂ ਲੁੱਟੇ-ਠੱਗੇ ਜਾਂਦੇ ਨੇ, ਉਹ ਰਾਹ ਖਾਲਸੇ ਤੋਂ ਦੂਰ ਹੈ। ਪਰ ਖਾਲਸੇ ਦੀ ਪਰਿਭਾਸ਼ਾ ਸਮਝ ਲੈਣੀ ਚਾਹੀਦੀ ਹੈ। ਸਾਹਿਬ ''ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ'' ਦੀ ਮੌਜੂਦਗੀ ਵਿਚ ਅੰਮ੍ਰਿਤ ਬਚਨ ਦਸਮ ਗ੍ਰੰਥ ਵਿੱਚ ਲਿਖਿਆ ਗਿਆ :-

*'ਆਤਮ ਰਸ ਜਿੰਨ ਜਾਣਿਆ ਸੋਈ ਖਾਲਸਾ ਨੇ ਬੇਗ।'*

ਉਹ ਖਾਲਸਾ ਬੇਗ ਅਰਥਾਤ, ਪ੍ਰਕਾਸ਼ ਰੂਪ ਹੈ, ਚਮਕਦਾ ਹੈ ਉਹ ਖਾਲਸਾ ਔਰ ਜਿਸ ਨੇ ਆਤਮਾ ਦਾ ਰਸ ਜਾਣ ਲਿਆ, ਬ੍ਰਹਮ ਗਿਆਨੀ ਬਣ ਗਿਆ ਉਹ ਖਾਲਸਾ ਹੈ। ਫਿਰ ਉਸ ਖਾਲਸੇ ਦਾ ਰੁੱਤਬਾ ਬਿਆਨ ਕਰਦੇ ਨੇ :

*'ਆਤਮ ਰਸ ਜਿੰਨ ਜਾਣਿਆ, ਸੋਈ ਖਾਲਸਾ ਨੇ ਬੇਗ।*
*ਮੋਹ ਮੇਂ, ਪ੍ਰਭ ਮੇਂ, ਤਾਸ ਮੇਂ।'*

ਹਜ਼ੂਰ ਕਹਿੰਦੇ ਨੇ ਮੇਰੇ ਵਿੱਚ, ਰੱਬ ਵਿੱਚ, ਔਰ ਉਸ ਖਾਲਸੇ ਵਿਚ ਰੰਚਕ ਨਹੀਂ ਭੇਦ। ਅਰਥਾਤ, ਖ਼ਸਖ਼ਸ ਦੇ ਦਾਣੇ ਜਿੰਨਾ ਭੇਦ ਨਹੀਂ। ਜਿਸ ਖਾਲਸੇ ਨੇ ਆਤਮਾ ਦਾ ਰਸ ਜਾਣ ਲਿਆ ਕਿ ਉਹ ਖਾਲਸਾ ਮੇਰਾ ਹੈ ਔਰ ਮੈਂ ਉਸ ਦਾ ਰੂਪ ਹਾਂ। ਉਹ ਖਾਲਸਾ ਵਾਹਿਗੁਰੂ ਦਾ ਰੂਪ ਹੈ, ਪਰ ਜਿਸ ਨੇ ਆਤਮਾ ਦਾ ਰਸ ਜਾਣ ਲਿਆ ਸਮਝੋ ਉਹ ਖਾਲਸਾ ਹੈ। ਖਾਲਸ ਉਹ ਹੈ ਜਿਹੜਾ ਜਪਦਾ-ਜਪਦਾ ਤੂੰ ਦਾ ਰੂਪ ਹੋ ਜਾਏ, ਉਹ ਰਾਜ ਕਰੇਗਾ, ਉਹਦੀ ਜੈ-ਜੈਕਾਰ ਹੋਵੇਗੀ।

ਗਰੀਬ-ਨਿਵਾਜ਼ ਸੱਚਾ ਪਾਤਸ਼ਾਹ ਤੁਹਾਨੂੰ ਜੇਠ ਦੇ ਮਹੀਨੇ ਦਾ ਉਪਦੇਸ਼ ਕਰ ਰਹੇ ਨੇ ਕਿ ਜਿਹੜਾ ਹਰੀ-ਪ੍ਰਮਾਤਮਾ ਸੱਜਣ ਵਾਹਿਗੁਰੂ ਦੇ ਪੱਲੇ ਲੱਗ ਗਿਆ, ਜਿਸ ਤਰ੍ਹਾਂ ਇਸਤਰੀ ਕਾਕੀ, ਬੱਚੀ, ਧੀ ਜਿਹਦੇ ਗਲ ਮਾਪੇ ਲੜ ਲਾਉਂਦੇ ਨੇ, ਉਸ ਦਾ ਪੱਲਾ ਫੜਦੀ ਹੈ, ਫਿਰ ਜ਼ਿੰਦਗੀ ਭਰ ਉਸ ਫੜੇ ਹੋਏ ਪੱਲੇ ਦੀ ਲਾਜ ਪਾਲਦੀ ਹੈ। ਇਸੇ ਤਰ੍ਹਾਂ ਜਿਸ ਨੇ ਵਾਹਿਗੁਰੂ ਦਾ ਪੱਲਾ ਫੜ ਲਿਆ, ਵਾਹਿਗੁਰੂ ਦੇ ਲੜ ਲਗ ਗਿਆ ਤਾਂ ਵਾਹਿਗੁਰੂ ਉਹਨਾਂ ਦੀ ਲਾਜ ਰੱਖਦਾ ਹੈ। ਕਿਸੇ ਦੂਜੇ ਅਗੇ ਨਹੀਂ ਬੰਨ੍ਹਦਾ, ਕਿਸੇ ਦੂਜੇ ਦੇ ਹਵਾਲੇ ਨਹੀਂ ਕਰਦਾ। ਭਾਈ

ਸਾਹਿਬ ਕਹਿੰਦੇ ਨੂੰ ਕਿ ਅੱਗ ਨੂੰ ਚਮਕਦੀ ਹੋਈ ਵੇਖ ਕੇ ਕਾਕਾ ਦੌੜਦਾ ਹੈ ਕਿ ਮੈਂ ਅੱਗ ਫੜਨੀ ਹੈ। ਇਸੇ ਤਰ੍ਹਾਂ ਸੱਪ ਨੇ ਵਿੰਗਾ ਟੇਢਾ ਵੇਖ ਕੇ ਮੁਲਾਇਮ ਜਿਹਾ ਵੇਖ ਕੇ ਕਾਕਾ ਕਹਿੰਦਾ ਹੈ ਕਿ ਮੈਂ ਸੱਪ ਫੜਨਾ ਹੈ ਤੇ ਮਾਂ ਨੂੰ ਪਤਾ ਹੈ ਕਿ ਸੱਪ ਲੜ ਜਾਂਦਾ ਹੁੰਦਾ ਹੈ ਤੇ ਅੱਗ ਨਾਲ ਸੜ ਜਾਂਦਾ ਹੈ। ਇਸੇ ਤਰ੍ਹਾਂ ਸਿੱਖ ਭਾਵੇਂ ਕਿੰਨਾਂ ਕਾਹਲਾ ਪਵੇ, ਕਿੰਨਾ ਦੌੜ-ਦੌੜ ਕੇ ਸੋਨੇ ਵਲ ਜਾਏ, ਸਤਿਗੁਰ ਕਹਿੰਦੇ ਨੇ ਨਹੀਂ, ਕਿਉਂਕਿ ਸਿੱਖ ਸਮਝਦਾ ਹੈ ਕਿ ਮੈਂ ਸੋਨੇ ਨੂੰ ਫੜ ਰਿਹਾ ਹਾਂ, ਪਰ ਗੁਰੂ ਜਾਣਦਾ ਹੈ ਕਿ ਇਹ ਇਸ ਦੇ ਲਈ ਠੀਕ ਨਹੀਂ। ਸਿੱਖ ਜਿੰਨਾ ਮਰਜ਼ੀ ਕਾਹਲਾ ਪਵੇ ਪਰ ਵਾਹਿਗੁਰੂ ਹਮੇਸ਼ਾ ਉਸ ਦਾ ਧਿਆਨ ਰਖਦਾ ਹੈ। ਸੋ, ਸਾਨੂੰ ਹਮੇਸ਼ਾ ਵਾਹਿਗੁਰੂ ਦੇ ਹੁਕਮ ਵਿਚ ਰਹਿਣਾ ਚਾਹੀਦਾ ਹੈ। ਸਾਨੂੰ ਵੀ ਜਾਗੀਰੇ-ਖਾਲਸਾ ਬਣਨਾ ਚਾਹੀਦਾ ਹੈ। ਸਾਨੂੰ ਉਹ ਸਾਰੇ ਬਚਨ ਅਪਨਾਉਣੇ ਚਾਹੀਦੇ ਹਨ ਜਿਸ ਨਾਲ ਅਸੀਂ ਆਪਣੇ ਮਨ ਨੂੰ ਸਮਝਾ ਸਕੀਏ ਤੇ ਆਪਣੇ ਵਾਹਿਗੁਰੂ ਨੂੰ ਦਿਆਲੂ ਮਾਂ ਵਾਂਗੂੰ ਪੂਜਣਾ ਚਾਹੀਦਾ ਹੈ, ਕਿਉਂਕਿ ਜਿਸ ਤਰ੍ਹਾਂ ਗਲਤੀਆਂ ਕਰਨ ਤੇ ਮਾਂ ਮਾਫ ਕਰ ਦਿੰਦੀ ਹੈ, ਉਸੇ ਤਰ੍ਹਾਂ ਵਾਹਿਗੁਰੂ ਵੀ ਮਾਫ ਕਰ ਦਿੰਦਾ ਹੈ।

SIKHBOOKCLUB.COM

# ਸਤਿਨਾਮ-ਵਾਹਿਗੁਰੂ ਦੀ ਪ੍ਰਾਪਤੀ ਕਿਵੇਂ ਹੋਵੇ ?

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਇਕ ਐਸੀ ਬਾਣੀ ਹੈ ਜਿਸ ਵਿਚ ਆਦਿ ਤੋਂ ਅੰਤ ਤੱਕ ਸਿਰਫ਼ ਇਕ ਨਾਮ ਹੀ ਚਰਚਾ ਹੈ। ਇਸ ਵਿਚ ਕਿਸੇ ਰਾਜੇ ਮਹਾਰਾਜੇ, ਬਾਦਸ਼ਾਹ ਦੀ ਚਰਚਾ ਨਹੀਂ। ਲੇਕਿਨ ਅੱਜ ਅਸੀਂ ਇਹ ਗਿਆਨ ਹਾਸਿਲ ਕਰਾਂਗੇ ਕਿ ਸਿੱਖ ਇਕ ਕੈਸਾ ਬੱਚਾ ਹੈ?

"ਮਾਨ ਸਿੰਘ ਜੀ ਝੌਰ" ਦੱਸਦੇ ਹਨ, ਸਿੱਖ ਐਸਾ ਬੱਚਾ ਹੈ ਜੋ ਕਿ ਸੋਨੇ ਦੀ ਕਾਮਨਾ ਕਰਦਾ ਹੈ :-

*"ਤੈਸੀ ਸਿਖ ਕਾਮਨਾ ਕਰਤ, ਕਣਕ ਔਰ ਕਾਮਨੀ ਕੀ"*

ਅਰਥਾਤ ਸੋਨੇ ਨੂੰ ਚਮਕਦਾ ਵੇਖ ਕੇ ਉਹਦੀ ਕਾਮਨਾ ਕਰਦਾ ਹੈ। ਕਾਮਨੀ, ਅਰਥਾਤ ਇਹ ਇਸਤਰੀ ਦੀ ਵੀ ਕਾਮਨਾ, ਇੱਛਾ ਕਰਦਾ ਹੈ। ਸੋਨੇ ਤੇ ਇਸਤਰੀ ਨੂੰ ਬੱਚੇ ਵਾਂਗੂੰ ਫੜਨਾ ਚਾਹੁੰਦਾ ਹੈ। ਜਿਸ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਕਿਸੇ ਬੁਰੀ ਚੀਜ਼ ਅੱਗੇ ਜਾਣ ਨਹੀਂ ਦਿੰਦੀ, ਉਸੇ ਤਰ੍ਹਾਂ ਕਲਗੀ ਵਾਲਾ ਵੀ ਆਪਣੇ ਸਿੱਖਾਂ ਨੂੰ ਇਸਤਰੀ ਅਤੇ ਸੋਨੇ ਦੇ ਨੇੜੇ ਨਹੀਂ ਜਾਣ ਦਿੰਦਾ। ਭਾਵੇਂ ਸਿੱਖ ਕਿੰਨਾ ਯਤਨ ਕਰੇ, ਭਾਵੇਂ ਰੋਵੇ, ਪਰ ਸਤਿਗੁਰ ਨੇੜੇ ਨਹੀਂ ਜਾਣ ਦਿੰਦਾ :-

*"ਤੈਸੀ ਸਿਖ ਕਾਮਨਾ ਕਰਤ,*
*ਕਣਕ ਔਰ ਕਾਮਨੀ ਕੀ*
*ਰਾਖਤ ਨਿਰਲੇਪ ਗੁਰ,*
*ਸਿਖ ਅਕੁਲਾਤ ਹੈ।"*

ਸਿੱਖ ਭਾਵੇਂ ਕਿੰਨਾ ਕਾਹਲਾ ਪਵੇ, ਕਿੰਨਾ ਦੌੜ-ਦੌੜ ਕੇ ਸੋਨੇ ਵੱਲ ਜਾਏ, ਸਤਿਗੁਰ ਕਹਿੰਦੇ ਨੇ, ਨਹੀਂ! ਭਾਵੇਂ ਇਹ ਕਿੰਨੀ ਇੱਛਾ ਕਰੇ ਇਸਤਰੀ ਦੀ, ਪਰ ਸਤਿਗੁਰ ਕਹਿੰਦੇ ਨੇ ਬੇਟਾ, ਇਹ ਅੱਗ ਹੈ ਸੜ ਜਾਏਂਗਾ। ਮੇਰੇ ਵਿਦਿਆ ਦਾਤਾ ਕਿਹਾ ਕਰਦੇ ਸੀ, ਬੇਟਾ! ਇਸਤਰੀ ਨੂੰ ਕੋਲਾ ਸਮਝਿਓ । ਸਿੱਖ ਕਹਿੰਦਾ, ਮਹਾਰਾਜ ਇਹ ਕੀ ਫ਼ੁਰਮਾਣ ਦਿੱਤਾ ਹੈ? ਕਹਿੰਦੇ, ਜੇ ਕੋਲੇ ਠੰਢੇ ਨੂੰ ਫੜੀਏ ਤਾਂ ਹੱਥ ਕਾਲਾ ਕਰ ਦਿੰਦੇ ਨੇ ਤੇ ਤੱਤੇ ਨੂੰ ਫੜੀਏ ਤਾਂ ਸਾੜ ਦਿੰਦਾ ਹੈ। ਤੁਸੀਂ ਭਾਵੇਂ ਪਰਦੇ ਨਾਲ ਕਿਸੇ ਲੜਕੀ ਨੂੰ ਆਪਣੀ ਧੀ ਸਮਝ ਕੇ ਗੱਲਾਂ ਕਰਦੇ ਹੋ, ਠੰਢਾ ਤੇ ਹੈ ਕੋਲਾ ਪਰ ਕਾਲਖ ਜ਼ਰੂਰ ਲੱਗ ਜਾਵੇਗੀ। ਬਾਜ਼ਾਰ ਵਿਚ ਗੱਲਾਂ ਜ਼ਰੂਰ

ਹੋਣ ਲੱਗ ਪੈਣਗੀਆਂ! "ਸ੍ਰੀ ਮਾਨ ਗੁਰਮੁੱਖ ਸਿੰਘ" ਸਾਹਿਬ ਪਟਿਆਲੇ ਵਾਲੇ, ਦਿੱਲੀ ਆ ਗਏ, "ਗੁਰੂ ਗ੍ਰੰਥ ਸਾਹਿਬ ਜੀ" ਦੇ ਪ੍ਰਕਾਸ਼ ਉਤਸਵ ਤੇ! ਔਰ ਬੜੇ ਫੱਕਰ ਆਦਮੀ ਨੇ, ਬੜਾ ਸੱਦ ਬੋਲਣ ਵਾਲੇ ਆਦਮੀ ਨੇ! ਔਰ ਅਮਰੀਕਾ ਤੋਂ ਦੌਰਾ ਕਰਕੇ ਆਏ ਤਾਂ ਕੋਲ ਇਕ ਛੜੀ ਤੇ ਮੋਢੇ ਤੇ ਪਰਨਾ! ਡਿਪਾਰਟਮੈਂਟ ਵਾਲਿਆਂ ਪੁੱਛਿਆ, ਗਿਆਨੀ ਜੀ, ਸਮਾਨ! ਕਹਿੰਦੇ ਆਹ ਵੇਖ, ਛੜੀ, ਛੱਤਰੀ ਤੇ ਪਰਨਾ! ਉਹਨਾਂ ਫੇਰ ਕਿਹਾ, "ਜੀ ਸਮਾਨ!" ਤਾਂ ਗਿਆਨੀ ਜੀ ਨੇ ਗੁੱਸੇ ਵਿਚ ਕਿਹਾ, ਕੀ ਗੱਲ ਅੰਨ੍ਹਾ ਹੋ ਗਿਆ ਹੈਂ, ਤੈਨੂੰ ਸਮਾਨ ਇਹ ਨਜ਼ਰ ਨਹੀਂ ਆ ਰਿਹਾ! ਉਹ ਹੈਰਾਨ ਹੋ ਗਿਆ ਡਿਪਾਰਟਮੈਂਟ ਦਾ ਅਫਸਰ ਕਿ ਇਹ ਅਮਰੀਕਾ ਤੋਂ ਆਇਆ ਹੈ? ਤੁਹਾਨੂੰ ਉਥੇ ਪੁਛਿਆ ਨਾ ਕਿਸੇ? ਤੁਹਾਡੀ ਉਥੇ ਕਦਰ ਨਾ ਕੀਤੀ ਕਿਸੇ? ਤੁਹਾਨੂੰ ਕੁਝ ਲਿਆ, ਦਿੱਤਾ ਨਾ! ਤਾਂ ਗਿਆਨੀ ਜੀ ਕਹਿੰਦੇ, ਉਹੋ ਜਿਹੇ ਵੀ ਜਾਂਦੇ ਨੇ, ਜਿਹੋ ਜਿਹੇ ਤੁਸੀਂ ਕਹਿ ਰਹੇ ਹੋ। ਪਰ ਮੈਂ 'ਗੁਰੂ ਗੋਬਿੰਦ ਸਿੰਘ' ਦਾ ਸਿੱਖ ਹਾਂ, ਜਿਵੇਂ ਗਿਆ ਸੀ, ਉਂਝ ਹੀ ਆਇਆ ਹਾਂ! ਉਸ ਸੈਮੀਗਰੇਸ਼ਨ ਡਿਪਾਰਟਮੈਂਟ ਵਾਲੇ ਨੇ ਆਪਣੀ ਕਾਰ ਲਈ, ਤਮਾਮ ਕੰਮ ਛੱਡ ਕੇ ਉਹਨਾਂ ਨੂੰ 'ਮਾਡਲ ਟਾਊਨ' ਛੱਡਣ ਆਇਆ। ਔਰ ਕਹਿਣ ਲੱਗਾ, ਤੂੰ ਧੰਨ ਹੈਂ ਗੁਰੂ ਗੋਬਿੰਦ ਸਿੰਘ ਜੀ ਸਿੱਖਾ, ਜਿਸ ਨੂੰ ਆਪਣੀ ਕੌਮ ਦੀ ਲਾਜ ਹੈ, ਜਿਸ ਨੂੰ ਆਪਣੀ ਕੌਮ ਦਾ ਖਿਆਲ ਹੈ, ਜਿਹੜਾ ਆਪਣੀ ਕੌਮ ਦਾ ਸਿਰ ਉੱਚਾ ਕਰਨਾ ਚਾਹੁੰਦਾ ਹੈ, ਤੂੰ ਧੰਨ ਹੈਂ! ਔਰ ਸਾਡੇ ਵਰਗਿਆਂ ਦੇ ਸਾਹਮਣੇ ਕਿੰਨਾ ਲਾਲਚ ਆ ਜਾਂਦਾ ਹੈ ਕਿ ਪਾਕਿਸਤਾਨ ਜਾਣਾ ਹੈ, ਬੜੀਆਂ ਸਕੀਆਂ ਬਣਾਉਂਦੇ ਹਾਂ। ਔਰ 'ਮਾਨ ਸਿੰਘ ਜੀ ਝੌਰ' ਕਹਿੰਦੇ ਕਿ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਜਾਇਓ ਜਿਨ੍ਹਾਂ ਇਧਰੋਂ ਕੁਝ ਲੈ ਕੇ ਨਹੀਂ ਜਾਣਾ ਤੇ ਉਧਰੋਂ ਕੁਝ ਲੈ ਕੇ ਨਹੀਂ ਆਉਣਾ! ਉਹ ਜਾਉ, ਬਲਕਿ ਜਿਨ੍ਹਾਂ ਪੰਥ ਦੀ ਸ਼ਾਨ ਵਧਾਉਣੀ ਹੈ। ਮੇਰਾ 'ਗੁਰੂ ਗ੍ਰੰਥ ਸਾਹਿਬ' ਕਹਿੰਦਾ ਹੈ ਕਿ ਜੇਠ ਦੇ ਮਹੀਨੇ ਉਹਦੇ ਅੱਗੇ ਜੁੜ, ਜਿਸ ਦੇ ਅੱਗੇ ਸਾਰੇ ਨਿਊਂਦੇ ਨੇ! ਜੇ ਉਹਦਾ ਲੱੜ ਫੜ ਲਏਂਗਾ ਤਾਂ ਉਹ ਤੈਨੂੰ ਜਮਾਂ ਦੇ ਹਵਾਲੇ ਨਹੀਂ ਕਰੇਗਾ!

*"ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥"* *(ਪੰਨਾ ੧੩੪)*

ਜਿਹੜੇ ਲੜ ਲੱਗ ਜਾਦੇ ਹੈ ਨਾ ਉਹਨਾਂ ਕੋਲ ਮਾਨਕਾਂ ਨਾਲੋਂ , ਹੀਰਿਆਂ ਨਾਲੋਂ, ਮੋਤੀਆਂ ਨਾਲੋਂ, ਨੀਲਮਾਂ ਨਾਲੋਂ ਵਧੇਰੇ ਕੀਮਤ ਦੀ ਇਕ ਚੀਜ਼ ਹੁੰਦੀ ਹੈ, ਉਹਦਾ ਨਾਮ ਹੈ 'ਸਤਿਨਾਮ-ਵਾਹਿਗੁਰੂ'। ਐਸਾ ਧਨ, ਐਸਾ ਧਨ, ਜਿਸ ਨੂੰ ਸੰਨ੍ਹ ਨਹੀਂ ਲੱਗ ਸਕਦੀ, ਅਰਥਾਤ ਜਿਸ ਨੂੰ ਲੁੱਟਿਆ ਨਹੀਂ ਜਾ ਸਕਦਾ। ਜਿਹੜਾ ਠੱਗਿਆ ਨਹੀਂ ਜਾਂਦਾ ਤੇ ਸਾਹਿਬ 'ਗੁਰੂ ਗ੍ਰੰਥ ਸਾਹਿਬ ਜੀ' ਨੇ ਪ੍ਰੇਰਨਾ ਦਿਤੀ ਹੈ, ਹਲੂਣਾ ਦਿੱਤਾ, ਚੰਗਿਉਰਿਆ!

***"ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥*** *(ਪੰਨਾ ੭੩੩)*

ਇਸ ਦੇ ਅਰਥ ਹਨ ਕਿ ਪੁੱਤਰ ਨੂੰ ਬੰਦਾ ਆਖਦਾ ਤਾਂ ਹੈ ਕਿ ਜੇ ਮੋਹਰਾਂ ਨੂੰ ਹੱਥ ਲਾ ਦੇਵੇਂ ਤਾਂ ਕਲੇਜਾ ਠੰਢਾ ਹੋ ਜਾਂਦਾ ਹੈ। ਪਰ ਜੇ ਪੁੱਤਰ ਉਦੋਂ ਪੰਜਾਬ ਜ਼ਿਲਾ ਅੰਮ੍ਰਿਤਸਰ ਵਿਚ ਬੈਠਾ ਹੋਵੇ, ਜ਼ਿਲਾ ਜਲੰਧਰ ਵਿਚ ਬੈਠਾ ਹੋਵੈ ਤੇ ਤੈਨੂੰ ਇਥੇ ਐਮੀਗਰੇਸ਼ਨ ਡਿਪਾਰਟਮੈਂਟ ਵਾਲੇ ਫੜ ਲੈਣ ਤੇ ਕਾਕਾ ਤੈਨੂੰ ਉਥੋਂ ਫੂਕ ਮਾਰ ਕੇ ਛੁਡਾ ਦੇਵੇਗਾ! ਨਹੀਂ, ਉਹਨੇ ਨਹੀਂ ਸਹਾਇਤਾ ਕਰਨੀ। ਇਥੇ ਸਹਾਇਤਾ ਕਰਨ ਵਾਲੇ ਤੇਰੇ ਆਪਣੇ ਕਾਗਜ਼ਾਤ ਨੇ, ਤੇਰੀ ਆਪਣੀ ਸਚਾਈ ਹੈ, ਆਪਣਾ ਅਮਲ ਹੈ। ਵਾਹਿਗੁਰੂ ਦੀ ਦਰਗਾਹ ਵਿਚ ਧੀਆਂ-ਪੁੱਤਰ, ਭੈਣ-ਭਰਾ, ਅੰਗ-ਸਾਕ ਤੈਨੂੰ ਕੋਈ ਨਹੀਂ ਛੁਡਾ ਸਕਦਾ। ਉਥੇ ਛੁਡਾਉਣ ਵਾਸਤੇ ਤੇਰਾ ਜਪਿਆ ਹੋਇਆ ਨਾਮ, ਔਰ ਅਮਾਨ। ਜਿਥੇ ਵੀ ਵਾਹਿਗੁਰੂ ਨੂੰ ਸਿਮਰੇਂਗਾ, ਜਿੱਥੇ ਵੀ ਵਾਹਿਗੁਰੂ ਨੂੰ ਚੇਤੇ ਕਰੇਂਗਾ, ਉਹ ਦਿਨ-ਰਾਤ ਤੈਨੂੰ ਉਥੇ ਹੀ ਸਹਾਇਕ ਹੋਵੇਗਾ, ਜਿਥੇ ਤੂੰ ਹੋਵੇਂਗਾ :

*'ਜਿਥੈ ਹਰਿ ਆਰਾਧੀਐ*
*ਤਿਥੈ ਹਰਿ ਮਿਤੁ ਸਹਾਈ॥*

ਪਰ ਸ਼ਰਤ ਨਾਲ ਇਹ ਹੈ :

*'ਗੁਰ ਕਿਰਪਾ ਤੇ ਹਰਿ ਮਨਿ ਵਸੈ*
*ਹੋਰਤੁ ਬਿਧਿ ਲਇਆ ਨ ਜਾਈ॥'* *(ਪੰਨਾ ੭੩੪)*

SIKHBOOKCLUB.COM

ਜਾਦੂਆਂ ਨਾਲ, ਟੂਣਿਆਂ ਨਾਲ, ਜੰਤਰਾਂ-ਮੰਤਰਾਂ-ਤੰਤਰਾਂ ਨਾਲ ਨਾਮ ਨਹੀਂ ਮਿਲੇਗਾ। ਇਹ ਗੁਰੂ ਦੀ ਕ੍ਰਿਪਾ ਨਾਲ ਅੰਦਰ ਵੱਸੇਗਾ, ਗੁਰੂ ਦੀ ਦਇਆ ਨਾਲ ਅੰਦਰ ਵੱਸੇਗਾ! ਇਸ ਵਾਸਤੇ :-

*"ਹਰਿ ਧਨੁ ਸੰਚੀਐ ਭਾਈ॥"*

ਭਰਾਵਾ ਵਾਹਿਗੁਰੂ ਦੇ ਨਾਮ ਦਾ ਧਨ ਇਕੱਠਾ ਕਰ।

*"ਜਿ ਹਲਤਿ ਪਲਤਿ ਹਰਿ ਹੋਇ ਸਖਾਈ॥"*

ਜਿਹੜਾ ਲੋਕ-ਪਰਲੋਕ ਇਥੇ-ਉਥੇ ਤੇਰਾ ਮਿੱਤਰ ਬਣੇ, ਤੇਰਾ ਸਹਾਈ ਬਣੇ, ਤੇਰਾ ਸਖਾ ਸੱਜਣ ਬਣੇ।

*"ਸਤਸੰਗਤੀ ਸੰਗਿ ਹਰਿ ਧਨੁ ਖਟੀਐ*

ਉਸ ਹਰੀ ਪ੍ਰਮਾਤਮਾ ਦੇ ਨਾਮ ਦੇ ਧਨ ਖੱਟਣ ਦੀ ਮੰਡੀ ਹੈ 'ਸਾਧ-ਸੰਗਤਿ।' ਉਹਦੀ ਮਾਰਕੀਟ ਹੈ ਸਾਧ-ਸੰਗਤ!

*"ਸਤਸੰਗਤੀ ਸੰਗਿ ਹਰਿ ਧਨ ਖਟੀਐ*
*ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥* *(ਪੰਨਾ ੭੩੪)*

ਇਸ ਪੰਕਤੀ ਦੇ ਅਰਥ ਹਨ ਕਿ ਸਤਿਗੁਰ ਦੀ ਚਰਨ-ਸ਼ਰਨ ਤੋਂ ਆਏ ਬਿਨਾਂ, ਸਤਿਗੁਰ ਦੀ ਸੇਵਾ ਕੀਤੇ ਤੋਂ ਬਿਨਾਂ ਹੋਰ ਕਿਸੇ ਉਪਾਅ ਨਾਲ ਤੈਨੂੰ ਨਹੀਂ ਪ੍ਰਾਪਤ ਹੋ ਸਕਦਾ 'ਸਤਿਨਾਮ-ਵਾਹਿਗੁਰੂ'। 'ਭਾਈ ਗੁਰਦਾਸ ਜੀ ਕਹਿੰਦੇ ਨੇ :-

*"ਬਲਿਹਾਰੀ ਤਿੰਨ੍ਹਾਂ ਗੁਰਸਿਖਾਂ*
*ਜਾਇ ਜਿਨਾਂ ਗੁਰ ਦਰਸਨ ਡਿਠਾ।* (ਭਾਈ ਗੁਰਦਾਸ, ੧੨/੧)

ਉਹਨਾਂ ਸਿੱਖਾਂ ਤੋਂ ਸਦਕੇ, ਬਲਿਹਾਰ, ਕੁਰਬਾਨ, ਜਿਨ੍ਹਾਂ ਗੁਰੂ ਕਾ ਦੀਦਾਰ ਕੀਤਾ।

*'ਬਲਿਹਾਰੀ ਤਿਨ੍ਹਾਂ ਗੁਰਸਿਖਾਂ*
*ਪੈਰੀ ਪੈ ਗੁਰ ਸਭਾ ਬਹਿਠਾ।* (ਭਾ: ਗੁਰਦਾਸ, ੧੨/੧)

ਉਹਨਾਂ ਗੁਰੂ ਦੇ ਸਿੱਖਾਂ ਤੋਂ ਬਲਿਹਾਰ, ਕੁਰਬਾਨ, ਜਿਨ੍ਹਾਂ ਨੇ ਮੱਥਾ ਟੇਕਿਆ ਸੰਗਤ ਵਿਚ ਬੈਠ ਕੇ। ਔਰ ਭਾਈ ਸਾਹਿਬ ਕਹਿੰਦੇ ਨੇ :-

*'ਬਲਿਹਾਰੀ ਤਿਨ੍ਹਾਂ ਗੁਰਸਿਖਾਂ।*
*ਗੁਰਮਤਿ ਬੋਲ ਬੋਲਦੇ ਮਿੱਠਾ।*
*ਬਲਿਹਾਰੀ ਤਿਨ੍ਹਾਂ ਗੁਰਸਿਖਾਂ---।*
*ਪੁਤ੍ਰ, ਮਿਤ੍ਰ, ਗੁਰ ਭਾਈ ਇਠਾ।'* (ਭਾ: ਗੁਰਦਾਸ, ੧੨/੨)

ਉਹਨਾਂ ਗੁਰੂ ਕੇ ਸਿੱਖਾਂ ਤੋਂ ਬਲਿਹਾਰ, ਸਦਕੇ, ਕੁਰਬਾਨ ਜਿਹੜੇ ਪੁੱਤ ਨਾਲੋਂ, ਜਿਹੜੇ ਮਿੱਤਰ ਨਾਲੋਂ, ਬਲਕਿ ਜਿਹੜੇ ਸਕੇ ਭਰਾ ਨਾਲੋਂ, ਜਿਹੜੇ ਆਪਣੇ ਜਵਾਈ ਨਾਲੋਂ, ਜਿਹੜੇ ਆਪਣੇ ਕੁੜਮ ਨਾਲੋਂ ਗੁਰੂ ਕੇ ਸਿੱਖ ਨੂੰ ਪਿਆਰਾ ਸਮਝਣ। ਕਰੀਬੀ ਤੋਂ ਕਰੀਬੀ ਰਿਸ਼ਤੇਦਾਰ ਨੂੰ ਜਿਹੜੀ ਚੀਜ਼ ਦੇਣੀ, ਉਹ ਗੁਰੂ ਕੇ ਸਿੱਖ ਕੋਲੋਂ ਨਹੀਂ ਲੁਕਾਉਣੀ। ਬਲਕਿ ਕਹਿਣਾ, ਆ ਗੁਰੂ ਕੇ ਪਿਆਰੇ, ਇਹ ਪਦਾਰਥ ਤੇਰਾ ਈ ਹੈ। ਔਰ ਇਹ ਗੁਣ ਕਿਸ ਤਰ੍ਹਾਂ ਆਵੇਗਾ :-

*"ਪੈਰੀ ਪੈ ਗੁਰ ਸਭਾ ਬਹਿਠਾ"*

ਗੁਰੂ ਕੀ ਸੰਗਤ ਵਿਚ ਬੈਠ ਜਾ। ਫਿਰ ਬਾਰ੍ਹਵੀਂ ਵਾਰ ਦਾ ਦੂਜਾ ਸ਼ਬਦ ਪੜ੍ਹਿਉ :-

*ਕੁਰਬਾਣੀ ਤਿਨ੍ਹਾਂ ਗੁਰਸਿਖਾਂ*
*ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾ ਗੁਰਸਿਖਾਂ*
*ਅੰਮ੍ਰਿਤ ਵੇਲੇ ਸਰਿ ਨਾਵੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ*
*ਹੋਇ ਇਕ ਮਨਿ ਗੁਰ ਜਾਪੁ ਜਪੰਦੇ।*
*ਕੁਰਬਾਨੀ ਤਿਨ੍ਹਾਂ ਗੁਰਸਿਖਾਂ*

*ਸਾਧਸੰਗਤਿ ਚਲਿ ਜਾਇ ਜੁੜੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ*
*ਗੁਰਬਾਣੀ ਨਿਤਿ ਗਾਇ ਸੁਣੰਦੇ।----* (ਭਾ: ਗੁਰਦਾਸ ੧੨/੨)
*"ਸਤਸੰਗਤੀ ਹਰਿ ਧਨੁ ਖਟੀਐ"* (ਪੰਨਾ ੭੩੪)
*ਜਤ ਸਤ ਸੰਜਮ, ਹੋਮ ਜਗ ਜਪੁ ਤਪੁ*
*ਦਾਨ ਪੁੰਨ ਬਹੁਤੇਰੇ।-----*
*ਪਾਰਸ ਮਣੀ ਰਸਾਇਣਾ*
*ਕਰਾਮਾਤ ਕਾਲਖ ਆਨ੍ਹੇਰੇ*
*ਪੂਜਾ ਵਰਤ ਉਪਾਰਣੇ*
*ਵਰ ਸਰਾਪ ਸਕਤਿ ਲਵੇਰੇ।*

ਇਹ ਸਾਰੀਆਂ ਚੀਜ਼ਾਂ ਤਾਂ ਜੇ:-

*"ਸਾਧਸੰਗਤਿ ਗੁਰ ਸਬਦ ਵਿਣੁ*
*ਥਾਉ ਨ ਪਾਇਨਿ ਭਲੇ ਭਲੇਰੇ।"* (ਭਾ: ਗੁਰਦਾਸ, ੫/੭)

ਇਹ ਭਾਵੇਂ ਕਿੰਨੀਆਂ ਕੁ ਵੀ ਚੰਗੀਆਂ ਚੀਜ਼ਾਂ ਹੋਣ ਪਰ ਸਿੱਖਾਂ, ਸਾਧ-ਸੰਗਤਿ ਤੋਂ ਬਿਨਾਂ ਤੈਨੂੰ ਹੋਰ ਕਿਥੇ ਥਾਂ ਨਹੀਂ ਮਿਲਣੀ। ਜੇ ਤੂੰ ਸਾਧਸੰਗਤਿ ਨਹੀਂ ਕੀਤੀ ਨਾ ਤਾਂ ਇਨ੍ਹਾਂ ਚੀਜ਼ਾਂ ਦਾ ਕੌਡੀ ਵੀ ਮੁੱਲ ਨਹੀਂ।

*"ਸਤਸੰਗਤੀ ਸੰਗਿ ਹਰਿ ਧਨੁ ਖਟੀਐ*
*ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥*
*ਹਰਿ ਰਤਨੈ ਕਾ ਵਾਪਾਰੀਆ*
*ਹਰਿ ਰਤਨ ਧਨੁ ਵਿਹਾਝੇ*
*ਕਚੈ ਕੇ ਵਾਪਾਰੀਏ ਵਾਕਿ*
*ਹਰਿ ਧਨੁ ਲਇਆ ਨ ਜਾਈ॥*
*ਹਰਿ ਧਨੁ ਰਤਨੁ ਜਵੇਹਰੁ ਮਾਣਕੁ*
*ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ*
*ਹਰਿ ਭਗਤੀ ਹਰਿ ਲਿਵ ਲਾਈ॥"* (ਪੰਨਾ ੭੩੪)

ਹਰਿ ਕਾ ਨਾਮ ਧਨ ਹੈ, ਹਰਿ ਕਾ ਨਾਮ ਜਵਾਹਰਾਤ ਹੈਂ, ਹਰਿ ਕਾ ਨਾਮ ਮਾਨਕ ਮੋਤੀ ਹੈ। ਭਗਤ ਜਨ ਪ੍ਰਭਾਤੇ ਉਠਦੇ ਨੇ ਤੇ ਲਿਵ ਜੋੜਦੇ ਨੇ 'ਸਤਿਨਾਮ-ਸ੍ਰੀ ਵਾਹਿਗੁਰੂ' ਨਾਲ।

ਹਲਤ ਇਥੇ! ਪਲਤ ਉਸ ਦੁਨੀਆਂ ਅਗਲੀ ਵਿੱਚ :

*'ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥*

ਅਰਥਾਤ ਜਿਨ੍ਹਾਂ-ਜਿਨ੍ਹਾਂ ਜਪਿਆ, ਉਹਨਾਂ ਨੂੰ ਫਿਰ ਵਡਿਆਈ ਮਿਲਦੀ ਹੈ। ਉਹਨਾਂ ਨੂੰ ਆਦਰ ਮਿਲਦਾ ਹੈ, ਉਹਨਾਂ ਨੂੰ ਸਤਿਕਾਰ ਮਿਲਦਾ ਹੈ। ਉਹਨਾਂ ਦੀ ਫਿਰ ਜੈ-ਜੈਕਾਰ ਹੁੰਦੀ ਹੈ, ਜਿਨ੍ਹਾਂ ਨੇ ਜਪ ਲਿਆ ਵਾਹਿਗੁਰੂ ਦਾ ਨਾਮ।

*"ਹਰਿ ਧਨੁ ਨਿਰਭਉ ਸਦਾ*
*ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨ ਅਗਨੀ*
*ਕਸਕਰੈ ਬਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਗਾਤੀ ਡੰਡੁ ਨ ਲਗਾਈ॥* (ਪੰਨਾ ੭੩੪)
*"ਮਾਣਕ ਮੋਤੀ ਨਾਮੁ ਪ੍ਰਭ*
*ਉਨ ਲਗੈ ਨਾਹੀ ਸੰਨਿ।"* (ਪੰਨਾ ੧੩੪)

ਇਸ ਪੰਕਤੀ ਦੇ ਅਰਥ ਹਨ ਕਿ ਜਿਸ ਨਾਮ ਨੂੰ ਤੇਰੇ ਕੋਲ ਆਏ ਹੋਏ ਨੂੰ ਕੋਈ ਲੁੱਟ ਨਹੀਂ ਸਕਦਾ ਸਖੀ!

SIKHBOOKCLUB.COM

*"ਵਸ ਆਇਆ ਫਿਰ ਛੋੜ ਨਾ ਜਾਈ॥*

ਜਿਨ੍ਹਾਂ-ਜਿਨ੍ਹਾਂ ਨੇ ਉਹ ਧਨ ਇਕੱਠਾ ਕੀਤਾ ਹੈ, ਜਿਨ੍ਹਾ-ਜਿਨ੍ਹਾਂ ਨੇ ਉਹ ਧਨ ਸੰਗ੍ਰਹਿ ਕੀਤਾ ਹੈ ਤੇ ਨਾਲ ਹਜ਼ੂਰ ਕਹਿੰਦੇ ਨੇ :-

*"ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*

ਜਿਤਨੇ ਰੰਗ, ਆਨੰਦ, ਰਸ, ਖੇੜੇ ਇਸ ਜੀਵ ਨੂੰ ਚਾਹੀਦੇ ਹਨ :-

*"ਸਭੇ ਨਾਰਾਇਣ:*

ਅਰਥਾਤ ਉਹ ਸਾਰੇ ਦੇ ਸਾਰੇ ਨਰਾਇਣ ਕੋਲ ਨੇ, ਉਹ ਸਾਰੇ ਦੇ ਸਾਰੇ ਵਾਹਿਗੁਰੂ ਕੋਲ ਨੇ, ਉਹ ਸਾਰੇ ਦੇ ਸਾਰੇ ਵਾਹਿਗੁਰੂ ਦੇ ਖਜ਼ਾਨੇ ਵਿਚ ਨੇ।"

*'ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*

ਜੋ ਫਿਰ ਉਹਦੇ ਲੜ ਲੱਗ ਜਾਂਦੇ ਨੇ ਨਾ, ਉਹ ਫਿਰ ਉਹਦੀ ਸੁਰ ਨਾਲ ਸੁਰ ਮਿਲਾ ਕੇ ਐਸੇ ਇਕ-ਸੁਰ ਹੁੰਦੇ ਨੇ ਕਿ ਆਪਣੀ ਦਖਲ-ਅੰਦਾਜ਼ੀ ਛੱਡ ਦਿੰਦੇ ਨੇ। ਇਸ ਦੁਨੀਆਂ ਵਿਚ ਖਿੜਦੇ ਨੇ ਕਿ ਜੋ ਕੁਝ ਉਹ ਕਰਦਾ ਹੈ ਠੀਕ ਕਰਦਾ ਹੈ। ਜੋ ਉਹਨੂੰ ਕਰਨਾ ਚਾਹੀਦਾ ਹੈ, ਉਹ ਕਰ ਰਿਹਾ ਹੈ।

'ਭਾਈ ਜੀਏ' ਨੇ ਇਕ ਦਿਨ ਆਖਿਆ, "ਮਹਾਰਾਜ! ਹੇ ਗੁਰੂ ਅੰਗਦ ਸਾਹਿਬ! ਮੈਂ ਜਿਸ ਵਕਤ ਤੁਹਾਡੇ ਵਾਸਤੇ ਖਿਚੜੀ ਲੈ ਕੇ ਤੁਰਦਾ ਹਾਂ, ਉਦੋਂ ਹੀ ਹਨੇਰੀ ਵਗ ਪੈਂਦੀ ਹੈ। ਔਰ ਤੁਹਾਡੇ ਖਾਣੇ ਅਰਥਾਤ ਖਿਚੜੀ ਨੂੰ ਦੇਰ ਹੋ ਜਾਂਦੀ ਹੈ। ਔਰ ਤੁਸੀਂ ਹੁਕਮ ਕਰੋ ਹਾਂ ਕਿ ਉਸ ਵੇਲੇ ਹਨੇਰੀ ਨਾ ਵਗੈ। ਮੀਂਹ ਨਾ ਪਿਆ ਕਰੇ, ਤੇ ਗਰੀਬ-ਨਿਵਾਜ਼ ਸੱਚਾ ਪਾਤਸ਼ਾਹ ਕਹਿਣ ਲੱਗੇ, ਇਹ ਮਨਮਤ ਹੈ। ਉਸ ਨੇ ਕਿਹਾ, ਉਹ ਕਿਵੇਂ? ਗਰੀਬ-ਨਿਵਾਜ਼ ਕਹਿਣ ਲੱਗੇ, ਰੱਬ ਦੀ ਰਜ਼ਾ ਵਿਚ ਦਖਲ ਦੇਣਾ ਇਹ ਮਨਮਤ ਹੈ। ਅਸੀਂ ਇਸ ਬਿਰਤੀ ਨੂੰ ਨਹੀਂ ਲੱਭਦੇ। ਔਰ ਜੇ ਤੈਨੂੰ ਵਾਹਿਗੁਰੂ ਨੇ ਕਾਕਾ ਨਹੀਂ ਦੇਣਾ ਤਾਂ ਤੂੰ ਐਵੇਂ ਜਗ੍ਹਾ-ਜਗ੍ਹਾ ਤੇ ਜਾ ਕੇ ਟੱਕਰਾ ਮਾਰ ਰਿਹਾ ਹੈਂ। ਔਰ ਜੇ ਕੋਈ ਤੇਰੇ ਵਾਸਤੇ ਜੰਤਰ-ਮੰਤਰ ਕਰਦਾ ਹੈ ਤਾਂ ਉਹ ਵਾਹਿਗੁਰੂ ਦੀ ਰਜ਼ਾ ਵਿਚ ਦਖਲ ਦਿੰਦਾ ਹੈ। ਉਹਦੇ ਵਰਗਾ ਤੇ ਮਨਮਤੀਆ ਕੋਈ ਨਹੀਂ! ਤੂੰ ਨਿਰੰਕਾਰ ਦੇ ਦਰ ਤੇ ਟਿਕਿਆ ਰਹੁ, ਉਹਦਾ ਦਰ ਨਾ ਛੱਡ। ਜਿਸ ਵੇਲੇ ਰਹਿਮਤ ਆਏਗੀ, ਜਿਸ ਵੇਲੇ ਰਹਿਮਤ ਦੇ ਦਰਿਆ ਤੇ ਉਛਾਲਾ ਆਵੇਗਾ, ਤੇਰੇ ਘਰ ਉਹਨੇ ਭਰ ਦੇਣੇ ਨੇ, ਪਰ ਤੂੰ 'ਸਿੱਦਕ' ਦੇ ਰੱਖ!

*"ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥"*

ਉਹ ਐਸੇ ਸੁਰ ਵਿਚ ਆ ਜਾਂਦੇ ਨੇ ਲੜ ਲੱਗੇ ਹੋਏ ਕਿ ਜੋ ਵਾਹਿਗੁਰੂ ਜੀਵਾਂ ਕੋਲੋਂ ਕਰਵਾਉਂਦਾ ਹੈ, ਉਹ ਕਰਦੇ ਨੇ ਤੇ ਵਾਹਿਗੁਰੂ ਉਹ ਕੁਝ ਕਰਦਾ ਹੈ ਜੋ ਕੁਝ ਉਸ ਨੂੰ ਚੰਗਾ ਲਗਦਾ ਹੈ। 'ਭਾਈ ਤਾਰੂ ਸਿੰਘ' ਨੂੰ ਸਿਖਰ ਦੁਪਹਿਰ ਵਕਤ ਫੜ ਲਿਆ ਗਿਆ ਆਪਣੇ ਖੇਤਾਂ ਵਿਚ ਕੰਮ ਕਰਦਿਆਂ ਹੋਇਆਂ। ਔਰ 'ਮਾਨ ਸਿੰਘ ਜੀ ਝੌਰ' ਕਹਿੰਦੇ, ਜਿਹੜੇ ਮੈਂ ਅੱਖਰ ਵਰਤਣ ਲੱਗਾ ਹਾਂ ਉਹਦੇ ਵੱਲ ਖਾਸ ਤੌਰ ਤੇ ਬੱਚੀਆਂ ਧਿਆਨ ਦੇਣਗੀਆਂ। ਤਾਰੂ ਨੂੰ ਫੜ ਲਿਆ ਤੇ ਹੱਥਕੜੀਆਂ ਲੱਗਾ ਦਿੱਤੀਆਂ ਤੇ ਹੱਥਕੜੀਆਂ ਵੀ ਲਾਈਆ ਪੁੱਠੀਆਂ। ਔਰ ਪੂਲੇ ਦੀ ਸੰਗਤ ਨੂੰ ਪਤਾ ਲੱਗ ਗਿਆ ਕਿ ਗੁਰੂ ਕਾ ਸਿੱਖ, ਨਾਮ ਰਸੀਆ, ਸੁਖਮਨੀ ਦੇ ਰੰਗ ਵਿਚ ਰੰਗਿਆ ਹੋਇਆ, ਬਾਣੀ ਦਾ ਅੰਮ੍ਰਿਤ ਪੀਣ ਵਾਲਾ 'ਭਾਈ ਤਾਰੂ ਸਿੰਘ' ਫੜਿਆ ਗਿਆ। ਇਕੱਠੀ ਹੋ ਕੇ ਆ ਗਈ ਸੰਗਤ, ਸਿਪਾਹੀਆਂ ਨੂੰ ਲਾਂਭੇ ਕਰ ਦਿੱਤਾ ਤੇ ਤੱਕੜੀ ਲੈ ਆਉਣੇ ਹਾਂ। ਔਰ ਇਕ ਛਾਬੇ ਵਿਚ ਪਾ ਦੇਨੇ ਹਾਂ ਭਾਈ ਤਾਰੂ ਸਿੰਘ ਤੇ ਦੂਜੇ ਛਾਬੇ ਵਿਚ ਪਾ ਦੇਨੇ ਹਾਂ ਸੋਨਾ। ਜਿੰਨਾ ਸੋਨਾ ਭਾਈ ਤਾਰੂ ਸਿੰਘ ਨਾਲ ਤੁਲ ਜਾਏਗਾ, ਉਹ ਲੈ ਜਾਉ ਤੇ ਭਾਈ ਤਾਰੂ ਸਿੰਘ ਨੂੰ ਛੱਡ ਦਿਉ, ਇਹ ਬੇਗੁਨਾਹ ਹੈ। ਸਿਪਾਹੀ ਤਾਂ ਰਜ਼ਾਮੰਦ ਹੋ ਗਏ, ਕਿਉਂਕਿ ਉਹਨਾਂ ਨੂੰ ਤਾਂ ਮਾਲ ਚਾਹੀਦਾ ਹੈ ਤੇ ਭਾਈ ਸਾਹਿਬ 'ਭਾਈ ਤਾਰੂ ਸਿੰਘ' ਹੱਥ ਜੋੜ ਕੇ ਸੰਗਤਾਂ ਦੇ ਸਾਹਮਣੇ, ਨੇਤਰਾਂ ਵਿਚ ਨੇਤਰ ਪਾ ਕੇ, ਆਪਣੀਆਂ ਅੱਖਾਂ ਦੀਆਂ ਸਿੱਪੀਆਂ ਵਿਚੋਂ ਗਰਮ-ਗਰਮ ਮੋਤੀ ਡੋਲ੍ਹ ਕੇ ਕਹਿਣ ਲੱਗੇ, "ਸੰਗਤ ਜੀ! ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੰਗਤ ਜੀ, ਅਕਾਲ ਪੁਰਖ ਦਾ ਰੂਪ ਸੰਗਤ ਜੀ, ਗੁਰੂ ਕੇ ਭਾਣੇ ਵਿਚ

ਦਖਲ ਨਾ ਦਿਉ। ਗੁਰੂ ਕੇ ਭਾਣੇ ਵਿਚ ਹੱਥ ਨਾ ਪਾਉ, ਗੁਰੂ ਕੇ ਭਾਣੇ ਨੂੰ ਅਦਲਾ-ਬਦਲੀ ਕਰਨ ਦੀ ਕੋਸ਼ਿਸ਼ ਨਾ ਕਰੋ। ਜੋ ਕੁੱਝ ਇਹ ਹੋ ਰਿਹਾ ਹੈ, ਜੋ ਕੁਝ ਹੋਣ ਲੱਗਾ ਹੈ, ਇਹ ਮੇਰੇ ਗੁਰੂ ਦਾ ਭਾਣਾ ਹੈ। ਇਹਨੂੰ ਮਿੱਠਾ ਕਰਕੇ ਮੰਨੋ। ਬਲਕਿ ਮੈਨੂੰ ਸੋਨੇ ਦੇ ਬਦਲੇ ਰਿਹਾਅ ਨਾ ਕਰਵਾਉ। ਮੇਰੀਆਂ ਹੱਥਕੜੀਆਂ ਨਾ ਲਵਾਹੋ, ਇਹ ਮੇਰੇ ਸਤਿਗੁਰੂ ਦਾ ਭਾਣਾ ਹੈ। ਇਹ ਮੇਰੇ ਮਾਲਿਕ ਦੀ ਰਜ਼ਾ ਹੈ ਤੇ ਰਜ਼ਾ ਵਿਚ ਰਹਿਣਾ ਮੇਰੇ ਸਿੱਖ ਦਾ ਧਰਮ ਹੈ।" ਇਹ ਸੁਣ ਕੇ ਸੰਗਤ ਪਿਛਾਹ ਹਟ ਗਈ ਤੇ ਜਵਾਨ ਭੈਣ ਤੇ ਵਿਧਵਾ ਮਾਂ ਸਾਹਮਣੇ ਆ ਕੇ ਖੜੀ ਹੋ ਗਈ। ਕਹਿਣ ਲੱਗੀ, "ਤਾਰੂ ਸਿੰਘਾ! ਤੇਰੇ ਪਿਤਾ ਦੀ ਨਿਸ਼ਾਨੀ ਇਕੋ-ਇਕ ਮੇਰੇ ਕੋਲ ਹੈਂ, ਤੇਰੀ ਭੈਣ। ਤੇਰੇ ਉਤੇ ਬੜੀਆਂ ਆਸਾਂ-ਉਮੀਦਾਂ ਸਨ, ਤੇਰਾ ਦਰਸ਼ਨ ਕਰਕੇ ਮੈਨੂੰ ਆਪਣੇ ਪਤੀ ਦੇ ਦਰਸ਼ਨ ਹੋ ਜਾਂਦੇ ਸਨ। ਔਰ ਤੂੰ ਹੁਣ ਭਾਣਾ ਵਰਤਾਣ ਲੱਗਾ ਹੈਂ। ਤਾਰੂ ਸਿੰਘਾ, ਇਕ ਕੰਮ ਤੇ ਕਰ ਜਾ, ਆਪਣੀ ਭੈਣ ਦੇ ਹੱਥ ਪੀਲੇ ਤੇ ਕਰ ਜਾ। ਉਹਦੀ ਜਵਾਨੀ ਵਲ ਤਾਂ ਵੇਖ! ਇਹਨੂੰ ਕੌਣ ਸਾਂਭੇਗਾ? ਇਹਦਾ ਫਰਜ਼ ਕੌਣ ਅਦਾ ਕਰੇਗਾ? ਇਸ ਲੜਕੀ ਆਪਣੀ ਭੈਣ ਉਤੇ ਤਰਸ ਕਰਕੇ ਹੀ ਸੰਗਤ ਦਾ ਕਹਿਣਾ ਮੰਨ ਲੈ। ਰਿਹਾਈ ਪਰਵਾਨ ਕਰ ਲੈ 'ਤੇ ਮਾਂ ਦੀ ਗੱਲ ਖਤਮ ਹੋਈ ਤਾਂ ਭੈਣ ਸਾਹਮਣੇ ਆ ਗਈ ਤੇ ਕਹਿਣ ਲੱਗੀ, ਵੀਰਾ। ਤੇਰਾ ਮੇਰਾ ਦੁੱਧ ਦਾ ਸਾਥ ਹੈ। ਮੈਂ ਤੇ ਤੂੰ ਇਕ ਮਾਂ ਦੀ ਗੋਦ ਵਿਚ ਬੈਠ ਕੇ ਜੰਨਤ ਦੇ ਹੁਲਾਰੇ ਮਾਰੇ ਨੇ! ਭੈਣਾਂ ਤੇ ਭਰਾਵਾਂ ਦਾ ਵੀਰਾ-----ਪਿਆਰ ਹੀ ਬੜਾ ਹੁੰਦਾ ਹੈ ਤੇ ਮੈਂ ਉਸ ਭੈਣ-ਭਰਾ ਦੇ ਨਾਤੇ ਤੇਰੇ ਕੋਲ ਮਿੰਨਤ ਕਰਦੀ ਹਾਂ, ਮੈਨੂੰ ਕਿਸੇ ਲੇਖੇ ਲਾ ਜਾ, ਮੈਨੂੰ ਆਪਣਾ ਫਰਜ਼ ਅਦਾ ਕਰਕੇ ਦੇ ਜਾ, ਫੇਰ ਕੁਰਬਾਨ ਕਰ ਲਈਂ! ਇਹ ਸੁਣ ਕੇ ਫਿਰ ਭਾਈ ਸਾਹਿਬ ਨੇ ਆਪਣੀ ਮਾਂ ਤੇ ਭੈਣ ਨੂੰ ਜਵਾਬ ਦਿੱਤਾ ਸੀ, ਮਾਇਆ ਬਣ ਕੇ, ਹੇਰਾ-ਫੇਰੀ ਕਰਨ ਵਾਲੀ ਮਾਇਆ ਬਣ ਕੇ, ਮੇਰੇ ਰਸਤੇ ਵਿਚ ਰੁਕਾਵਟ ਨਾ ਪਾ। ਮਾਇਆ ਬਣ ਕੇ, ਜਾਲ ਬਣ ਕੇ ਮੇਰੇ ਪੈਰਾਂ ਤੇ ਬੇੜੀਆਂ ਪਾ ਕੇ ਮੈਨੂੰ ਕੁਰਬਾਨੀ ਕਰਨ ਵੱਲੋਂ ਨਾ ਹਟਾਉ! ਗੁਰੂ ਦੇ ਭਾਣੇ ਵਿਚ ਦਖਲ ਨਾ ਦਿਉ। ਮਾਂ, ਤੇਰਾ ਰਾਖਾ ਕਲਗੀ ਵਾਲਾ ਹੈ। ਭੈਣੇ, ਤੇਰਾ ਰਾਖਾ ਅਕਾਲ ਪੁਰਖ ਹੈ, ਉਸ ਦੇ ਲੱੜ ਲੱਗ ਜਾ। ਕੋਈ ਇਸ਼ਨਾਨ-ਪਾਨ ਨਹੀਂ ਕਾਜ਼ੀ ਨੇ ਪੇਸ਼ ਕੀਤਾ। ਕਾਜ਼ੀ ਨੇ ਫਤਵਾ ਲਾਇਆ, ਇਸ ਨੂੰ ਚਰਖੜੀ ਤੇ ਚਾੜ੍ਹ ਦਿਉ। ਹਾਲਾਂਕਿ ਕੁਰਾਨੇ-ਕਰੀਮ ਵਿਚ ਇਹ ਕਹਿੰਦੇ ਨੇ ਕਿ ਜਿਹੜਾ ਮੁਸਲਮਾਨ ਤਲਵਾਰ ਫੜ ਕੇ ਕਿਸੇ ਮੋਮੀ ਨੂੰ ਕਤਲ ਕਰੇ, ਤਾਂ ਉਹਨੂੰ ਪਤਾ ਵੀ ਹੋਵੇ ਕਿ ਇਹ ਮੋਮੀਲ ਹੈ, ਫਿਰ ਉਹਨੂੰ ਕਤਲ ਕਰਦਾ ਹੈ ਮੁਸਲਮਾਨ। ਇਹ ਜਾਣ-ਬੁੱਝ ਕੇ ਕਰਦਾ ਹੈ ਤੇ ਇਹਦਾ ਨਤੀਜਾ, ਇਹਦਾ ਸਿਲਾ ਮੁਸਲਮਾਨ ਨੂੰ ਇਹ ਮਿਲੇਗਾ ਤਲਵਾਰ ਮਾਰਨ ਵਾਲੇ ਨੂੰ ਕਿ ਉਹ ਨਰਕਾਂ ਵਿਚ ਜਾਏਗਾ ਜਿਸ ਨੇ ਮੋਮੀਲ ਕਤਲ ਕੀਤਾ ਹੈ!

*"ਗਜ਼ਬ ਅੱਲਾ ਹੂ ਇਲਾਹਿਮ।"*

ਉਹਦੇ ਉੱਤੇ ਅੱਲਾ ਦਾ ਗਜ਼ਬ ਨਰਾਦਰ ਹੋਵੇਗਾ, ਜਿਹੜਾ ਮੋਮੀਲ ਦਾ ਕਤਲ ਕਰੇ।

*"ਅਜ਼ਾਦਮ ਅਜ਼ੀਮ।"*

ਉਹਨੂੰ ਬੜੇ-ਬੜੇ ਅਜ਼ੀਮ, ਬੜੇ-ਬੜੇ ਵੱਡੇ, ਔਖੇ ਜਿਹੇ ਕਰੜੇ ਅਜ਼ਾਦ ਦੇਵੇਗਾ ਅੱਲਾ, ਜਿਹੜਾ ਤਲਵਾਰ ਫੜ ਕੇ ਕਿਸੇ ਮੋਮੀਲ ਦਾ ਕਤਲ ਕਰੇਗਾ। ਕਾਜ਼ੀ ਨੇ ਸਿਆਪਾ ਪਾ ਦਿੱਤਾ ਕਿ ਉਹ ਮੋਮੀਲ ਦੇ ਮਾਅਨੇ ਕਰਦਾ ਮੁਸਲਮਾਨ। ਲੇਕਿਨ ਦੁਹਾਈ ਰੱਬ ਦੀ ਮੋਮੀਲ ਦੇ ਮਾਅਨੇ ਨਹੀਂ ਹੈ ਮੁਸਲਮਾਨ। ਕੁਰਾਨੇ-ਕਰੀਮ ਦੀ ਡਿਕਸ਼ਨਰੀ ਵਿਚ ਮੋਮੀਲ ਦੇ ਮਾਅਨਿਆਂ ਦੀ ਤਸ਼ਰੀਹ ਕੀਤੀ ਹੈ ਪਰਹੇਜ਼ਗਾਰ ਆਦਮੀ ਨੇ, ਪਾਕ-ਸਾਫ ਆਦਮੀ ਨੇ ਤੇ ਇਹ ਅਸੂਲ ਤਾਂ ਨਹੀਂ ਪਾਕ-ਸਾਫ ਮੁਸਲਮਾਨਾਂ ਵਿਚ ਹੀ ਜੰਮਦੇ ਹਨ, ਇਸਾਈਆਂ ਵਿਚ ਨਹੀਂ। ਕਿਸੇ ਵੀ ਪਾਕ-ਸਾਫ ਨੂੰ ਕਤਲ ਕਰਨਾ ਕੁਰਾਨ ਨੇ ਮਨ੍ਹਾਂ ਕੀਤਾ ਹੈ। ਲੇਕਿਨ ਕਾਜ਼ੀ ਨੇ ਪੈਸੇ ਵਿਚ ਆ ਕੇ ਪਾਕ-ਸਾਫ 'ਭਾਈ ਤਾਰੂ ਸਿੰਘ', ਅੰਦਰੋਂ-ਬਾਹਰੋਂ ਸ਼ੁੱਧ-ਪਵਿੱਤਰ ਭਾਈ ਤਾਰੂ ਸਿੰਘ, ਦਿਨੇ-ਰਾਤ ਸੁਖਮਨੀ ਦਾ ਅੰਮ੍ਰਿਤ ਪੀਣ ਵਾਲਾ ਭਾਈ ਤਾਰੂ ਸਿੰਘ। ਉਹਨੂੰ ਫਤਵਾ ਲਾ ਦਿੱਤਾ ਕਿ ਇਸ ਨੂੰ ਚਰਖੜੀ ਤੇ ਚੜ੍ਹਾ ਦਿਓ। ਦਰਦ ਵਾਲੇ ਲੋਕਾਂ ਦੇ ਦਿਲ ਕੰਬ ਗਏ ਕਿ ਹੈਂ! ਇੰਨੀ ਸੋਹਣੀ ਸੂਰਤ, ਚੜ੍ਹਦੀ ਜਵਾਨੀ, ਗੁਰੂ ਕਾ ਲਾਲ, ਇਹਦਾ ਤੇ ਕੋਈ ਪਾਪ ਵੀ ਨਹੀਂ, ਇਸ ਨੂੰ ਚਰਖੜੀ ਤੇ ਚਾੜ੍ਹਿਆ ਜਾਏਗਾ। ਕਈ ਉਪਾਅ ਕੀਤੇ ਗਏ, ਲੇਕਿਨ ਕਾਜ਼ੀ ਦਾ ਹੁਕਮ ਟਾਲਿਆ ਨਾ ਗਿਆ। ਔਰ ਭਾਈ ਤਾਰੂ ਸਿੰਘ ਨੂੰ ਚਰਖੜੀ ਤੇ ਚਾੜ੍ਹ ਦਿਤਾ ਗਿਆ। ਤੇ ਚਰਖੜੀ ਦੇ ਦੰਦਿਆਂ ਨੇ ਭਾਈ ਸਾਹਿਬ ਦੇ ਬਦਨ ਦੀਆਂ ਬੋਟੀਆਂ ਤੋੜ ਲਈਆਂ ਤੇ ਲਹੂ ਦੇ ਫੁਆਰੇ ਚਲ ਪਏ। ਚਰਖੜੀ ਤੇ ਚੜ੍ਹਿਆ-ਚੜ੍ਹਿਆ ਜਿਹੜਾ ਸਰੀਰ ਸੀ ਨਾ ਉਹ ਗੰਨੇ ਵਾਂਗੂੰ ਪੀਸਿਆ ਗਿਆ, ਹੱਡ-ਗੋਡੇ ਟੁੱਟ ਗਏ। ਲੋਕੀਂ ਇਹ ਸਭ ਵੇਖ ਕੇ ਤਰਾਹ-ਤਰਾਹ ਕੰਬ ਰਹੇ ਸਨ ਤੇ ਮਾਈ-ਭਾਈ ਅੱਥਰੂ ਕੇਰ ਰਹੇ ਸਨ। ਇਕ ਜਲਾਦ ਤੇ ਕਾਜ਼ੀ ਬੜੇ ਖੁਸ਼ ਸਨ ਕਿ ਅਸਾਂ ਬੜਾ ਸੁਆਬ ਦਾ ਕੰਮ ਕੀਤਾ ਹੈ, ਅਸਾਂ ਬੜਾ ਪੁੰਨ ਦਾ ਕੰਮ ਕੀਤਾ ਹੈ, ਅਸਾਂ ਇਸਲਾਮ ਦੀ ਖਿਦਮਤ ਕੀਤੀ ਹੈ। ਉਹ ਸਿਰਫ ਖੁਸ਼ ਨਜ਼ਰ ਆ ਰਹੇ ਸਨ, ਨਹੀਂ ਤਾਂ ਬਾਕੀ ਤਮਾਮ ਲੋਕ ਹੌਕੇ ਭਰ-ਭਰ ਕੇ ਰੋ ਰਹੇ ਸਨ ਤੇ ਜਿਸ ਵੇਲੇ ਸਰੀਰ ਗੰਨੇ ਵਾਂਗੂੰ ਪੀਸਿਆ ਗਿਆ, ਹੱਡ-ਗੋਡੇ ਟੁੱਟ ਗਏ, ਮਾਸ ਦੀਆਂ ਬੋਟੀਆਂ ਟੁੱਟ ਗਈਆਂ ਤੇ ਜਲਾਦ ਨੇ ਆਖਿਆ, ਤਾਰੂ ਸਿੰਘਾ! ਮੇਰੇ ਬਾਦਸ਼ਾਹ ਸਲਾਮਤ ਦਾ ਹੁਕਮ ਹੈ ਚਰਖੜੀ ਚਾੜ੍ਹਨਾ, ਹੱਥ-ਗੋਡੇ ਤੋੜਨੇ, ਮਾਸ ਦੀਆਂ ਬੋਟੀਆਂ ਨੋਚ ਲੈਣੀਆਂ ਤੇ ਫਿਰ ਇਹ ਗੱਲ ਉਹਨੂੰ ਕਹਿਣੀ ਪਈ ਕਿ ਜੇ 'ਗੁਰੂ ਗੋਬਿੰਦ ਸਿੰਘ' ਸਾਹਿਬ ਦਾ ਸਿੱਖ ਹੈਂ, ਜੇ ਇਸ ਨੇ ਅੰਮ੍ਰਿਤ ਪੀਤਾ ਹੋਇਆ ਹੈ ਤੇ ਚੌਂਕੜੀ ਮਾਰ ਕੇ ਬੈਠੇ ਇਸ ਨੂੰ ਲੇਟਣ ਨਾ ਦੇਣਾ। ਔਰ ਭਾਈ ਸਾਹਿਬ ਨੇ ਇਹ ਬਚਨ ਸੁਣ ਕੇ ਕਿਹਾ, "ਜਲਾਦਾ, ਇਹ ਤੇਰੇ ਝੂਠੇ ਬਾਦਸ਼ਾਹ ਦਾ ਹੁਕਮ ਹੈ, ਚਾਰ-ਦਿਨਾਂ ਦੇ ਮਹਿਮਾਨ ਬਾਦਸ਼ਾਹ ਦਾ ਹੁਕਮ ਹੈ। ਮੈਨੂੰ ਚਰਖੜੀ ਚਾੜ੍ਹਨਾ,

ਬੋਟੀਆਂ ਤੋੜਨੀਆਂ, ਖ਼ੂਨ ਦੀਆਂ ਨਦੀਆਂ ਵਗਾਉਣੀਆਂ, ਫਿਰ ਮੈਨੂੰ ਕਹਿਣਾ ਬਹੋ, ਇਹ ਜ਼ੁਲਮ ਦਾ ਭਰਿਆ ਹੋਇਆ ਹੁਕਮ ਇਹ ਤੇਰੇ ਝੂਠੇ ਬਾਦਸ਼ਾਹ ਦਾ ਹੈ।" ਮੇਰੇ ਸੱਚੇ ਪਾਤਸ਼ਾਹ ਦਾ ਹੁਕਮ ਕਦੇ ਸੁਣਿਆ ਈ! ਜਲਾਦ ਹੈਰਾਨ ਸੀ, ਕਾਜ਼ੀ ਹੈਰਾਨ ਸੀ ਤੇ ਕਹਿਣ ਲੱਗਾ, ਤਾਰੂ ਸਿੰਘਾ, ਤੇਰੇ ਸੱਚੇ ਪਾਤਸ਼ਾਹ ਦਾ ਕੀ ਹੁਕਮ ਹੈ? ਤੇ ਭਾਈ ਸਾਹਿਬ ਮਸਤੀ ਵਿਚ ਮਸਤ, ਮੁਹੱਬਤ ਦੇ ਪਵਿੱਤਰ ਦਰਿਆ ਵਿਚ ਗੋਤਾ ਲਾ ਕੇ ਅੰਦਰੋਂ-ਬਾਹਰੋਂ ਰੰਗੇ ਹੋਏ।

'ਮਾਨ ਸਿੰਘ ਜੀ ਝੋਰ' ਕਹਿੰਦੇ, ਮੈਂ ਇਕ ਬਜ਼ੁਰਗ ਦਾ ਬਚਨ ਪੜ੍ਹਿਆ ਹੈ। ਉਹ ਕਹਿੰਦਾ ਹੈ :-

*"ਮੁਹੱਬਤ ਹਰ ਤਰਫ ਹੈ"*

ਇਸ ਦੁਨੀਆਂ ਦੀ ਹਰ ਸੁਸਾਇਟੀ ਵਿੱਚ ਜਿਸ ਤਰਫ ਦੇਖੋ ਮੁਹਬਤ ਹੀ ਕਾਰੋਬਾਰ ਕਰ ਰਹੀ ਹੈ। ਜੇ ਮਾਂ ਦੇ ਅੰਦਰ ਮੁਹੱਬਤ ਨਾ ਹੋਵੇ ਤਾਂ ਉਹ ਕਦੇ ਵੀ ਬੱਚੇ ਦਾ ਮੱਲ-ਮੂਤਰ ਸਾਫ਼ ਕਰਕੇ, ਸਰਦੀ ਦੀਆਂ ਲੰਬੀਆਂ ਰਾਤਾਂ ਉਹਦੇ ਮੱਲ-ਮੂਤਰ ਵਾਲੇ ਥਾਂ ਵਿੱਚ ਨਾ ਗੁਜ਼ਾਰੇ। ਔਰ ਜੇ ਮਾਂ ਦੇ ਅੰਦਰ ਆਪਣੇ ਪੁੱਤਰ ਵਾਸਤੇ ਮੁਹੱਬਤ ਨਾ ਹੋਵੇ ਤਾਂ ਉਹ ਆਪਣੀ ਜਵਾਨੀ ਘੋਲ-ਘੋਲ ਕੇ, ਦੁੱਧ ਬਣਾ ਕੇ ਆਪਣੇ ਬੱਚੇ ਨੂੰ ਨਾ ਪਿਆਲੇ ਤਾਂ ਉਹਨੂੰ ਚੈਨ ਨਹੀਂ ਮਿਲਦਾ। ਜੇ ਮਾਂ ਦੇ ਅੰਦਰ ਮੁਹੱਬਤ ਨਾ ਹੋਵੇ ਤੇ ਬੱਚੇ ਦੀ ਢਿੱਡ ਦੀ ਪੀੜ ਨੂੰ ਅਨੁਭਵ ਕਰਕੇ ਮਾਂ ਸਾਰੀ-ਸਾਰੀ ਰਾਤ ਨਾ ਜਾਗੇ।

SIKHBOOKCLUB.COM

*"ਮੁਹੱਬਤ ਹਰ ਤਰਫ ਹੈ,*
*ਸਿਤਾਰੋਂ ਮੇਂ, ਘਟਾ ਮੇਂ, ਗੁੱਲ ਮੇਂ, ਸ਼ਬਨਮ ਮੇਂ।*
*ਮੁਹਬਤ ਕੀ ਖਾਮੋਸ਼ੀ ਕੇ ਹੈਂ ਸਿੱਪੇ,*
*ਕੋ ਹਸਾਰੇ ਕਰ।*
*ਮੁਹੱਬਤ ਗੁਣਗੁਣਾਤੀ ਹੈ ਰੂ ਪਹਿਲੀ,*
*ਆਪ ਇਸ਼ਾਰੇ ਕਰ।*
*ਮੁਹੱਬਤ ਹੀ ਕੀ ਬੂ ਆਤੀ ਹੈ,*
*ਕਲਗੀਓਂ ਕੇ ਪਸੀਨੇ ਮੇਂ।*
*ਮੁਹੱਬਤ ਰੰਗ ਭਰਤੀ ਹੈ,*
*ਫਿਜ਼ਾ ਕੇ ਆਬਗੀਨੇ ਮੇਂ।*
*ਮੁਹੱਬਤ ਬਣ ਕੇ ਆਇਆ ਹੈ ਖੁਦਾ,*
*ਖੁਦ ਸ਼ਕਲੇ ਇਨਸਾਨੀ।*
*ਮੁਹੱਬਤ ਅਗਰ ਨਾ ਹੋ ਤੋ,*
*ਜ਼ਿੰਦਗੀ ਬੇਮੂਲ ਹੋ ਜਾਏ।*

*ਮੁਹੱਬਤ ਰੂਹ ਕਾ ਮਜ਼ਬ ਹੈ,*
*ਈਮਾਨ ਹੈ ਨਿਗਾਹੋਂ ਕਾ।*
*ਮੁਹੱਬਤ ਕੋ ਸਕੂਨ ਮਿਲਤਾ ਹੈ,*
*ਅਕਸਰ ਇਕਰਾਰੋਂ ਮੇਂ।*
*ਮੁਹੱਬਤ ਖੋਲ੍ਹਤੀ ਹੈ ਆਂਖ,*
*ਬੇਤਾਬੀਰ ਖਿਆਲੋਂ ਮੇਂ।*
*ਮੁਹੱਬਤ ਗੈਰ ਖਾਨੀਂ ਹੈ,*
*ਮੁਹੱਬਤ ਮਰ ਨਹੀਂ ਸਕਤੀ।*

ਇਸ ਪੰਕਤੀ ਦੇ ਅਰਥ ਹਨ ਕਿ ਪਿਆਰ ਕਦੇ ਨਸ਼ਟ ਨਹੀਂ ਹੋਇਆ, ਪਿਆਰ ਕਦੇ ਬਰਬਾਦ ਨਹੀਂ ਹੋਇਆ। ਇਹ ਸਦਾ ਜੀਉਂਦੀ ਜਾਗਦੀ ਚੀਜ਼ ਹੈ। ਐਵੇਂ ਨਹੀਂ ਗਰੀਬ-ਨਿਵਾਜ਼ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਕਿਹਾ :-

*"ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥"*

ਇਹ ਕੋਈ ਬੜਾ ਅਜੀਬ ਤੋਹਫਾ ਹੈ, ਜਿਸ ਨੂੰ ਅਸੀਂ ਮੁਹੱਬਤ ਕਹਿੰਦੇ ਹਾਂ। ਭਾਈ ਸਾਹਿਬ ਮੁਹਬੱਤ ਵਿਚ ਆਏ ਹੋਏ, ਮੁਹਬਤ ਦੇ ਦਰਿਆ ਵਿਚ ਤਾਰੀਆਂ ਲਾਉਂਦੇ ਹੋਏ, ਪ੍ਰੇਮ ਦੇ ਸਾਗਰ ਵਿਚ ਕਲੋਲ ਕਰਦੇ, ਸੁਰਤ ਜੁੜੀ ਹੋਈ ਤੇ ਜੀਉਂਦਾ-ਜਾਗਦਾ ਮਾਲਿਕ ਸਾਹਮਣੇ ਹੈ। ਲਹੂ ਵੱਗ ਰਿਹਾ ਹੈ ਚਿੰਤਾ ਨਹੀਂ, ਗੋਡੇ ਟੁੱਟ ਗਏ ਨੇ ਚਿੰਤਾ ਨਹੀਂ, ਸਰੀਰ ਪੀਸਿਆ ਹੋਇਆ ਹੈ ਚਿੰਤਾ ਨਹੀਂ। ਇਹ ਵੇਖ ਕੇ ਕਾਜ਼ੀ ਨੇ ਪੁੱਛਿਆ, ਕੀ ਤੇਰਾ ਸੱਚਾ ਪਾਤਸ਼ਾਹ ਹੁਕਮ ਦਿੰਦਾ ਹੈ? ਤੇ ਭਾਈ ਸਾਹਿਬ ਨੇ ਰੰਗ ਵਿਚ ਆ ਕੇ ਜਵਾਬ ਦਿੱਤਾ ਸੀ :-

*"ਸੋ ਦੁੱਖ ਕੈਸਾ ਪਾਵੈ ਰੱਬ,*
*ਸੋ ਦੁੱਖ ਕੈਸਾ ਪਾਵੈ।*
*ਜਿਸ ਕੇ ਸਿਰ ਊਪਰਿ ਤੂੰ ਸੁਆਮੀ,*
*ਸੋ ਦੁਖੁ ਕੈਸਾ ਪਾਵੈ॥*
*ਸਿਰ ਊਪਰਿ ਠਾਢਾ ਗੁਰੁ ਸੂਰਾ॥*
*ਨਾਨਕ ਤਾ ਕੈ ਕਾਰਜ ਪੂਰਾ॥*
*ਜਿਸ ਕੇ ਸਿਰ ਊਪਰਿ ਤੂੰ ਸੁਆਮੀ*
*ਸਿਰ ਊਪਰਿ ਮਾਤ ਪਿਤਾ ਗੁਰਦੇਵ॥*
*ਸਫਲ ਮੂਰਤਿ ਜਾ ਕੀ ਨਿਰਮਲ ਸੇਵ॥*
*ਜਿਸ ਕੇ ਸਿਰ ਊਪਰਿ ਤੂੰ ਸੁਆਮੀ*

*ਸੋ ਦੁਖੁ ਕੈਸਾ ਪਾਵੈ॥"*

*"ਸਮਰਥ ਗੁਰੂ ਸਿਰਿ ਹਥੁ ਧਰ੍ਉ॥*

*ਜਿਸ ਕੇ ਸਿਰ ਊਪਰ ਤੂੰ ਸੁਆਮੀ।*

*ਰਵਿ ਕੇ ਸੁਤ ਤਿਨ ਤ੍ਰਾਸ ਕਹਾਂ।"*

ਰਵਿ ਦੇ ਅਰਥ ਹਨ ਸੂਰਜ, ਤੇ ਸੁੱਤ ਦੇ ਅਰਥ ਹਨ ਪੁੱਤਰ। ਸੂਰਜ ਦਾ ਪੁੱਤਰ ਕਹਿੰਦੇ ਨੇ ਧਰਮਰਾਜਾ ਹੈ। ਸੂਰਜ ਦੇ ਪੁੱਤਰ ਧਰਮ ਰਾਜੇ ਦਾ ਉਹਨਾਂ ਨੂੰ ਕੋਈ ਡਰ ਨਹੀਂ, ਉਹਨਾਂ ਨੂੰ ਕੋਈ ਭੈਅ ਨਹੀਂ। ਭਾਈ ਤਾਰੂ ਸਿੰਘ ਜੀ ਕਹਿੰਦੇ, ਜਲਾਦਾ ਮੇਰੇ ਗੁਰੂ ਨੇ ਪੁਕਾਰ ਕੇ ਇਹ ਗੱਲ ਕਹੀ ਹੈ :-

*"ਵਾ ਨਹੀਂ ਲੱਗਦੀ ਗੁਰੂ ਕੇ ਸੇਵਕ ਨੂੰ,*

*ਜੀ--ਤੱਤੀ ਵਾਅ ਨਹੀਂ ਲਗਦੀ*

*ਗੁਰੂ ਕੇ ਸੇਵਕ ਨੂੰ---*

*ਤਾਤੀ ਵਾਉ ਨ ਲਗਈ*

*ਪਾਰਬ੍ਰਹਮ ਸਰਣਾਈ॥"* *(ਪੰਨਾ ੮੧੯)*

'ਮਾਨ ਸਿੰਘ ਜੀ ਝੌਰ' ਕਹਿੰਦੇ ਹਨ ਕਿ ਗੁਰੂ ਕਾ ਇਤਿਹਾਸ ਨਾਵਲ ਨਹੀਂ, ਉਹ ਉਪਨਿਆਸ ਨਹੀਂ। ਬੜਾ ਬਾਲ-ਅਵਸਥਾ ਦਾ ਮਾਲਿਕ ਹੈ ਸਿੱਖ ਗੁਰੂ! ਬੜੇ-ਬੜੇ ਪੁਰਾਣੇ ਧਰਮ ਨੇ, ਜਿਨ੍ਹਾਂ ਦੀ ਰੂਪ-ਰੇਖਾ ਈ ਕੋਈ ਨਹੀਂ ਰਹੀ। ਦਿੱਤੇ ਦਾ ਮਜ਼੍ਹਬ ਸੀ, ਉਹਦੀ ਵੀ ਰੂਪ-ਰੇਖਾ ਹੀ ਮਿੱਟ ਗਈ। ਨਿਰੰਜਣ-ਦਾਸੀਆਂ ਦਾ ਵੀ ਇਕ ਮਜ਼੍ਹਬ ਸੀ, ਉਹਨਾਂ ਦੀ ਵੀ ਰੂਪ-ਰੇਖਾ ਮਿੱਟ ਗਈ!

ਬੱਮ-ਮਾਰਗ ਉਹਨੂੰ ਆਖਦੇ ਨੇ ਭਈ ਧੀ ਨਾਲ ਵੀ ਵਿਆਹ ਕਰ ਲਉ, ਭੈਣ ਨਾਲ ਵੀ ਵਿਆਹ ਕਰ ਲਉ ਤੇ ਜੇ ਚਾਰੋਂ ਪਾਸੇ ਜ਼ੋਰ ਨਾ ਪਵੇ ਤਾਂ ਮਾਂ ਨਾਲ ਵੀ ਬੇਸ਼ਕ ਵਿਆਹ ਕਰ ਲਉ। ਔਰ ਜਿਸ ਪੰਥ ਦੇ ਅੰਦਰ, ਜਿਸ ਮਜ਼੍ਹਬ ਦੇ ਅੰਦਰ ਸ਼ਰਾਬ ਜਾਇਜ਼ ਹੈ, ਉਥੇ ਦੁਨੀਆਂ ਭਰ ਦਾ ਕੋਈ ਐਸਾ ਗੁਨਾਹ ਨਹੀਂ, ਜਿਹੜਾ ਨਾ ਆਵੇ। ਬਲਕਿ ਇਹ ਤਮਾਮ ਗੁਨਹਾਂ ਨੂੰ ਆਵਾਜ਼ ਮਾਰਦੀ ਹੈ।

*"ਛੁਪੀ ਹੈ ਆਗ ਪਾਣੀ ਮੇਂ,*

*ਭਰਾ ਹੈ ਜ਼ਹਿਰ ਸ਼ੀਸ਼ੀ ਮੇਂ।*

*ਛੁਪੀ ਹੈ ਆਗ ਪਾਣੀ ਮੇਂ।*

*ਗਲਾਸੋਂ ਮੇਂ ਜੋ ਡੂਬੇ ਹੈਂ,*

*ਵੋਹ ਨਾ ਉਭਰੇਂ ਜ਼ਿੰਦਗਾਨੀ ਮੇਂ।"*

'ਧੰਨ ਗੁਰੂ ਗੋਬਿੰਦ' ਸਾਹਿਬ ਜੋ ਲਿਖ ਗਿਆ ਉਹ ਹੀਰਾ ਸਾਡੀ ਝੋਲੀ ਵਿਚ ਪਾ ਗਿਆ, ਉਹ ਹੀਰਾ ਸਾਡੇ ਬਟੂਏ ਵਿਚ ਪਾ ਗਿਆ। ਗੁਰੂ ਨੇ ਕਿਹਾ ਹੈ ਕਿ ਕਦੀ ਬਦੀ ਦਾ ਰਸਤਾ ਨਾ ਫੜੀਂ, ਨੇਕੀ ਦਾ ਰਸਤਾ ਫੜ। ਔਰ ਜਿਨ੍ਹਾਂ ਨੇਕੀ ਦਾ ਰਸਤਾ ਫੜਿਆ ਨਾ ਉਹ ਚਰਖੜੀ ਚੜ੍ਹ ਕੇ ਕਹਿਣ ਲੱਗੇ----। ਇਹ ਸੁਣ ਕੇ ਜਲਾਦ ਦੇ ਛੱਕੇ ਛੁੱਟ ਗਏ ਤੇ ਕਾਜ਼ੀ ਵੀ ਵੇਖ ਕੇ ਹੈਰਾਨ ਰਹਿ ਗਿਆ। ਟੁੱਟਦੀਆਂ ਹੋਈਆਂ ਬੋਟੀਆਂ, ਵਗਦੀਆਂ ਲਹੂ ਦੀਆਂ ਧਾਰਾਂ, ਗੰਨੇ ਵਾਂਗੂੰ ਪੀੜਿਆ ਹੋਇਆ ਸਰੀਰ, ਟੁੱਟੇ ਹੋਏ ਜੋੜ ਤੇ ਇਹ ਅਜੇ ਵੀ ਇਉਂ ਬੈਠਾ ਹੈ ਜਿਵੇਂ ਬੰਦਗੀ ਵਿਚ ਕੋਈ ਆਦਮੀ ਬੈਠਾ ਹੁੰਦਾ ਹੈ। ਔਰ ਜਲਾਦ ਨੇ, ਕਾਜ਼ੀ ਨੇ ਅੱਗ-ਬਬੂਲਾ ਹੋ ਕੇ ਆਖਿਆ, ਇਹਦੇ ਕੇਸ ਮੁੰਨ ਦੇਹ, ਜਿਹੜੀ ਸਿੱਖੀ ਦਾ ਮਾਨ ਕਰਦਾ ਹੈ ਨਾ, ਉਹ ਸਿੱਖੀ ਮਿੱਟੀ ਵਿਚ ਮਿਲਾ ਦੇ। ਔਰ ਜਿਸ ਵੇਲੇ ਕੇਸਾਂ ਦਾ ਸਵਾਲ ਆਇਆ ਨਾ ਭਾਈ ਸਾਹਿਬ ਦੇ ਨੇਤਰ ਖੁੱਲ੍ਹ ਗਏ ਤੇ ਕਹਿਣ ਲੱਗੇ, ਜਲਾਦ, ਕਾਜ਼ੀ ਸਾਹਿਬ ਜੀ! ਜੇ ਤਾਂ ਕੇਸ ਹੁੰਦੇ ਨਾ ਜ਼ਰਖਰੀਦ ਚੀਜ਼ ਤਾਂ ਸ਼ਾਇਦ ਕੱਟੇ ਜਾਂਦੇ। ਔਰ ਜੇ ਕੇਸ ਪਿਉ ਨੇ ਵਿਰਸੇ ਵਿਚ ਦਿੱਤੇ ਹੁੰਦੇ ਤਾਂ ਸ਼ਾਇਦ ਕੱਟੇ ਜਾਂਦੇ। ਜੇ ਕੇਸ ਮਾਂ ਨੇ ਪੈਦਾਇਸ਼ੀ ਤੌਰ ਤੇ ਦਿਤੇ ਹੁੰਦੇ ਤਾਂ ਸ਼ਾਇਦ ਕੱਟੇ ਜਾਂਦੇ। ਇਹ ਸੁਣ ਕੇ ਜਾਜ਼ੀ ਹੈਰਾਨੀ ਹੋ ਗਿਆ ਤੇ ਕਹਿਣ ਲੱਗਾ, ਜੇ ਤੈਨੂੰ ਕੇਸ ਪੈਦਾਇਸ਼ੀ ਤੌਰ ਤੇ ਨਹੀਂ ਮਿਲੇ ਹੋਏ, ਜੇ ਤੈਨੂੰ ਕੇਸ ਵਿਰਸੇ ਵਿਚ ਨਹੀਂ ਮਿਲੇ ਹੋਏ, ਜੇ ਤੇਰੇ ਕੇਸ ਜ਼ਰਖਰੀਦ ਨਹੀਂ ਤਾਂ ਫਿਰ ਤੈਨੂੰ ਇਹ ਕੇਸ ਮਿਲੇ ਕਿਸ ਤਰ੍ਹਾਂ? ਕਹਿਣ ਲੱਗੇ, ਉਹ ਤਾਂ ਇਕ ਫਿਲਾਸਫੀ ਹੈ ਜਿਹੜੀ ਤੇਰੀ ਸਮਝ ਵਿਚ ਨਾ ਆਈ! 'ਗੁਰੂ ਗੋਬਿੰਦ ਸਿੰਘ ਸਾਹਿਬ' ਸੱਚੇ ਪਾਤਸ਼ਾਹ ਨੇ ਆਨੰਦਪੁਰ ਦੀ ਪਹਾੜੀ ਉੱਤੇ ਇਕ ਕੌਤਕ ਰਚਿਆ ਕਾਜ਼ੀ! ਔਰ ਉਹ ਕੌਤਕ ਸੀ ਸੈਂਟੀਫਿਕ। 'ਗੁਰੂ ਗੋਬਿੰਦ ਸਿੰਘ' ਸਾਹਿਬ ਧਰਤੀ ਉੱਤੇ ਬੈਠ ਗਏ ਤੇ ਆਪਣਾ ਅੰਮ੍ਰਿਤ ਬਣਾਉਣ ਲੱਗੇ, ਪਰ ਪਹਿਲਾਂ ਆਪਣਾ ਅਰਥ ਕੀਤਾ ਧਰਤੀ ਤੇ ਫਿਰ ਖੱਬੇ ਹੱਥ ਦੇ ਪੰਜਾਂ ਪੋਟਿਆਂ ਨਾਲ ਬਾਟੇ ਦਾ ਕੰਡਾ ਫੜ ਲਿਆ ਤੇ ਸੱਜੇ ਹੱਥ ਵਿਚ ਫੜ ਲਿਆ ਖੰਡਾ ਔਰ ਅੰਮ੍ਰਿਤ ਉਨੀਂ ਚਿਰ ਤੱਕ ਨਹੀਂ ਬਣੇਗਾ ਜਿੰਨੀ ਦੇਰ ਤੱਕ ਬਾਣੀ ਪੜ੍ਹਨ ਵਾਲੇ ਨਹੀਂ ਆਉਣਗੇ, ਜਿੰਨੀ ਦੇਰ ਤੱਕ ਪੰਜ ਨਾ ਕਰਨ ਵਾਲੇ ਆਉਣਗੇ, ਓਨਾ ਚਿਰ ਨਹੀਂ ਬਣ ਸਕੇਗਾ ਖੰਡੇ ਦਾ ਅੰਮ੍ਰਿਤ ਜਲਾਦਾ, ਕਾਜ਼ੀਆ---

*"ਜੋ ਲੋਹੇ ਕੇ ਬਰਤਨ ਮੇਂ ਪਾਣੀ ਭਰੇ,*
*ਔਰ ਪਾਣੀ ਮੇਂ ਲੋਹੇ ਕਾ ਖੰਡਾ ਧਰੇ।*
*ਹਿਲਾਅ ਆਵੇ ਖੰਡਾ ਜੋ ਮੈਨੇ ਜ਼ਰਾ,*
*ਤੋ ਪਾਣੀ ਮੇਂ ਲੋਹੇ ਕਾ ਜ਼ੌਹਰ ਘੁਲਾ।*
*ਇਕ-ਇਕ ਲਹਿਰ ਤੂਫਾਨੇ ਮੇਂ ਸਰਬਦੋਸ਼,*
*ਜਬ ਉਨ ਕਤਰੋਂ ਪਰ ਡਾਲੀ ਮੈਨੇ ਨਜ਼ਰ,*

*ਤੋ ਦੇਖਾ ਸਿੰਜਾਇਤ ਕਾ ਅਸਰ।*
*ਉਸ ਅੰਮ੍ਰਿਤ ਸੇ ਇਕ ਬੂੰਦ ਚਿੜੀਓਂ ਨੇ ਪੀ।*
*ਪਕੜ ਲੀ ਜ਼ਬਾਨ ਉਸਨੇ ਸ਼ਾਹਿਬਾਜ਼ ਕੀ।*
*ਉਸ ਅੰਮ੍ਰਿਤ ਸੇ ਹੀ ਕ੍ਰਿਪਾਨ ਪੈਦਾ ਹੂਈ,*
*ਮੇਰੀ ਕੌਮ ਕੀ ਸ਼ਾਨ ਪੈਦਾ ਹੂਈ।*
*ਉਸ ਅੰਮ੍ਰਿਤ ਸੇ ਤਲਵਾਰ ਪੈਦਾ ਹੂਈ,*
*ਜਿਗਾਹੋਂ ਸ਼ਰਮਾਰ ਪੈਦਾ ਹੂਈਂ।*
*ਉਸ ਅੰਮ੍ਰਿਤ ਸੇ ਹੀ ਜ਼ਿੰਦਾ ਹੂਆ ਖਾਲਸਾ,*
*ਇਸੇ ਉਸ ਸੇ ਆਬੈ ਬਕਾਲੂਗੇ।*

'ਭਾਈ ਤਾਰੂ ਸਿੰਘ ਜੀ' ਕਹਿੰਦੇ, ਜਲਾਦਾ ਜਿਸ ਵੇਲੇ ਅੰਮ੍ਰਿਤ ਹੋ ਗਿਆ ਤਿਆਰ, ਕਾਜ਼ੀ ਇਸ ਵੇਲੇ ਅੰਮ੍ਰਿਤ ਹੋ ਗਿਆ ਤਿਆਰ, ਫਿਰ ਦਸਵੇ ਬਾਪੂ ਨੇ ਆਨੰਦਪੁਰ ਦੀ ਚੋਟੀ ਤੇ ਖੜੇ ਹੋ ਕੇ ਇਹ ਹੋਕਾ ਦਿੱਤਾ ਸੀ ਕਿ :-

*"ਮਿਲ ਪੀਵਹੁ ਭਾਈ ਅੰਮ੍ਰਿਤ ਦਾ ਪਿਆਲਾ,*
*ਮਿਲ ਪੀਵਹੁ ਭਾਈ---।*

ਅਰਥਾਤ ਸਾਨੂੰ ਇਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਦੇ ਵੀ ਮਨਮਤ ਨਹੀਂ ਕਰਨੀ ਚਾਹੀਦੀ। ਗੁਰੂ ਜੋ ਕਰਦਾ ਹੈ, ਉਸ ਨੂੰ ਕਰਨ ਦੇਣਾ ਚਾਹੀਦਾ ਹੈ। ਬਲਕਿ ਸਾਨੂੰ ਸਿਦਕ ਰੱਖਣਾ ਚਾਹੀਦਾ ਹੈ ਤੇ ਜਦੋਂ ਗੁਰੂ ਦੀ ਰਹਿਮਤ ਸਾਡੇ ਤੇ ਹੋਵੇਗੀ, ਜਦੋਂ ਗੁਰੂ ਦੀ ਬਖਸ਼ਿਸ਼ ਸਾਡੇ ਤੇ ਹੋਵੇਗੀ, ਉਦੋਂ ਗੁਰੂ ਸਾਨੂੰ ਆਪ ਹੀ ਉਹ ਸਭ ਦਾਤਾਂ ਦੇ ਦੇਵੇਗਾ, ਜਿਸ ਦੀ ਸਾਨੂੰ ਲੋੜ ਹੈ।

# ਕਥਾ ਵਾਚਕਾਂ ਲਈ ਪ੍ਰਸਿੱਧ ਪੁਸਤਕਾਂ

## ਗਿ. ਮਾਨ ਸਿੰਘ ਝੌਰ ਰਚਿਤ

1. ਨਾਮ ਖੁਮਾਰੀ 60-00
2. ਸਿੱਖ ਧਰਮ 60-00
3. ਈਸ਼ਵਰ ਭਗਤੀ 60-00
4. ਕਲਯੁਗ ਦਾ ਪ੍ਰਭਾਵ 60-00
5. ਸੱਚੀ ਕਿਰਤ 60-00
6. ਮਾਇਆ ਦਾ ਪ੍ਰਭਾਵ 60-00

## ਸੰਤਰੇਨ ਗਿਆਨੀ ਸੁਖਬੀਰ ਸਿੰਘ ਰਚਿਤ

1. ਕੁਦਰਤ ਦੀ ਕਲਾ (ਦੋ ਭਾਗ) 135-00
2. ਇਕ ਸੋ ਅੱਠ ਮਣਕੇ 100-00
3. ਗੁਰੂ ਦੀ ਕਲਾ 85-00
4. ਗੁਰਮਤਿ ਦੀ ਕਲਾ (ਪ੍ਰਸ਼ਨ-ਉੱਤਰ) 100-00
5. ਮਾਇਆ ਦੀ ਕਲਾ 100-00
6. ਮੌਤ ਦੀ ਕਲਾ 150-00
7. ਸ਼ਬਦ ਦੀ ਕਲਾ 150-00

## ਕਥਾ ਵਾਚਕਾਂ ਲਈ ਕੁਝ ਹੋਰ ਪੁਸਤਕਾਂ

1. ਗਿਆਨ ਅੰਜਨੁ ਗੁਰਿ ਦੀਆ 200-00
   *(ਗਿ. ਅਮਰੀਕ ਸਿੰਘ)*
2. ਕਥਾ ਉਪਦੇਸ਼ ਸਾਗਰ 200-00
   *(ਗਿ. ਭਗਤ ਸਿੰਘ)*
3. ਗੁਰਸ਼ਬਦ ਵੀਚਾਰ 50-00
   *(ਗੁਰਦਰਸ਼ਨ ਸਿੰਘ ਸੋਢੀ)*
4. ਸ੍ਰੀ ਗੁਰਮਤ ਸਾਖੀ ਪ੍ਰਮਾਣ 300-00
   *(ਗਿਆਨੀ ਜੋਧ ਸਿੰਘ ਜੀ)*
5. ਗੁਰ ਕਿਰਪਾ ਤੇ ਬੁਝੀਐ 80-00
   *(ਡਾ. ਗੁਰਚਰਨ ਸਿੰਘ ਸੇਕ)*
6. ਪ੍ਰਚਾਰਕ ਕਿਵੇਂ ਬਣੀਏ 80-00
   *(ਨਿਰਮਲ ਸਿੰਘ ਨੂਰ)*
7. ਪੰਜ ਪਿਆਰੇ 70-00
   *(ਡਾ. ਰਾਏਜਸਬੀਰ ਸਿੰਘ)*
8. ਤੇਰੀ ਓਟ ਪੂਰਨ ਗੋਪਾਲਾ 80-00
   *(ਗੁਰਦਰਸ਼ਨ ਸਿੰਘ ਸੋਢੀ)*
9. ਮੋਖਸ਼ ਮਾਰਗ *(ਸੇਵਾ ਸਿੰਘ)* 30-00
10. ਕੀਰਤਨ ਪ੍ਰਮਾਣ 200-00
   *(ਰਾਗੀ ਮੇਹਰ ਸਿੰਘ)*
12. ਦ੍ਰਿਸ਼ਟਾਂਤ ਸਾਗਰ 80-00
   *(ਭਗਤ ਰਾਮ ਦਿੱਤਾ ਜੀ)*
13. ਗੁਰਮੁਖ ਦਰਸ਼ਨ 250-00
   *(ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ)*
14. ਸਿੱਖ ਮੱਤ ਦਰਸ਼ਨ 80-00
   *(ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ)*
15. ਗੁਰਸਿੱਖੀ ਜੀਵਨ 160-00
   *(ਸੁਰਿੰਦਰਜੀਤ ਸਿੰਘ 'ਪਾਲ')*
16. ਮਨੁੱਖਤਾ ਦੇ ਉਸਰੱਈਏ 180-00
   *(ਸੰਤ ਪ੍ਰੀਤਮ ਸਿੰਘ)*
17. ਖਾਲਸਾ ਪ੍ਰਮਾਤਮ ਕੀ ਮੌਜ 60-00
   *(ਮਾਸਟਰ ਬਲਵਿੰਦਰ ਸਿੰਘ)*
18. ਗੁਰੂ ਤੇ ਗੁਰਬਾਣੀ 100-00
   *(ਸੁਰਿੰਦਰਜੀਤ ਸਿੰਘ ਪਾਲ)*

SIKHBOOKCLUB.COM

19. ਗੁਰਸਿੱਖਿਆ ਅਤੇ ਸਿੱਖੀ 120-00
(ਡਾ. ਗੁਰਚਰਨ ਸਿੰਘ ਜੀਰਾ)

20. ਸੰਸਾਰ ਤੋਂ ਨਿਰੰਕਾਰ ਤਕ 75-00
(ਗਿ: ਅਮਰੀਕ ਸਿੰਘ)

21. ਬੈਠਿ ਖਡੂਰੇ ਜੋਤਿ ਜਗਾਈ 100-00
(ਡਾ. ਗੁਰਚਰਨ ਸਿੰਘ ਜੀਰਾ)

22. ਗੁਰੂ ਕੇ ਸ਼ੇਰ 250-00
(ਡਾ. ਹਰਜਿੰਦਰ ਸਿੰਘ ਦਿਲਗੀਰ)

23. ਸਿੱਖ ਫਿਲਾਸਫ਼ੀ ਕੀ ਹੈ? 90-00
(ਡਾ. ਹਰਜਿੰਦਰ ਸਿੰਘ ਦਿਲਗੀਰ)

24. ਬਾਬਾ ਮਹਾਂ ਹਰਿਨਾਮ ਸਿੰਘ ਜੀ ਭੁਚੋ ਵਾਲਿਆਂ ਦਾ ਸੰਖੇਪ ਜੀਵਨ 150-00

25. ਬ੍ਰਹਮ ਗਿਆਨ
ਸ: ਚਰਨ ਸਿੰਘ PESI (Rets) 200-00

26. ਐਸੇ ਗੁਰ ਕਉ ਬਲਿ ਬਲਿ ਜਾਈਐ
ਭਗਵੰਤ ਸਿੰਘ ਦਲਾਵਰੀ 125-00

27. ਸਦੀ ਸ਼ਹੀਦੀਆਂ ਦੀ 100-00
ਐਸ. ਜੇ. ਐਸ. 'ਪਾਲ'

28. ਗੁਰੂ ਗੋਬਿੰਦ ਸਿੰਘ ਜੀ ਜੀਵਨ ਅਤੇ ਚਿੰਤਨ 100-00
(ਮਦਨਜੀਤ ਕੌਰ)

29. ਦਖਣੀ ਓਅੰਕਾਰ ਅਤੇ ਸਿਧ ਗੋਸਟਿ 70-00
(ਕ੍ਰਿਪਾਲ ਸਿੰਘ ਗਿਆਨੀ)

30 ਜੀਵਨ ਕਿਰਣਾਂ (ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ) 600-00

31. ਗੁਰੂ ਰਵਿਦਾਸ ਜੀਵਨ ਤੇ ਦਰਸ਼ਨ
(ਹਰਨਾਮ ਸਿੰਘ ਲਾਖਾ) 180-00

32. ਤੂੰ ਮੇਰਾ ਰਾਖਾ ਸਭਨੀ ਥਾਈਂ
(ਹਰਨਾਮ ਸਿੰਘ) 70-00

33. ਜਾਬਾਜ਼ ਰਾਖਾ (ਸੰਤ ਜਰਨੈਲ ਸਿੰਘ ਭਿੰਡਰਾਂਵਾਲੇ)
(ਏ.ਆਰ. ਦਰਸ਼ੀ) 120-00

34. ਬਾਵਨ ਅਖਰੀ
(ਗਿਆਨੀ ਕ੍ਰਿਪਾਲ ਸਿੰਘ) 50-00

35. ਬਾਰਹ ਮਾਹਾ ਮਾਂਝ ਤੇ ਤੁਖਾਰੀ ਅਨੰਦੁ ਸਾਹਿਬ
(ਗਿਆਨੀ ਕ੍ਰਿਪਾਲ ਸਿੰਘ) 70-00

36. ਕਥਾ ਸ਼ਾਂਤ ਸਾਗਰ ਅਰਥਾਤ ਸ੍ਰੀ ਸੁਖਮਨੀ ਸਾਹਿਬ ਸਟੀਕ
(ਗਿਆਨੀ ਕ੍ਰਿਪਾਲ ਸਿੰਘ) 150-00

SIKHBOOKCLUB.COM

ਪੁਸਤਕਾਂ ਮਿਲਣ ਦਾ ਪਤਾ

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ
ਫੋਨ : (0183) 542346, 547974, 557973
ਫੈਕਸ : 91-183-557973
E.mail: csjs@jla.vsnl.net.in
Web site : www.csjs.com